Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 271, ਮਿਤੀ : 27 ਸਤੰਬਰ ਤੋਂ 03 ਅਕਤੂਬਰ, 2024 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਡੌਨਲਡ ਟਰੰਪ: ਰੀਅਲ ਅਸਟੇਟ ਤੋਂ ਸਿਆਸਤ ਪਰ ਸਿਆਸੀ ਜੀਵਨ 'ਖ਼ਤਮ' ਹੋਣ ਬਾਅਦ ਕਿਵੇਂ ਹੋਈ ਵਾਪਸੀ

ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਲਗਾਤਾਰ ਤਿੰਨ ਵਾਰੀ ਆਪਣੀ ਦਾਅਵੇਦਾਰੀ ਪੇਸ਼ ਕਰਨ ਤੋਂ ਬਹੁਤ ਪਹਿਲਾਂ, ਡੌਨਾਲਡ ਟਰੰਪ ਅਮਰੀਕਾ ਦੇ ਸਭ ਤੋਂ ਵੱਡੇ ਅਰਬਪਤੀਆਂ ਵਿੱਚੋ ਇੱਕ ਸਨ।ਨਿਊ ਯਾਰਕ ਰੀਅਲ ਅਸਟੇਟ ਦੇ ਵੱਡੇ ਕਾਰੋਬਾਰੀ ਡੌਨਾਲਡ ਟਰੰਪ ਦੀ ਜ਼ਿੰਦਗੀ ਦਹਾਕਿਆਂ ਤੋਂ ਟੈਲੀਵਿਜ਼ਨ ਅਤੇ ਅਖਬਾਰਾਂ ਤੇ ਛਾਈ ਰਹੀ ਹੈ। ਇਹੋ ਪ੍ਰਸਿੱਧੀ ਟਰੰਪ ਨੂੰ ਉਨ੍ਹਾਂ ਵਲੋਂ 2015-16 ਚ ਵਾਈਟ ਹਾਊਸ ਲਈ ਉਹਨਾਂ ਦੀ ਪਹਿਲੀ ਦੌੜ ਤੱਕ ਲੈ ਕੇ ਗਈ ਸੀ।ਟਰੰਪ ਦੇ ਬੇਬਾਕ ਚੋਣ ਪ੍ਰਚਾਰ ਅਤੇ ਪ੍ਰਸਿੱਧੀ ਨੇ ਉਨ੍ਹਾਂ ਨੂੰ ਤਜਰਬੇਕਾਰ ਸਿਆਸਤਦਾਨਾਂ ਨੂੰ ਹਰਾਉਣ ਵਿੱਚ ਮਦਦ ਤਾਂ ਕੀਤੀ, ਪਰ ਵਿਵਾਦਾਂ ਨਾਲ ਭਰੇ ਕਾਰਜਕਾਲ ਤੋਂ ਬਾਅਦ ਉਨ੍ਹਾਂ ਨੂੰ ਰਾਸ਼ਟਰਪਤੀ ਦਾ ਅਹੁਦਾ ਖੁੰਝ ਗਿਆ।78 ਸਾਲਾ ਡੌਨਲਡ ਟਰੰਪ, ਹੁਣ ਇਕ ਵਾਰ ਫਿਰ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਵਜੋਂ ਸ਼ਾਨਦਾਰ ਸਿਆਸੀ ਵਾਪਸੀ ਦੀ ਉਮੀਦ ਕਰ ਰਹੇ ਹਨ। ਇੱਕ ਕੋਸ਼ਿਸ਼ ਜੋ ਉਨ੍ਹਾਂ ਨੂੰ ਮੁੜ ਰਾਸ਼ਟਰਪਤੀ ਬਣਾ ਸਕਦੀ ਹੈ।

**ਪਰਿਵਾਰਕ ਕਾਰੋਬਾਰ ਦੇ ਵਾਰਸ**

ਡੌਨਲਡ ਟਰੰਪ ਨਿਊਯਾਰਕ ਦੇ ਰੀਅਲ ਅਸਟੇਟ ਕਾਰੋਬਾਰੀ ਫਰੈਡ ਟਰੰਪ ਦੇ ਚੌਥੇ ਪੁੱਤਰ ਹਨ।ਪਰਿਵਾਰ ਦੀ ਦੌਲਤ ਦੇ ਬਾਵਜੂਦ, ਟਰੰਪ ਨੂੰ ਆਪਣੇ ਪਿਤਾ ਦੀ ਹੀ ਕੰਪਨੀ ਵਿੱਚ ਸਭ ਤੋਂ ਹੇਠਲੀਆਂ ਨੌਕਰੀਆਂ ਕਰਨ ਲਈ ਕਿਹਾ ਗਿਆ ਸੀ। ਸਕੂਲ ਵਿੱਚ ਕੀਤੇ ਦੁਰਵਿਹਾਰ ਦੀਆਂ ਸ਼ਿਕਾਇਤਾਂ ਦੇ ਚਲਦੇ 13 ਸਾਲ ਦੀ ਉਮਰ ਵਿੱਚ, ਉਹ ਮਿਲਟਰੀ ਅਕੈਡਮੀ ਵਿੱਚ ਭੇਜ ਦਿੱਤੇ ਗਏ।ਪੈਨਸਿਲਵੇਨੀਆ ਯੂਨੀਵਰਸਿਟੀ ਦੇ ਵਾਰਟਨ ਸਕੂਲ ਤੋਂ ਡਿਗਰੀ ਹਾਸਿਲ ਕਰਨ ਤੋਂ ਬਾਅਦ ਜਦੋਂ ਉਨ੍ਹਾਂ ਦੇ ਵੱਡੇ ਭਰਾ, ਫਰੈੱਡ ਨੇ ਪਾਇਲਟ ਬਣਨ ਦਾ ਫੈਸਲਾ ਲਿਆ ਤਾਂ ਟਰੰਪ ਆਪਣੇ ਪਿਤਾ ਦੇ ਕਾਰੋਬਾਰ ਦਾ ਵਾਰਸ ਬਣ ਗਏ।ਟਰੰਪ ਦੇ ਭਰਾ ਫਰੈੱਡ ਦੀ 43 ਸਾਲ ਦੀ ਉਮਰ ਵਿੱਚ ਸ਼ਰਾਬ ਪੀਣ ਕਾਰਨ ਮੌਤ ਹੋ ਗਈ। ਟਰੰਪ ਦਾ ਕਹਿਣਾ ਹੈ ਕਿ ਇਸ ਘਟਨਾ ਨੇ ਉਨ੍ਹਾਂ ਨੂੰ ਆਪਣੀ ਸਾਰੀ ਜ਼ਿੰਦਗੀ ਸ਼ਰਾਬ ਅਤੇ ਸਿਗਰਟ ਤੋਂ ਦੂਰ ਰੱਖਿਆ।ਟਰੰਪ ਦਾ ਕਹਿਣਾ ਹੈ ਕਿ ਆਪਣੇ ਪਿਤਾ ਦੀ ਕੰਪਨੀ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, ਉਨ੍ਹਾਂ ਨੇ ਆਪਣੇ ਪਿਤਾ ਤੋਂ 10 ਲੱਖ ਡਾਲਰ ਦਾ ÷ਛੋਟਾ÷ ਜਿਹਾ ਕਰਜ਼ਾ ਲੈ ਕੇ ਰੀਅਲ ਅਸਟੇਟ ਦੇ ਕਾਰੋਬਾਰ ਚ ਆਏ ਸਨ।ਉਨ੍ਹਾਂ ਨੇ ਆਪਣੇ ਪਿਤਾ ਦੇ ਨਿਊ ਯਾਰਕ ਸਿਟੀ ਬਰੋਜ਼ ਵਿੱਚ ਰਿਹਾਇਸ਼ੀ ਹਾਊਸਿੰਗ ਪ੍ਰੋਜੈਕਟਾਂ ਦੇ ਵਿਆਪਕ ਪੋਰਟਫੋਲੀਓ ਦੇ ਪ੍ਰਬੰਧਨ ਕਰਨ ਵਿੱਚ ਹੱਥ ਵਟਾਇਆ ਅਤੇ 1971 ਵਿੱਚ ਪੂਰੀ ਕੰਪਨੀ ਸਾਂਭ ਲਈ। ਟਰੰਪ ਨੇ ਪਿਤਾ ਦੀ ਕੰਪਨੀ ਦਾ ਨਾਮ ਬਦਲ ਕੇ ਟਰੰਪ ਆਰਗੇਨਾਈਜ਼ੇਸ਼ਨ ਰੱਖਿਆ।ਸਾਲ 1999 ਟਰੰਪ ਦੇ ਪਿਤਾ ਗੁਜ਼ਰ ਗਏ - ਜਿਨ੍ਹਾਂ ਦਾ ਵਰਨਣ ਟਰੰਪ @ਮੇਰੀ ਪ੍ਰੇਰਨਾ@ ਵਜੋਂ ਕਰਦੇ ਹਨ।

**ਟਰੰਪ ਦੇ ਵਿਆਹ ਤੇ ਪਰਿਵਾਰ**

ਟਰੰਪ ਦੀ ਨਿੱਜੀ ਜ਼ਿੰਦਗੀ ਨੇ ਵਾਧੂ ਸੁਰਖੀਆਂ ਬਟੋਰੀਆਂ ਹਨ।ਉਨ੍ਹਾਂ ਦੀ ਪਹਿਲੀ ਤੇ ਸ਼ਾਇਦ ਸਭ ਤੋਂ ਮਸ਼ਹੂਰ ਪਤਨੀ ਇਵਾਨਾ



ਜ਼ੇਲਨੀਕੋਵਾ ਸਨ। ਜੋ ਕਿ ਇੱਕ ਚੈਕ ਖਿਡਾਰੀ ਅਤੇ ਮਾਡਲ ਸੀ। ਇਨ੍ਹਾਂ ਦੇ ਤਿੰਨ ਬੱਚੇ- ਡੌਨਲਡ ਜੂਨੀਅਰ, ਇਵਾਂਗਾ ਅਤੇ ਐਰਿਕ ਹਨ। ਜੋੜੇ ਦਾ 1990 ਵਿੱਚ ਤਲਾਕ ਹੋ ਗਿਆ ਸੀ।ਉਨ੍ਹਾਂ ਦੀ ਅਦਾਲਤੀ ਲੜਾਈ, ਅਖ਼ਬਰੀ ਗੱਪ-ਸ਼ਪ ਦਾ ਹਿੱਸਾ ਰਹੀ। ਇਵਾਨਾ ਵੱਲੋਂ ਟਰੰਪ ਉੱਤੇ ਲਾਏ ਗਏ ਘਰੇਲੂ ਸ਼ੋਸ਼ਣ ਦੇ ਇਲਜ਼ਾਮ— ਜਿਨ੍ਹਾਂ ਬਾਰੇ ਬਾਅਦ ਵਿੱਚ ਉਨ੍ਹਾਂ ਨੇ ਕੁਝ ਨਰਮੀ ਵੀ ਵਰਤੀ - ਟਰੰਪ ਉੱਤੇ ਬਣ ਰਹੀ ਨਵੀਂ ਫਿਲਮ ਦਾ ਵਿਸ਼ਾ-ਸਮੱਗਰੀ ਹਨ।ਫਿਰ ਟਰੰਪ ਨੇ ਮਾਰਲਾ ਮੈਪਲਸ ਨਾਲ 1993 ਵਿੱਚ ਵਿਆਹ ਕਰਵਾਇਆ। ਇਸ ਵਿਆਹ ਤੋਂ ਦੋ ਮਹੀਨੇ ਪਹਿਲਾਂ ਹੀ ਦੋਵਾਂ ਦੀ ਇੱਕਲੌਤੀ ਸੰਤਾਨ ਟਿਫਨੀ ਦਾ ਜਨਮ ਹੋਇਆ ਸੀ। ਸਾਲ 1999 ਵਿੱਚ ਦੋਵੇਂ ਵੱਖ ਹੋ ਗਏ।ਟਰੰਪ ਦੀ ਮੌਜੂਦਾ ਪਤਨੀ ਸੋਲਵੇਨੀਅਨ ਮਾਡਲ ਮੇਲੇਨੀਆ ਕਨਾਊਸ ਹਨ। ਦੋਵਾਂ ਦਾ 2005 ਵਿੱਚ ਵਿਆਹ ਹੋਇਆ ਅਤੇ ਇੱਕ ਬੇਟਾ ਬੈਰੌਨ ਵਿਲੀਅਮ ਟਰੰਪ ਹੈ ਜੋ ਹਾਲ ਹੀ ਵਿੱਚ 18 ਸਾਲ ਦਾ ਹੋਇਆ ਹੈ।ਟਰੰਪ ਉੱਤੇ ਵਿਆਹ ਤੋਂ ਬਾਹਰੇ ਰਿਸ਼ਤਿਆਂ ਅਤੇ ਦੁਰਾਚਾਰ ਦੇ ਇਲਜ਼ਾਮ ਅਕਸਰ ਲਗਦੇ ਰਹਿੰਦੇ ਹਨ।ਇਸੇ ਸਾਲ ਦੋ ਵੱਖ-ਵੱਖ ਅਦਾਲਤਾਂ ਨੇ ਕਿਹਾ ਕਿ ਟਰੰਪ ਨੇ ਲੇਖਕ ਈ ਜੀਆਨ ਕੈਰੋਲ ਵੱਲੋਂ ਲਾਏ ਗਏ ਜਿਣਸੀ ਹਮਲੇ ਦੇ ਇਲਜ਼ਾਮਾਂ ਤੋਂ ਮੁੱਕਰ ਕੇ ਉਨ੍ਹਾਂ ਬਦਨਾਮੀ ਕੀਤੀ ਹੈ। ਅਦਾਲਤ ਨੇ ਮੁਆਵਜ਼ੇ ਵਜੋਂ ਜੀਆਨ ਨੂੰ 88 ਮਿਲੀਅਨ ਡਾਲਰ ਦੇਣ ਦਾ ਹੁਕਮ ਦਿੱਤੇ ਹਨ।ਟਰੰਪ ਨੂੰ ਕਾਰੋਬਾਰੀ ਰਿਕਾਰਡ ਵਿੱਚ ਹੇਰਾਫੇਰੀ ਕਰਨ ਦੇ 34 ਮਾਮਲਿਆਂ ਵਿੱਚ ਵੀ ਮੁਲਜ਼ਮ ਕਰਾਰ ਦਿੱਤਾ ਗਿਆ ਹੈ। ਇਹ ਹੇਰਾਫੇਰੀ ਬਾਲਗ ਫਿਲਮ ਅਦਾਕਾਰਾ ਸਟੋਰਮੀ ਡੇਨੀਅਲਸ ਨੂੰ ਉਨ੍ਹਾਂ ਦੇ 2006 ਵਿੱਚ ਬਣੇ ਵਿਆਹੋਂ ਬਾਹਰੇ ਰਿਸ਼ਤੇ ਬਾਰੇ ਚੁੱਪ ਰਹਿਣ ਲਈ ਦਿੱਤੇ ਗਏ ਪੈਸਿਆਂ ਉੱਤੇ ਪਰਦਾ ਪਾਉਣ ਲਈ ਕੀਤੀ ਗਈ ਸੀ।

**ਰਾਸ਼ਟਰਪਤੀ ਲਈ ਉਮੀਦਵਾਰੀ**

ਸਾਲ 1980 ਦੀ ਇੱਕ ਇੰਟਰਵਿਊ ਵਿੱਚ ਟਰੰਪ ਨੇ ਸਿਆਸਤ ਨੂੰ ਇੱਕ ਨਿਹਾਇਤ ਹੀ ਮਤਲਬੀ ਜੀਵਨ ਦੱਸਦਿਆਂ ਕਿਹਾ ਸੀ ਕਿ ਸਭ ਤੋਂ ਯੋਗ ਵਿਅਕਤੀ ਕਾਰਬੋਰ ਦੀ ਚੋਣ ਕਰਦੇ ਹਨ। ਉਸ ਸਮੇਂ ਟਰੰਪ 34 ਸਾਲ ਦੇ ਸਨ।ਹਾਲਾਂਕਿ 1987 ਤੱਕ ਉਨ੍ਹਾਂ ਨੇ ਰਾਸ਼ਟਰਪਤੀ ਬਣਨ ਦੀ ਰੇਸ ਦੇ ਪਾਣੀਆਂ ਵਿੱਚ ਪੈਰ ਪਾਉਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੇ ਪਹਿਲਾਂ ਸਾਲ 2000 ਦੀਆਂ ਚੋਣਾਂ ਦੌਰਾਨ ਰਿਫਾਰਮ ਪਾਰਟੀ ਵੱਲੋਂ ਅਤੇ ਫਿਰ 2012 ਵਿੱਚ ਰਿਪਬਲੀਕਨ ਪਾਰਟੀ ਵੱਲੋਂ ਦਾਅਵੇਦਾਰੀ ਕੀਤੀ।ਅਮਰੀਕਾ ਵਿੱਚ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਅਮਰੀਕਾ ਵਿੱਚ ਪੈਦਾ ਹੋਣ ਬਾਰੇ ਇੱਕ ਸਾਜਿਸ਼ੀ ਸਿਧਾਂਤ ਪ੍ਰਚਲਿਤ ਹੈ, ਜਿਸ ਨੂੰ ਬਰਥਰੀਸਮ ਕਿਹਾ ਜਾਂਦਾ ਹੈ। ਟਰੰਪ ਇਸ ਦੀ ਖੁੱਲ੍ਹ ਕੇ ਹਮਾਇਤ ਕਰਦੇ ਰਹੇ ਹਨ। ਹਾਲਾਂਕਿ ਇਹ ਸਿਧਾਂਤ 2016 ਵਿੱਚ ਝੂਠਾ ਸਾਬਤ ਹੋ ਗਿਆ ਸੀ ਪਰ ਟਰੰਪ ਨੇ ਕਦੇ ਇਸ ਲਈ ਮਾਫ਼ੀ ਨਹੀਂ ਮੰਗੀ।ਜੂਨ 2025 ਵਿੱਚ ਟਰੰਪ ਨੇ ਵ੍ਹਾਈਟ ਹਾਊਸ ਲਈ ਆਪਣੀ ਰਸਮੀ ਦਾਅਵੇਦਾਰੀ ਪੇਸ਼ ਕੀਤੀ। ਉਨ੍ਹਾਂ ਨੇ ਕਿਹਾ ਕਿ ਅਮਰੀਕੀ ਸੁਫ਼ਨਾ ਮਰ ਚੁੱਕਿਆ ਹੈ ਪਰ ਉਹ ਇਸ ਨੂੰ ਮੁੜ ਸੁਰਜੀਤ ਕਰਨਗੇ।ਉਨ੍ਹਾਂ ਨੇ ਆਪਣੀ ਸੰਪਤੀ ਅਤੇ ਦੌਲਤ ਦਾ ਲਗਾਤਾਰ ਮੁਜ਼ਾਹਰਾ ਕੀਤਾ। ਮੈਕਸੀਕੋ ਉੱਤੇ ਨਸ਼ੇ, ਅਪਰਾਧ ਅਤੇ ਬਲਾਤਕਾਰੀ ਅਮਰੀਕਾ ਘੱਲਣ ਦਾ ਇਲਜ਼ਾਮ ਲਾਇਆ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਦੇ ਮੈਕਸੀਕੋ ਨਾਲ ਲਗਦੇ ਬਾਰਡਰ ਉੱਤੇ ਉਹ ਜੋ ਕੰਧ ਬਣਾ ਰਹੇ ਹਨ, ਉਸ ਲਈ ਪੈਸੇ ਦੀ ਭਰਪਾਈ ਉਹ ਮੈਕਸੀਕੋ ਤੋਂ ਕਰਵਾਉਣਗੇ।ਉਨ੍ਹਾਂ ਦੀਆਂ ਨੀਤੀਆਂ ਅਤੇ ਬਿਆਨਾਂ ਕਾਰਨ ਉਨ੍ਹਾਂ ਦੇ ਪ੍ਰਸ਼ੰਸਕ ਅਤੇ ਵਿਰੋਧੀ ਇੱਕੋ ਮਿਕਦਾਰ ਵਿੱਚ ਹਨ।ਅਮਰੀਕਾ ਨੂੰ ਮੁੜ ਮਹਾਨ ਬਣਾਉਣ ਦੇ ਨਾਅਰੇ ਨਾਲ ਉਨ੍ਹਾਂ ਨੇ ਰਿਪਬਲੀਕਨ ਪਾਰਟੀ ਵਿੱਚ ਆਪਣੇ ਵਿਰੋਧੀਆਂ ਨੂੰ ਸੌਖਿਆਂ ਹੀ ਖੂੰਜੇ ਲਾ ਦਿੱਤਾ ਅਤੇ ਡੈਮੋਕ੍ਰੇਟ ਹਿਲੇਰੀ ਕਲਿੰਟਨ ਨੂੰ ਮੁਕਾਬਲਾ ਦਿੱਤਾ।ਇਲਜ਼ਾਮ ਤਰਾਸ਼ੀਆਂ ਦੇ ਬਾਵਜੂਦ ਟਰੰਪ ਚੋਣਾਂ ਜਿੱਤ ਗਏ। ਆਖਰ ਇੱਕ ਸੀਨੀਅਰ ਵਿਰੋਧੀ ਨੂੰ ਪਛਾੜ ਦੇ ਹੋਏ ਉਨ੍ਹਾਂ ਨੇ 20 ਜਨਵਰੀ 2017 ਨੂੰ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ।

**ਰਾਸ਼ਟਰਪਤੀ ਵਜੋਂ ਕਾਰਜਕਾਲ**

ਅਹੁਦਾ ਸੰਭਾਲਣ ਤੋਂ ਕੁਝ ਘੰਟਿਆਂ ਦੇ ਅੰਦਰ ਹੀ ਉਹ ਆਪਣੇ ਬਿਆਨਾਂ ਕਰਾਨ ਚਰਚਾ ਵਿੱਚ ਆ ਗਏ। ਉਹ ਟਵਿੱਟਰ ਉੱਤੇ ਹੀ ਰਸਮੀ ਐਲਾਨ ਕਰਦੇ ਅਤੇ ਵਿਦੇਸ਼ੀ ਆਗੂਆਂ ਨਾਲ ਬਹਿਸਣ ਲਗਦੇ ਸਨ।ਉਨ੍ਹਾਂ ਨੇ ਬਦਲ ਰਹੇਆਲਮੀ ਵਾਤਵਰਣ ਬਾਰੇ ਕੌਮਾਂਤਰੀ ਸਮਝੌਤਿਆਂ ਤੋਂ ਅਮਰੀਕਾ ਨੂੰ ਬਾਹਰ ਖਿੱਚਿਆ। ਸੱਤ ਮੁਸਲਿਮ ਬਹੁ ਗਿਣਤੀ ਮੁਲਕਾਂ ਤੋਂ ਲੋਕਾਂ ਦੇ ਅਮਰੀਕਾ ਆਉਣ ਉੱਤੇ ਰੋਕ ਲਗਾ ਦਿੱਤੀ। ਚੀਨ ਨਾਲ ਟਰੇਡ ਵਾਰ ਸ਼ੁਰੂ ਕੀਤੀ। ਮੱਧ ਪੂਰਬ ਦੇ ਦੇਸਾਂ ਨਾਲ ਅਮਰੀਕਾ ਦੇ ਰਿਸ਼ਤਿਆਂ ਨੂੰ ਨਵਾਂ ਮੁਹਾਂਦਰਾ ਦਿੱਤਾ।ਲਗਭਗ ਦੋ ਸਾਲਾਂ ਤੱਕ, ਇੱਕ ਵਿਸ਼ੇਸ਼ ਕਾਊਂਸਲ ਨੇ ਟਰੰਪ ਦੀਆਂ 2016 ਦੀਆਂ ਚੋਣਾਂ ਅਤੇ ਰੂਸ ਦੇ ਰਿਸ਼ਤਿਆਂ ਦੀ ਜਾਂਚ ਕੀਤੀ

## ਟਰੰਪ ਆਪਣੇ ਆਪ ਵਿੱਚ ਇੱਕ ਬਰਾਂਡ ਹੈ

ਟਰੰਪ ਦੇ ਅਧੀਨ, ਪਰਿਵਾਰਕ ਕਾਰੋਬਾਰ ਬਰੁਕਲਿਨ ਅਤੇ ਕਵੀਂਸ ਵਿੱਚ ਰਿਹਾਇਸ਼ੀ ਯੂਨਿਟਾਂ ਤੋਂ ਮੈਨਹਟਨ ਪ੍ਰੋਜੈਕਟਾਂ ਵੱਲ ਵੱਧ ਗਿਆ।ਮਸ਼ਹੂਰ ਫਿਫਥ ਐਵੇਨਿਊ ਵਿੱਚ ਟਰੰਪ ਟਾਵਰ, ਡੋਨਲਡ ਦੀ ਸਭ ਤੋਂ ਮਸ਼ਹੂਰ ਜਾਇਦਾਦ ਅਤੇ ਕਈ ਸਾਲਾਂ ਲਈ ਉਨ੍ਹਾਂ ਦਾ ਘਰ ਬਣ ਗਿਆ। ਇੱਕ ਵੇਲਾ ਵਿਹਾ ਚੁੱਕੇ ਕਮੋਡੋਰ ਹੋਟਲ ਨੂੰ ਕਾਇਆ ਕਲਪ ਕਰਕੇ ਗ੍ਰੈਂਡ ਹਯਾਤ ਵਿੱਚ ਬਦਲ ਦਿੱਤਾ ਗਿਆ।ਟਰੰਪ ਦੇ ਬਰਾਂਡ ਨਾਮ ਵਾਲੀਆਂ ਜਾਇਦਾਦਾਂ ਅਟਲਾਂਟਿਕ ਸਿਟੀ, ਸ਼ਿਕਾਗੋ ਲਾਸ ਵੇਗਾਸ ਤੋਂ ਭਾਰਤ, ਤੁਰਕੀ ਅਤੇ ਫਿਲੀਪੀਨਜ਼ ਤੱਕ ਟਰੰਪ ਤੱਕ ਫੈਲੀਆਂ ਹੋਈਆਂ ਹਨ। ਜਿਨ੍ਹਾਂ ਵਿੱਚ— ਜੂਆ ਘਰ, ਕੰਡੋਮੀਨੀਅਮ, ਗੋਲਫ ਕੋਰਸ ਅਤੇ ਹੋਟਲ ਆਦਿ ਸ਼ਾਮਲ ਹਨ।ਉਨ੍ਹਾਂ ਦੇ ਸਟਾਰਡਮ ਦਾ ਉਭਾਰ ਮਨੋਰੰਜਨ ਜਗਤ ਵਿੱਚ- ਪਹਿਲਾਂ ਮਿਸ ਯੂਨੀਵਰਸ, ਮਿਸ ਯੂਐਸਏ, ਅਤੇ ਮਿਸ ਟੀਨ ਯੂਐਸਏ ਬਿਊਟੀ ਪੇਜੈਂਟਸ ਦੇ ਮਾਲਕ, ਫਿਰ ਐਨਬੀਸੀ ਰਿਐਲਿਟੀ ਸ਼ੋਅ ਦਿ ਅਪ੍ਰੈਂਟਿਸ ਦੇ ਨਿਰਮਾਤਾ-ਮੇਜ਼ਬਾਨ ਵਜੋਂ ਜਾਰੀ ਰਿਹਾ।ਦਿ ਅਪ੍ਰੈਂਟਿਸ ਸ਼ੋਅ ਦੇ 14 ਸੀਜ਼ਨਾਂ ਦੌਰਾਨ ਪ੍ਰਤੀਯੋਗੀਆਂ ਨੇ ਉਨ੍ਹਾਂ ਦੇ ਵਪਾਰਕ ਸਾਮਰਾਜ ਵਿੱਚ ਪ੍ਰਬੰਧਨ ਇਕਰਾਰਨਾਮੇ ਲਈ ਮੁਕਾਬਲਾ ਕੀਤਾ ਅਤੇ ਇਸੇ ਸ਼ੋਅ ਚ ਟਰੰਪ ਦੀ ਇੱਕ ਅੱਲ੍ਹ ਯੂ ਆਰ ਫਾਇਰਡ÷ ਨੇ ਉਨ੍ਹਾਂ ਨੂੰ ਇੱਕ ਘਰ-ਘਰ ਵਿੱਚ ਮਸ਼ਹੂਰ ਕਰ ਦਿੱਤਾ।ਟਰੰਪ ਨੇ ਕਈ ਕਿਤਾਬਾਂ ਲਿਖੀਆਂ ਹਨ, ਕਈ ਫਿਲਮਾਂ ਅਤੇ ਪ੍ਰੋ-ਰੈਸਲਿੰਗ ਪ੍ਰੋਗਰਾਮਿੰਗ ਵਿੱਚ ਦਿਖਾਈ ਦਿੱਤੇ ਹਨ। ਇਸ ਦੌਰਾਨ ਉਨ੍ਹਾਂ ਨੇ ਪੀਣ ਵਾਲੇ ਪਦਾਰਥਾਂ ਤੋਂ ਲੈ ਕੇ ਨੈਕਟਾਈਜ਼ ਤੱਕ ਸਭ ਕੁਝ ਵੇਚਿਆ ਹੈ। ਪਰ ਹਾਲ ਹੀ ਦੇ ਸਾਲਾਂ ਵਿੱਚ ਉਸਦੀ ਕੁੱਲ ਸੰਪਤੀ ਵਿੱਚ ਗਿਰਾਵਟ ਆਈ ਹੈ, ਫੋਰਬਸ ਦੇ ਅੰਦਾਜ਼ੇ ਵਿੱਚ ਉਹ ਇਸ ਸਮੇਂ ਲਗਭਗ ਚਾਰ ਬਿਲੀਅਨ ਡਾਲਰ ਦੇ ਮਾਲਕ ਹਨ।ਟਰੰਪ ਨੇ ਛੇ ਵੱਖ-ਵੱਖ ਮੌਕਿਆਂ @ਤੇ ਕਾਰੋਬਾਰੀ ਦਿਵਾਲੀਆਪਣ ਲਈ ਵੀ ਅਰਜ਼ੀਆਂ ਦਿੱਤੀਆਂ, ਅਤੇ ਉਨ੍ਹਾਂ ਦੇ ਕਈ ਉੱਦਮ - ਟਰੰਪ ਸਟੀਕਸ ਅਤੇ ਟਰੰਪ ਯੂਨੀਵਰਸਿਟੀ ਸਮੇਤ - ਨਾਕਾਮਯਾਬ ਰਹੇ ਹਨ।ਇਲਜ਼ਾਮ ਹੈ ਕਿ ਉਨ੍ਹਾਂ ਨੇ ਆਪਣੀ ਟੈਕਸ ਜਾਣਕਾਰੀ ਨੂੰ ਜਾਂਚ ਤੋਂ ਵੀ ਲਕੋਇਆ ਹੈ ਅਤੇ ਨਿਊਯਾਰਕ ਟਾਈਮਜ਼ ਦੀ 2020 ਵਿੱਚ ਛਪੀ ਇੱਕ ਰਿਪੋਰਟ ਮੁਤਾਬਕ ਉਨ੍ਹਾਂ ਨੇ ਕਈ ਸਾਲਾਂ ਦੇ ਆਮਦਨ ਕਰ ਅਤੇ ਖਾਸੇ ਵਿੱਤੀ ਨੁਕਸਾਨ ਨੂੰ ਵੀ ਲੁਕਾਇਆ ਹੈ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 271

Website: www.preetnama.com Email preetnamausa@gmail.com

27 SEPT TO 03 OCT , 2024




# ਗੁਰਦਾਸ ਮਾਨ ਦਾ ਮਾਫ਼ੀਨਾਮਾ

## ਕਿਉਂ ਮੁੜ-ਮੁੜ ਉੱਠ ਰਿਹਾ ਵਿਵਾਦ, ਦੁਬਾਰਾ ਕਿਉਂ ਮੰਗੀ ਮਾਫ਼ੀ

ਪੰਜਾਬੀ ਗਾਇਕੀ ਵਿੱਚ ਬੇਮਿਸਾਲ ਮੁਕਾਮ ਅਤੇ ਸਤਿਕਾਰ ਹਾਸਿਲ ਕਰਨ ਵਾਲੇ ਗੁਰਦਾਸ ਮਾਨ ਪਿਛਲੇ ਚਾਰ-ਪੰਜ ਸਾਲਾਂ ਤੋਂ ਖੁੱਲ੍ਹ ਕੇ ਲੋਕਾਂ ਦੇ ਰੂਬਰੂ ਹੁੰਦੇ ਮਹਿਸੂਸ ਨਹੀਂ ਹੋ ਰਹੇ ਸੀ ਅਤੇ ਜਾਪ ਰਿਹਾ ਸੀ ਕਿ ਇਨ੍ਹਾਂ ਸਾਲਾਂ ਵਿੱਚ ਖ਼ੁਦ ਨਾਲ ਜੁੜੇ ਵਿਵਾਦਾਂ ਤੋਂ ਬਾਹਰ ਨਹੀਂ ਆ ਪਾ ਰਹੇ ਹਨ। ਹੁਣ ਆਪਣੇ ਅਮਰੀਕਾ ਦੌਰੇ ਤੋਂ ਪਹਿਲਾਂ ਗੁਰਦਾਸ ਮਾਨ ਨੇ ਸਾਰੇ ਵਿਵਾਦਾਂ 'ਤੇ ਮਾਫ਼ੀ ਮੰਗਦਿਆਂ ਖ਼ੁਦ ਨੂੰ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਹੈ।ਦੱਸ ਦੇਈਏ ਕਿ ਉਨ੍ਹਾਂ ਦੇ ਅਕਤੂਬਰ ਵਿੱਚ ਹੋਣ ਜਾ ਰਹੇ ਅਮਰੀਕਾ ਦੌਰੇ ਦਾ ਉੱਥੋਂ ਦੇ ਕੁਝ ਲੋਕਾਂ ਵੱਲੋਂ ਵਿਰੋਧ ਕੀਤੇ ਜਾਣ ਦੀਆਂ ਖ਼ਬਰਾਂ ਵੀ ਸਾਹਮਣੇ ਆਈਆਂ ਸੀ।ਪਿਛਲੇ ਵੀਰਵਾਰ ਇੱਕ ਅਮਰੀਕੀ ਪੰਜਾਬੀ ਚੈਨਲ ਨਾਲ ਹੋਈ ਗੁਰਦਾਸ ਮਾਨ ਦੀ ਇੰਟਰਵਿਊ ਵਾਇਰਲ ਹੋ ਰਹੀ ਹੈ, ਜਿਸ ਵਿੱਚ ਉਨ੍ਹਾਂ ਨੇ ਨਮ ਅੱਖਾਂ ਨਾਲ ਤੇ ਹੱਥ ਜੋੜ ਕੇ ਮਾਫ਼ੀ ਮੰਗੀ ਹੈ।ਇਸ ਤੋਂ ਬਾਅਦ ਐਤਵਾਰ ਨੂੰ ਉਨ੍ਹਾਂ ਨੇ ਚੰਡੀਗੜ੍ਹ ਵਿੱਚ ਪ੍ਰੈੱਸ ਕਾਨਫਰੰਸ ਵੀ ਕੀਤੀ, ਜਿਸ ਦੌਰਾਨ ਦੁਬਾਰਾ ਮਾਫ਼ੀ ਵੀ ਮੰਗੀ ਅਤੇ ਸਪਸ਼ਟੀਕਰਨ ਵੀ ਦਿੱਤਾ।



**ਨਮ ਅੱਖਾਂ ਨਾਲ 'ਮਾਫ਼ੀਨਾਮਾ'**

ਗੁਰਦਾਸ ਮਾਨ ਤੋਂ ਪਿਛਲੇ ਸਮੇਂ ਵਿੱਚ ਉਨ੍ਹਾਂ ਨਾਲ ਜੁੜੇ ਸਾਰੇ ਵਿਵਾਦਾਂ ਬਾਰੇ ਪੁੱਛਿਆ ਗਿਆ ਜਿਨ੍ਹਾਂ ਵਿੱਚ ਗੁਰੂ ਰਾਮਦਾਸ ਜੀ ਦੀ ਤੌਹੀਨ ਕਰਨ ਦਾ ਇਲਜ਼ਾਮ, ਪੰਜਾਬੀ ਅਤੇ ਹਿੰਦੀ ਬੋਲੀ ਬਾਰੇ ਉਨ੍ਹਾਂ ਦਾ ਬਿਆਨ ਅਤੇ ਵੈਨਕੂਵਰ ਦੇ ਇੱਕ ਸ਼ੋਅ ਦੌਰਾਨ ਸਟੇਜ ਤੋਂ ਅਪਸ਼ਬਦ ਬੋਲੇ ਜਾਣ ਦੀ ਘਟਨਾ ਸ਼ਾਮਲ ਸੀ।ਜਿਸ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ, ਜਿਹੜੇ ਇਲਜ਼ਾਮ ਮੇਰੇ 'ਤੇ ਲੱਗੇ, ਕਿ ਮੈਂ ਬਾਬਿਆਂ ਦੇ ਡੇਰੇ 'ਤੇ ਗੁਰੂ ਮਹਾਰਾਜ ਦੀ ਤੌਹੀਨ ਕੀਤੀ, ਸਟੇਜ 'ਤੇ ਮੇਰੇ ਲਈ ਮੁਰਦਾਬਾਦ ਬੁਲਾ ਰਹੇ ਲੋਕਾਂ ਨੂੰ ਮੈਥੋਂ ਕੁਝ ਬੋਲਿਆ ਗਿਆ, ਪੰਜਾਬੀ ਜ਼ੁਬਾਨ ਬਾਰੇ ਮੈਂ ਕੁਝ ਹੋਰ ਕਹਿਣਾ ਚਾਹੁੰਦਾ ਸੀ, ਸਮਝਿਆ ਕੁਝ ਹੋਰ ਗਿਆ।ਇਹ ਸਭ ਕੁਝ, ਜਿਸ ਦਾ ਵੀ ਮੇਰੇ ਕੋਲ਼ੋਂ ਦਿਲ ਦੁਖਿਆ ਹੋਵੇ, ਮੇਰੀ ਜ਼ੁਬਾਨ ਵਿੱਚੋਂ ਨਿਕਲੇ ਕਿਸੇ ਬੋਲ ਨਾਲ ਕਿਸੇ ਦੀ ਰੂਹ ਨੂੰ ਠੇਸ ਪਹੁੰਚੀ ਹੋਵੇ, ਤਕਲੀਫ਼ ਹੋਈ ਹੋਵੇ ਤਾਂ ਮੈਂ ਉਨ੍ਹਾਂ ਸਾਰਿਆਂ ਤੋਂ ਮਾਫ਼ੀ ਦਾ ਯਾਚਕ ਹਾਂ। ਇਹ ਬੋਲਦਿਆਂ ਗੁਰਦਾਸ ਮਾਨ ਹੁਰਾਂ ਦੀਆਂ ਅੱਖਾਂ ਵੀ ਨਮ ਹੋਈਆਂ। ਉਨ੍ਹਾਂ ਕਿਹਾ ਕਿ ਉਹ ਮਹਿਸੂਸ ਕਰਦੇ ਸੀ ਕਿ ਪੰਜਾਬੀ ਹੁਣ ਇਹ ਗੱਲਾਂ ਭੁੱਲ ਗਏ ਹੋਣਗੇ ਕਿਉਂਕਿ ਪੰਜਾਬੀਆਂ ਦੇ ਦਿਲ ਬਹੁਤ ਵੱਡੇ ਹਨ ਪਰ ਇੱਕ ਗੱਲ 'ਤੇ ਹੀ ਅੜੇ ਬੈਠਣ ਦੀ ਜ਼ਿੱਦ ਕਿਸੇ ਲਈ ਚੰਗੀ ਨਹੀਂ ਹੁੰਦੀ।ਉਨ੍ਹਾਂ ਆਪਣੀ ਸਫਾਈ ਵਿੱਚ ਕਿਹਾ ਕਿ ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਉਸਤਤ ਵਿੱਚ ਵੀ ਗਾਇਆ ਹੈ, ਪੰਜਾਬੀ ਜ਼ੁਬਾਨ ਲਈ ਹਮੇਸ਼ਾ ਗਾਇਆ ਹੈ ਫਿਰ ਵੀ ਅਜਿਹੇ ਇਲਜ਼ਾਮ ਲੱਗਣਾ ਉਨ੍ਹਾਂ ਨੂੰ ਵੀ ਤਕਲੀਫ਼ ਦਿੰਦਾ ਹੈ।ਇਸ ਦੇ ਨਾਲ ਹੀ ਉਨ੍ਹਾਂ ਕਿਹਾ, ਭੁੱਲਾਂ ਹਰ ਕਿਸੇ ਇਨਸਾਨ ਤੋਂ ਹੁੰਦੀਆਂ ਹਨ। ਪਰ ਕਿਸੇ ਹਸਤੀ ਨੂੰ ਜਿੱਥੇ ਤੁਸੀਂ ਪਹੁੰਚਾ ਦਿੰਦੇ ਹੋ, ਉਸ ਤੋਂ ਤੁਸੀਂ ਉਮੀਦ ਨਹੀਂ ਰੱਖਦੇ ਕਿ ਇਹ ਇਸ ਤਰ੍ਹਾਂ ਦਾ ਸ਼ਬਦ ਬੋਲੇਗਾ ਪਰ ਮੈਂ ਵੀ ਤਾਂ ਇੱਕ ਇਨਸਾਨ ਹੀ ਹਾਂ ਨਾ।÷ਕੋਈ ਮੇਰੀ ਮਾਂ ਨੂੰ ਗਾਲ੍ਹ ਕੱਢੇ, ਮੈਨੂੰ ਜਨਮ ਦੇਣ ਵਾਲੀ ਮਾਂ ਨੂੰ ਗ਼ੱਦਾਰ ਕਹੇ ਤਾਂ ਮੈਂ ਕੁਝ ਬੋਲੂੰਗਾ ਨਹੀਂ ? ਉਹ ਮੇਰੇ ਲਈ ਮੁਰਦਾਬਾਦ ਬੁਲਾਈ ਜਾਣ, ਮੇਰੇ ਸਾਈਂ ਜੀ ਨੂੰ ਗਾਲ੍ਹਾਂ ਕੱਢ ਰਹੇ ਹਨ, ਮੇਰੀ ਮਾਈ ਨੂੰ ਗਾਲ੍ਹਾਂ ਕੱਢੀਆਂ ਹਨ। ਤੁਸੀਂ ਕਿਸੇ ਨੂੰ ਪੁੱਛੋ ਕਿ ਜੇ ਮੇਰੀ ਜਗ੍ਹਾ 'ਤੇ ਕੋਈ ਹੋਰ ਹੁੰਦਾ ਤਾਂ ਕੀ ਕਰਦੇ।

**ਜਿਹੜੇ ਬੱਤੀ ਨੂੰ ਸਮਝਣ ਗਾਲ੍ਹ, ਉਹ ਪੰਜਾਬੀ ਤੋਂ ਕੰਗਾਲ**

ਇਸ ਤੋਂ ਬਾਅਦ ਐਤਵਾਰ ਨੂੰ ਗੁਰਦਾਸ ਮਾਨ ਨੇ ਆਪਣੀ ਆਉਣ ਵਾਲੀ ਐਲਬਮ 'ਸਾਊਂਡ ਆਫ ਸੌਇਲ' ਬਾਰੇ ਪ੍ਰੈੱਸ ਕਾਨਫਰੰਸ ਕੀਤੀ।ਜਿਸ ਵਿੱਚ ਕੁਝ ਗੱਲਾਂ ਐਲਬਮ ਬਾਰੇ ਵੀ ਹੋਈਆਂ ਅਤੇ ਉਨ੍ਹਾਂ ਨਾਲ ਜੁੜੇ ਹੋਰ ਮਸਲਿਆਂ ਬਾਰੇ ਵੀ।ਇਸ ਦੌਰਾਨ ਸਭ ਤੋਂ ਖਾਸ ਜ਼ਿਕਰ ਗੁਰਦਾਸ ਮਾਨ ਨਾਲ ਪਿਛਲੇ ਕੁਝ ਸਾਲਾਂ ਦੌਰਾਨ ਜੁੜੇ ਵਿਵਾਦਾਂ ਅਤੇ ਉਨ੍ਹਾਂ ਦੇ ਮਾਫ਼ੀਨਾਮੇ ਦਾ ਸੀ।

ਗੁਰਦਾਸ ਮਾਨ ਨੇ ਦੱਸਿਆ ਕਿ ਉਨ੍ਹਾਂ ਦੇ ਬਾਹਰਲੇ ਪ੍ਰਮੋਟਰਾਂ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਵੈਨਕੂਵਰ ਦੀ ਸਟੇਜ 'ਤੇ ਜੋ ਹੋਇਆ ਸੀ ਉਨ੍ਹਾਂ ਨੇ ਮਾਫ਼ੀ ਨਹੀਂ ਮੰਗੀ, ਇਸ ਲਈ ਉਨ੍ਹਾਂ ਨੂੰ ਮਾਫ਼ੀ ਮੰਗਣੀ ਚਾਹੀਦੀ ਹੈ।ਉਨ੍ਹਾਂ ਦੱਸਿਆ, ਮੈਂ ਉਨ੍ਹਾਂ ਨੂੰ ਕਿਹਾ ਕਿ ਵੈਨਕੂਵਰ ਦੀ ਸਟੇਜ 'ਤੇ ਜੋ ਹੋਇਆ, ਮੈਂ ਉਨ੍ਹਾਂ ਨੂੰ ਹੱਥ ਜੋੜਦਾ ਰਿਹਾ, ਉਹ ਮੇਰੀ ਮੁਰਦਾਬਾਦ ਬੁਲਾਉਂਦੇ ਰਹੇ। ਫਿਰ ਜਦੋਂ ਉਹ ਮੈਨੂੰ ਵੱਡੀ ਉਂਗਲ ਦਿਖਾਉਣ ਲੱਗੇ, ਫਿਰ ਮੇਰੇ ਮੂੰਹੋਂ ਨਿਕਲਿਆ ਕੁਝ।ਹਾਲਾਂਕਿ ਮੈਂ ਕੋਈ ਗਾਲ੍ਹ ਨਹੀਂ ਸੀ ਕੱਢੀ। ਬੱਤੀ ਨੂੰ ਗਾਲ੍ਹ ਨਹੀਂ ਕਹਿੰਦੇ। ਮਾਵਾਂ ਨੇ ਵੀ 'ਬੱਤੀ' ਬੱਚਿਆਂ ਨੂੰ ਦਿੱਤੀ ਹੈ ਜਦੋਂ ਚਲੂਨੇ ਲੜਦੇ ਹਨ।

**ਗੁਰਦਾਸ ਮਾਨ ਨੇ ਅੱਗੇ ਕਿਹਾ**

**ਜਿਹੜੇ ਬੱਤੀ ਨੂੰ ਸਮਝਣ ਗਾਲ੍ਹ, ਉਹ ਪੰਜਾਬੀ ਤੋਂ ਕੰਗਾਲ**

**ਖਾ ਲਏ ਜੰਦਰਾ ਜਦੋਂ ਜੰਗਾਲ, ਤੇ ਬੱਤੀ ਦੇਣੀ ਪੈਂਦੀ ਐ**

ਸਾਧੂ ਸੰਤ ਸੇਕਦੇ ਧੂਣੇ, ਨਾ ਕੋਈ ਜਾਦੂ ਨਾ ਕੋਈ ਟੂਣੇ ਜਿਹਨੂੰ ਲੜਦੇ ਹੋਣ ਚਲੂਣੇ ਤੇ ਬੱਤੀ ਦੇਣੀ ਪੈਂਦੀ ਐ ਗੁਰਦਾਸ ਮਾਨ ਨੇ ਪ੍ਰੈੱਸ ਕੈਨਫਰੰਸ ਦੌਰਾਨ ਆਪਣੀ ਸਫਾਈ ਵਿੱਚ ਇਹ ਵੀ ਕਿਹਾ ਕਿ ਉਨ੍ਹਾਂ ਨੇ ਵੈਨਕੂਵਰ ਵਿੱਚ ਸਟੇਜ ਵਾਲੀ ਘਟਨਾ ਦੇ ਦੂਜੇ ਹੀ ਦਿਨ ਐਡਮਿੰਟਨ ਦੇ ਸ਼ੋਅ ਵਿੱਚ ਹੱਥ ਜੋੜ ਕੇ ਮਾਫ਼ੀ ਮੰਗ ਲਈ ਸੀ ਤੇ ਕਿਹਾ ਸੀ ਕਿ ਜੋ ਹੋਇਆ ਚੰਗਾ ਨਹੀਂ ਸੀ।ਉਨ੍ਹਾਂ ਇਹ ਵੀ ਮੰਨਿਆ, ਗ਼ਲਤੀ ਉਨ੍ਹਾਂ ਤੋਂ ਵੀ ਹੋਈ ਹੈ ਅਤੇ ਮੇਰੇ ਤੋਂ ਵੀ ਹੋਈ ਹੈ। ਪਰ ਉਨ੍ਹਾਂ ਨੇ ਜੋ ਵੱਡੀਆਂ-ਵੱਡੀਆਂ ਗਾਲ੍ਹਾਂ ਦਿੱਤੀਆਂ ਉਹ ਤਾਂ ਮਹਿਸੂਸ ਹੀ ਨਹੀਂ ਕੀਤੀਆਂ ਉਨ੍ਹਾਂ ਨੇ।

ਮੈਥੋਂ ਚੰਦ ਮਿੰਟਾਂ ਵਿੱਚ ਖੋਹ ਲਿਆ ਮਾਂ ਬੋਲੀ ਦਾ ਸਤਿਕਾਰ

ਭਾਵੇਂ ਕਿ ਪਿਛਲੇ ਦਿਨੀਂ ਆਇਆ ਮਾਫ਼ੀਨਾਮਾ ਵਧੇਰੇ ਚਰਚਾ ਵਿੱਚ ਹੈ, ਪਰ ਗੁਰਦਾਸ ਮਾਨ ਸਮੇਂ-ਸਮੇਂ 'ਤੇ ਆਪਣੇ ਨਾਲ ਜੁੜੇ ਵਿਵਾਦਾਂ ਬਾਰੇ ਵੱਖ-ਵੱਖ ਤਰੀਕਿਆਂ ਨਾਲ ਸਫਾਈ ਦੇਣ ਦੀ ਕੋਸ਼ਿਸ਼ ਕਰਦੇ ਰਹੇ।ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਦੇ ਧਰਨੇ ਵਿੱਚ ਗੁਰਦਾਸ ਮਾਨ ਦੇ ਦੇਰੀ ਨਾਲ ਪਹੁੰਚਣ ਬਾਰੇ ਵੀ ਸਵਾਲ ਉੱਠੇ ਸੀ।ਦਸੰਬਰ 2020 ਵਿੱਚ ਜਦੋਂ ਉਹ ਕਿਸਾਨ ਅੰਦੋਲਨ ਦੌਰਾਨ ਹਾਜ਼ਰੀ ਲਵਾਉਣ ਪਹੁੰਚੇ ਤਾਂ ਉਨ੍ਹਾਂ ਨੂੰ ਇਸ ਦੇਰੀ ਦਾ ਕਾਰਨ ਵੀ ਪੁੱਛਿਆ ਗਿਆ, ਜਿਸ ਦੇ ਜਵਾਬ ਤੋਂ ਜ਼ਾਹਿਰ ਹੋਇਆ ਕਿ ਪੰਜਾਬੀ ਮਾਂ ਬੋਲੀ ਬਾਰੇ ਬਿਆਨ ਅਤੇ ਸਟੇਜ ਤੋਂ ਬੋਲੇ ਗਏ ਸ਼ਬਦਾਂ ਕਾਰਨ ਉਨ੍ਹਾਂ ਦੇ ਹੋਏ ਵਿਰੋਧ ਦਾ ਖੁਦ ਗੁਰਦਾਸ ਮਾਨ 'ਤੇ ਕੀ ਅਸਰ ਰਿਹਾ।ਗੁਰਦਾਸ ਮਾਨ ਨੇ ਉਸ ਵੇਲੇ ਇੱਕ ਇੰਟਰਵਿਊ ਵਿੱਚ ਦੱਸਿਆ ਸੀ ਕਿ ਉਹ ਪਿਛਲੇ ਦਸ ਮਹੀਨੇ ਤੋਂ ਆਪਣੀ ਬਿਲਡਿੰਗ ਵਿੱਚੋਂ ਬਾਹਰ ਹੀ ਨਹੀਂ ਆ ਸਕੇ। ਨਾਲ ਹੀ ਉਨ੍ਹਾਂ ਗਿਲ੍ਹਾ ਵੀ ਜ਼ਾਹਿਰ ਕੀਤਾ ਸੀ ਕਿ ਉਸ ਵੇਲੇ ਕੋਈ ਵੀ ਉਨ੍ਹਾਂ ਦੇ ਨਾਲ ਨਹੀਂ ਖੜ੍ਹਾ ਹੋਇਆ।ਉਨ੍ਹਾਂ ਕਿਹਾ ਸੀ, ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ ਦੀਏ ਗਾਉਣ ਵਾਲੇ ਨੂੰ ਕੋਈ ਇਸ ਤਰ੍ਹਾਂ ਕਿਵੇਂ ਕਹਿ ਸਕਦਾ ਹੈ। ਹਰ ਕਲਾਕਾਰ ਨੇ ਗ਼ੱਦਾਰ ਕਿਹਾ। ਮੇਰੇ ਹੱਕ ਵਿੱਚ ਕੋਈ ਨਹੀਂ ਬੋਲਿਆ। ਮੇਰਾ ਵੀ ਰੋਸ ਹੈ। ਉਹ ਮੇਰੀ ਜ਼ਿੰਦਗੀ ਦੀ ਦੁਰਘਟਨਾ ਸੀ, ਜਦੋਂ ਮੇਰੇ ਨਾਲ ਕੋਈ ਨਹੀਂ ਸੀ ਖੜ੍ਹਾ। ਇਸ ਤੋਂ ਬਾਅਦ ਸਤੰਬਰ 2022 ਵਿੱਚ ਗੁਰਦਾਸ ਮਾਨ ਵੱਲੋਂ ਰਿਲੀਜ਼ ਇੱਕ ਗੀਤ ਦਾ ਵੀ ਜ਼ਿਕਰ ਕਰਨਾ ਬਣਦਾ ਹੈ, ਜੋ ਖ਼ਾਸ ਤੌਰ 'ਤੇ ਇਨ੍ਹਾਂ ਵਿਵਾਦਾਂ ਅਤੇ ਵਿਰੋਧ ਦੀਆਂ ਅਵਾਜ਼ਾਂ ਦਾ ਜਵਾਬ ਸੀ।ਗੱਲ ਸੁਣੋ ਪੰਜਾਬੀ ਦੋਸਤੋ ਦੇ ਸਿਰਲੇਖ ਹੇਠ ਆਏ ਇਸ ਗੀਤ ਦੇ ਕੁਝ ਬੋਲ ਸੀ, ਗੱਲ ਸੁਣੋ ਪੰਜਾਬੀ ਦੋਸਤੋ, ਕੁਝ ਲੈਂਦੇ ਸੋਚ ਵਿਚਾਰ ਬਿਨ੍ਹਾਂ ਸੋਚੇ ਸਮਝੇ ਕੱਢ ਲਈ ਲਫਜ਼ਾਂ ਦੀ ਤੇਜ਼ ਕਟਾਰ ਮੈਥੋਂ ਚੰਦ ਮਿੰਟਾਂ ਵਿੱਚ ਖੋਹ ਲਿਆ, ਮਾਂ ਬੋਲੀ ਦਾ ਸਤਿਕਾਰ। ਅਖ਼ੀਰਲੇ ਬੋਲ ਸੀ, ਮੈਂ ਆਪਣੀ ਮਾਂ ਨੂੰ ਪੁੱਛਿਆ ਕਰ ਸੁਫ਼ਨੇ ਵਿੱਚ ਸਵਾਲ ਇਹ ਕੀ ਹੋਇਆ, ਕਿਉਂ ਹੋ ਗਿਆ, ਸ਼ਡਯੰਤਰ ਸੀ ਜਾਂ ਚਾਲ ਮਾਂ ਕਹਿੰਦੀ ਪੁੱਤ ਇਹ ਹੋਣੀ ਸੀ, ਹੋਣੀ ਕੋਈ ਨਹੀਂ ਸਕਦਾ ਟਾਲ..ਉੱਥੇ ਮੁਰਦਾਬਾਦ ਨਹੀਂ ਬੋਲਦੀ, ਜਿੱਥੇ ਹੋਵੇ ਸੋ, ਨਿਹਾਲ ..। ਹਾਲਾਂਕਿ ਇਸ ਗੀਤ ਵਿੱਚ ਡਿਸਕਲੇਮਰ ਦਿੱਤਾ ਗਿਆ ਹੈ ਕਿ ਇਸ ਰਚਨਾ ਵਿੱਚ ਵਿਖਾਏ ਗੀਤ, ਗੀਤ ਦੇ ਬੋਲ ਤੇ ਕਿਰਦਾਰ ਕਾਲਪਨਿਕ ਹਨ।ਜਿਹੜੇ ਵੀ ਨਾਮ, ਕਿਰਦਾਰ ਤੇ ਘਟਨਾ ਪੇਸ਼ ਕੀਤੇ ਗਏ ਹਨ ਉਹ ਕਾਲਪਨਿਕ ਹਨ। ਅਸਲੀਅਤ 'ਚ ਇਸ ਦਾ ਕਿਸੇ ਵੀ ਇਨਸਾਨ (ਜਿਉਂਦੇ ਜਾਂ ਮਰੇ), ਥਾਂ, ਸੰਸਥਾ ਤੇ ਸਾਮਾਨ ਨਾਲ ਕੋਈ ਸਬੰਧ ਨਹੀਂ ਹੈ।

> **ਕੀ ਸਨ ਵਿਵਾਦ ?**
>
> **ਪਹਿਲਾ-** ਸਾਲ 2019 ਵਿੱਚ ਜਦੋਂ 'ਇੱਕ ਰਾਸ਼ਟਰ, ਇੱਕ ਭਾਸ਼ਾ' ਬਾਰੇ ਬਹੁਤ ਚਰਚਾ ਹੋ ਰਹੀ ਸੀ ਤਾਂ ਗੁਰਦਾਸ ਮਾਨ ਤੋਂ ਕੈਨੇਡਾ ਟੂਰ ਦੌਰਾਨ ਉੱਥੋਂ ਦੇ ਰੇਡੀਓ ਸ਼ੋਅ ਵਿੱਚ ਇਸ ਬਾਰੇ ਪੁੱਛਿਆ ਗਿਆ ਸੀ।ਗੁਰਦਾਸ ਮਾਨ ਨੇ ਕਿਹਾ ਸੀ, ਇਹ ਜ਼ਰੂਰੀ ਹੈ ਕਿ ਇੱਕ ਨੇਸ਼ਨ ਦੀ ਇੱਕ ਜ਼ੁਬਾਨ ਤਾਂ ਹੋਣੀ ਹੀ ਚਾਹੀਦੀ ਹੈ, ਤਾਂ ਕਿ ਦੇਸ਼ ਦੇ ਦੂਜੇ ਹਿੱਸੇ ਦਾ ਬੰਦਾ ਸਾਊਥ ਵਿੱਚ ਜਾ ਕੇ ਵੀ ਆਪਣੀ ਗੱਲ ਸਮਝਾਂ ਸਕੇ, ਜੇ ਉੱਥੇ ਸਮਝ ਨਾ ਆ ਸਕੀ ਤਾਂ ਫ਼ਾਇਦਾ ਕੀ ਹੈ ਹਿੰਦੁਸਤਾਨੀ ਹੋਣ ਦਾ। ਅਸੀਂ ਮਾਂ ਬੋਲੀ 'ਤੇ ਇੰਨਾਂ ਜ਼ੋਰ ਦਿੰਦੇ ਹਾਂ, ਮਾਸੀ 'ਤੇ ਵੀ ਦੇਣਾ ਚਾਹੀਦਾ ਹੈ, ਮਾਸੀ ਨੂੰ ਵੀ ਪਿਆਰ ਕਰਦੇ ਹਾਂ। ਪਰ ਕੁਝ ਲੋਕਾਂ ਨੂੰ ਇਹ ਬਿਆ ਪੰਜਾਬੀ ਬੋਲੀ ਦੀ ਮੁਖ਼ਾਲਫ਼ਤ ਵਾਲਾ ਜਾਪਿਆ ਅਤੇ ਗੁਰਦਾਸ ਮਾਨ ਦਾ ਵਿਰੋਧ ਹੋਇਆ।
>
> **ਦੂਜਾ-** ਵੱਡਾ ਵਿਵਾਦ ਉਨ੍ਹਾਂ ਨਾਲ ਜੁੜਿਆ ਜਦੋਂ ਕਈ ਲੋਕ ਬੋਲੀ ਵਾਲੇ ਬਿਆਨ ਨੂੰ ਲੈ ਕੇ ਉਨ੍ਹਾਂ ਖ਼ਿਲਾਫ਼ ਵਿਰੋਧ ਪਰਦਰਸ਼ਨ ਕਰ ਰਹੇ ਸੀ।ਗੁਰਦਾਸ ਮਾਨ ਦੇ ਵੈਨਕੂਵਰ ਦੇ ਸ਼ੋਅ ਵਿੱਚ ਉਨ੍ਹਾਂ ਖ਼ਿਲਾਫ਼ ਨਾਅਰੇਬਾਜ਼ੀ ਹੋ ਰਹੀ ਸੀ ਤਾਂ ਗੁਰਦਾਸ ਮਾਨ ਨੇ ਵੀ ਸਟੇਜ ਤੋਂ ਉਨ੍ਹਾਂ ਨੂੰ ਜਵਾਬ ਦਿੱਤਾ ਅਤੇ ਬੋਲੇ 'ਅਪਸ਼ਬਦਾਂ' ਨੇ ਉਨ੍ਹਾਂ ਖ਼ਿਲਾਫ਼ ਵਿਰੋਧ ਹੋਰ ਵਧਾ ਦਿੱਤਾ।
>
> **ਤੀਜਾ-** ਅਗਸਤ, 2021 ਵਿੱਚ ਗੁਰਦਾਸ ਮਾਨ ਖ਼ਿਲਾਫ਼ ਜਲੰਧਰ ਵਿੱਚ ਸਿੱਖ ਭਵਾਨਾਵਾਂ ਨੂੰ ਠੇਸ ਪਹੁੰਚਾਉਣ ਦਾ ਕੇਸ ਦਰਜ ਕਰਾਇਆ ਗਿਆ ਸੀ।ਜਿਸ ਵਿੱਚ ਇਲਜ਼ਾਮ ਸੀ ਕਿ ਗੁਰਦਾਸ ਮਾਨ ਨੇ ਇੱਕ ਪ੍ਰੋਗਰਾਮ ਦੌਰਾਨ ਨਕੋਦਰ ਡੇਰੇ ਦੇ ਗੱਦੀਨਸ਼ੀਂਨ ਲਾਡੀ ਸ਼ਾਹ ਨੂੰ ਸਿੱਖਾਂ ਦੇ ਤੀਜੇ ਗੁਰੂ ਅਮਰਦਾਸ ਜੀ ਦਾ ਵੰਸ਼ਜ ਦੱਸਿਆ ਹੈ, ਜੋ ਕਿ ਇਤਿਹਾਸਕ ਅਤੇ ਤੱਥਾਂ ਪੱਖੋਂ ਗਲਤ ਹੈ।ਮਾਮਲਾ ਗਰਮਾਉਣ ਬਾਅਦ ਗੁਰਦਾਸ ਮਾਨ ਨੇ ਮਾਫ਼ੀ ਮੰਗੀ ਸੀ ਅਤੇ ਕਿਹਾ ਸੀ ਕਿ ਉਹ ਕਦੇ ਵੀ ਗੁਰੂ ਸਾਹਿਬਾਨ ਦਾ ਅਪਮਾਨ ਕਰਨ ਬਾਰੇ ਸੋਚ ਨਹੀਂ ਸਕਦੇ ਅਤੇ ਨਾ ਹੀ ਗੁਰੂ ਸਾਹਿਬਾਨ ਦੀ ਤੁਲਨਾ ਕਿਸੇ ਨਾ ਹੋ ਸਕਦੀ ਹੈ।ਗੁਰਦਾਸ ਮਾਨ ਨੂੰ ਦੋਸ਼ੀ ਨਾ ਮੰਨਦਿਆਂ ਇਹ ਕੇਸ ਹਾਈ ਕੋਰਟ ਤੋਂ ਖਾਰਜ ਹੋ ਚੁੱਕਿਆ ਹੈ।ਦੱਸ ਦੇਈਏ ਕਿ ਅਕਤੂਬਰ ਦੀ ਸ਼ੁਰੂਆਤ ਵਿੱਚ ਗੁਰਦਾਸ ਮਾਨ ਦਾ ਯੂਐੱਸ ਦੌਰਾ ਸ਼ੁਰੂ ਹੋ ਰਿਹਾ ਹੈ।ਇਸ ਤੋਂ ਇਲਾਵਾ ਉਨ੍ਹਾਂ ਦੀ ਐਲਬਮ 'ਸਾਊਂਡ ਆਫ ਸੌਇਲ' ਵੀ ਰਿਲੀਜ਼ ਹੋਏਗੀ। ਇਸ ਐਲਬਮ ਦੇ ਇੱਕ ਗੀਤ 'ਮੈਂ ਹੀ ਝੂਠੀ' ਦੀ ਵੀਡੀਓ ਪਹਿਲਾਂ ਹੀ ਰਿਲੀਜ਼ ਹੋ ਗਈ ਹੈ ਜਿਸ ਨੂੰ ਦਰਸ਼ਕ ਭਰਵਾਂ ਹੁੰਗਾਰਾ ਦੇ ਰਹੇ ਹਨ।

**ਕੀ ਹੁਣ ਮਿਲ ਜਾਏਗੀ ਪੰਜਾਬੀਆਂ ਤੋਂ ਮਾਫ਼ੀ ?**

ਨਾਮੀ ਪੰਜਾਬੀ ਲੇਖਕ, ਥੀਏਟਰ ਸਕੋਲਰ ਤੇ ਅਲੋਚਕ ਪਾਲੀ ਭੁਪਿੰਦਰ ਨੇ ਸਾਡੇ ਨਾਲ ਫ਼ੋਨ 'ਤੇ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਕਈ ਵਾਰ ਗੁਰਦਾਸ ਮਾਨ ਦੇ ਹੱਕ ਵਿੱਚ ਲਿਖਿਆ ਤੇ ਬੋਲਿਆ ਕਿ ਉਨ੍ਹਾਂ ਨੇ ਮਾਫ਼ੀ ਮੰਗ ਲਈ ਹੈ ਅਤੇ ਪੰਜਾਬੀਆਂ ਨੂੰ ਗੱਲ ਖ਼ਤਮ ਕਰ ਦੇਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਉਹ ਮਹਿਸੂਸ ਕਰਦੇ ਸੀ ਕਿ ਪੰਜਾਬੀਆਂ ਨੂੰ ਉਨ੍ਹਾਂ ਨੂੰ ਮਾਫ਼ ਕਰ ਦੇਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਨੇ ਚਾਲੀ ਸਾਲ ਬਹੁਤ ਚੰਗਾ ਗਾਇਆ ਹੈ, ਇੰਨੇ ਵੱਡੇ ਕਰੀਅਰ ਵਿੱਚ ਇੱਕ ਗ਼ਲਤ ਗੱਲ ਕਹੀ ਗਈ ਤਾਂ ਕੋਈ ਏਡੀ ਗੱਲ ਨਹੀਂ ਸੀ।ਉਨ੍ਹਾਂ ਕਿਹਾ ਕਿ ਪਰ ਉਹ ਵਾਰ-ਵਾਰ ਉਸ ਤਰ੍ਹਾਂ ਦੀਆਂ ਗ਼ਲਤੀਆਂ ਕਿਉਂ ਕਰ ਰਹੇ ਹਨ। ਪਾਲੀ ਭੁਪਿੰਦਰ ਮਹਿਸੂਸ ਕਰਦੇ ਹਨ ਕਿ ਗੁਰਦਾਸ ਮਾਨ ਜਾਣ-ਬੁੱਝ ਕੇ ਵਿਵਾਦ ਨੂੰ ਵਧਾ ਰਹੇ ਹਨ।ਉਨ੍ਹਾਂ ਕਿਹਾ, ਕੱਲ੍ਹ ਰੋ-ਰੋ ਕੇ ਮਾਫ਼ੀ ਮੰਗੀ ਤੇ ਅੱਜ ਆਪਣੀ ਗ਼ਲਤੀ ਨੂੰ ਜਸਟੀਫਾਈ ਕਰ ਰਹੇ ਹਨ। ਉਨ੍ਹਾਂ ਨੇ ਹੁਣ ਬਿਆਨ ਦਿੱਤਾ ਕਿ 'ਬੱਤੀ' ਕੋਈ ਗਾਲ੍ਹ ਨਹੀਂ। ਉਨ੍ਹਾਂ ਕਿਹਾ ਕਿ ਜੋ ਬੱਤੀ ਨੂੰ ਸਮਝੇ ਗਾਲ੍ਹ, ਉਹ ਪੰਜਾਬੀ ਤੋਂ ਕੰਗਾਲ।ਇਹ ਬਿਆਨ ਬਹੁਤ ਹੀ ਵਾਹੀਆਤ ਹੈ, ਕੋਈ ਵੀ ਪੜ੍ਹਿਆ ਲਿਖਿਆ ਇਸ ਦੀ ਸਪੋਰਟ ਨਹੀਂ ਕਰ ਸਕਦਾ। ਹਾਲੇ ਪਰਸੋਂ ਹੀ ਮੈਂ ਕਿਸੇ ਚੈਨਲ 'ਤੇ ਬੋਲ ਕੇ ਹਟਿਆ ਹਾਂ ਕਿ ਪੰਜਾਬੀਓਂ ਬੱਸ ਕਰੋ, ਗੁਰਦਾਸ ਮਾਨ ਜੀ ਬਹੁਤ ਵੱਡੀ ਸਖ਼ਸੀਅਤ ਹਨ, ਪਰ ਹੁਣ ਉਨ੍ਹਾਂ ਨੇ ਇਹ ਬੋਲ ਦਿੱਤਾ। ਅੱਜ ਤਾਂ ਮੈਂ ਵੀ ਬੜਾ ਪਰੇਸ਼ਾਨ ਹਾਂ। ਪਾਲੀ ਮੁਤਾਬਕ ਜਦੋਂ ਮਸਲਾ ਠੰਢਾ ਪੈ ਗਿਆ ਤਾਂ ਵਾਰ-ਵਾਰ ਇਸ ਗੱਲ ਦਾ ਜ਼ਿਕਰ ਕਿਉਂ ਕਰ ਰਹੇ ਹਨ। ਉਨ੍ਹਾਂ ਕਿਹਾ, ਅਜਿਹਾ ਲੱਗਦਾ ਹੈ ਕਿ ਉਨ੍ਹਾਂ ਨੇ ਸ਼ੋਅ ਵੇਚਣ ਦੇ ਚੱਕਰ ਵਿੱਚ ਦੁਬਾਰਾ ਵਿਵਾਦ ਸਾਹਮਣੇ ਲਿਆਂਦਾ ਹੈ। ਪੰਜਾਬੀ ਲੇਖਕ ਗੁਰਭਜਨ ਸਿੰਘ ਗਿੱਲ ਮਹਿਸੂਸ ਕਰਦੇ ਹਨ ਕਿ ਜੇ ਗੁਰਦਾਸ ਮਾਨ ਸੱਚੇ ਦਿਲੋਂ ਮਾਫ਼ੀ ਮੰਗ ਰਹੇ ਹਨ ਤਾਂ ਪੰਜਾਬੀਆਂ ਨੂੰ ਵੀ ਗੱਲ ਲਮਕਾਉਣੀ ਨਹੀਂ ਚਾਹੀਦੀ ਅਤੇ ਮਾਫ਼ ਕਰ ਦੇਣਾ ਚਾਹੀਦਾ ਹੈ।ਉਹ ਕਹਿੰਦੇ ਹਨ ਕਿ ਗੁਰਦਾਸ ਮਾਨ ਨੇ ਪੰਜਾਬੀ ਬੋਲੀ ਬਾਰੇ ਜੋ ਬਿਆਨ ਦਿੱਤਾ ਸੀ, ਇੰਨਾਂ ਵੱਡਾ ਨਹੀਂ ਸੀ ਕਿ ਉਸ ਦਾ ਵਿਰੋਧ ਕੀਤਾ ਜਾਂਦਾ ਅਤੇ ਉਨ੍ਹਾਂ ਖ਼ਿਲਾਫ਼ ਤਖ਼ਤੀਆਂ ਦਿਖਾਉਂਦਾ।ਉਨ੍ਹਾਂ ਅੱਗੇ ਕਿਹਾ, ਪਰ ਉਹ ਵਿਰੋਧ ਪ੍ਰਦਰਸ਼ਨ ਹੋਇਆ ਅਤੇ ਉਸ ਦੌਰਾਨ ਗੁਰਦਾਸ ਮਾਨ ਵੱਲੋਂ ਸਟੇਜ ਤੋਂ ਬੋਲੇ ਗਏ ਸ਼ਬਦ ਉਨ੍ਹਾਂ ਦੇ ਕੱਦ ਦੇ ਹਾਣ ਦੇ ਨਹੀਂ ਸੀ। ਜੇ ਕੋਈ ਛੋਟਾ ਇਨਸਾਨ ਅਪਸ਼ਬਦ ਬੋਲਦਾ ਹੈ, ਤਾਂ ਲੋਕ ਉਸ ਨੂੰ ਨਹੀਂ ਗੌਲਦੇ ਨਹੀਂ।÷ਪਰ ਜਿਹੜਾ ਇਨਸਾਨ ਸਤਿਕਾਰਤ ਹੁੰਦਾ ਹੈ, ਉਸ ਦੇ ਮੂੰਹੋਂ ਅਜਿਹੇ ਸ਼ਬਦ ਉਸ ਨੂੰ ਅਸਮਾਨ ਤੋਂ ਧਰਤੀ 'ਤੇ ਸੁੱਟ ਦਿੰਦੇ ਹਨ। ਇਸ ਤੋਂ ਬਾਅਦ ਜਦੋਂ ਵੀ ਗੁਰਦਾਸ ਮਾਨ ਨੇ ਲੋਕਾਂ ਸਾਹਮਣੇ ਸਪਸ਼ਟੀਕਪਨ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੀ ਗੱਲ ਸੁਣੀ ਨਹੀਂ ਗਈ। ਪਰ ਗੁਰਦਾਸ ਮਾਨ ਨਾਲ ਜੋ ਵੀ ਵਤੀਰਾ ਹੋਇਆ ਉਹ ਵੀ ਸਹੀ ਨਹੀਂ ਸੀ। ਉਨ੍ਹਾਂ ਕਿਹਾ ਕਿ ਜੇ ਉਹ ਪੰਜ ਸਾਲ ਬਾਅਦ ਉਸ ਘਟਨਾ ਲਈ ਮਾਫ਼ੀ ਮੰਗ ਰਹੇ ਹਨ ਤਾਂ ਮਾਫ਼ ਕਰਨਾ ਚਾਹੀਦਾ ਹੈ।ਗਿੱਲ ਮਹਿਸੂਸ ਕਰਦੇ ਹਨ ਕਿ ਹਾਲੇ ਵੀ ਗੁਰਦਾਸ ਮਾਨ ਦਾ ਵਿਰੋਧ ਹੋ ਰਿਹਾ ਹੈ, ਪਰ ਪੰਜਾਬੀਆਂ ਨੂੰ ਵੀ ਵੱਡਾ ਦਿਲ ਦਿਖਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਦੇ ਕਹੇ ਸ਼ਬਦ ਭੁਲਾਏ ਤਾਂ ਨਹੀਂ ਜਾ ਸਕਦੇ, ਪਰ ਉਨ੍ਹਾਂ ਦੀ ਮਨ ਵਿੱਚ ਗੰਢ ਬੰਨ੍ਹੀ ਰੱਖਣਾ ਵੀ ਠੀਕ ਨਹੀਂ ਹੈ।





# ਭਾਰਤੀ ਖ਼ੁਫ਼ੀਆ ਏਜੰਸੀ ਰਾਅ ਕਿਵੇਂ ਬਣੀ ਅਤੇ ਇਸਦੇ ਏਜੰਟ ਕਿਵੇਂ ਚੁਣੇ ਜਾਂਦੇ ਰਹੇ?



ਸੰਨ 1965 ਵਿੱਚ ਭਾਰਤ ਤੇ ਪਾਕਿਸਤਾਨ ਵਿਚਾਲੇ 22 ਦਿਨਾਂ ਤੱਕ ਚੱਲੀ ਲੜਾਈ ਕੋਈ ਫ਼ੈਸਲਾਕੁਨ ਲੜਾਈ ਨਹੀਂ ਸੀ।ਭਾਰਤ ਦਾ ਪਲੜਾ ਭਾਰੀ ਭਾਵੇਂ ਸੀ ਪਰ ਭਾਰਤ ਦੇ ਕੋਲ ਗੁਪਤ ਜਾਣਕਾਰੀ ਨਹੀਂ ਸੀ ਕਿ ਪਾਕਿਸਤਾਨ ਕੋਲ ਕਿਸ ਹੱਦ ਤੱਕ ਹਥਿਆਰਾਂ ਦੀ ਕਮੀ ਹੋ ਗਈ ਸੀ।ਸੱਚ ਤਾਂ ਇਹ ਸੀ ਕਿ 22 ਸਤੰਬਰ ਨੂੰ ਜਿਸ ਦਿਨ ਜੰਗ ਬੰਦੀ ਦਾ ਐਲਾਨ ਹੋਇਆ ਸੀ, ਪਾਕਿਸਤਾਨ ਦੇ ਲਗਭਗ ਸਾਰੇ ਹਥਿਆਰ ਮੁੱਕ ਚੁੱਕੇ ਸਨ।ਉਨ੍ਹਾਂ ਦੀ ਪੂਰਤੀ ਦੀ ਕੋਈ ਸੰਭਾਵਨਾ ਵੀ ਨਹੀਂ ਸੀ ਕਿਉਂਕਿ ਅਮਰੀਕਾ ਨੇ ਪਾਕਿਸਤਾਨ ਨੂੰ ਹਥਿਆਰ ਦੇਣ ਉੱਤੇ ਰੋਕ ਲਾ ਦਿੱਤੀ ਸੀ।ਰਾਅ ਦੇ ਸਾਬਕਾ ਮੁਖੀ ਸੰਕਰਨ ਨਾਇਰ ਆਪਣੀ ਕਿਤਾਬ 'ਇਨਸਾਈਡ ਆਈਬੀ ਐਂਡ ਰਾਅ: ਦਿ ਰੋਲਿੰਗ ਸਟੋਨ ਦੈਟ ਗੈਦਰਡ ਮਾਸ' ਵਿੱਚ ਲਿਖਿਆ ਹੈ ਕਿ ਜਲ ਸੈਨਾ ਦੇ ਤਤਕਾਲੀ ਮੁਖੀ ਜਨਰਲ ਜੇਐੱਨ ਚੌਧਰੀ ਨੇ ਰੱਖਿਆ ਮੰਤਰੀ ਨੂੰ ਰਿਪੋਰਟ ਦਿੱਤੀ ਸੀ, ਫ਼ੌਜ ਪਾਕਿਸਤਾਨ ਉੱਤੇ ਫੈਸਲਾਕੁਨ ਜਿੱਤ ਇਸ ਲਈ ਨਹੀਂ ਹਾਸਲ ਕਰ ਸਕੀ ਕਿਉਂਕਿ ਸਾਡੇ ਕੋਲ ਸਟੀਕ ਜਾਣਕਾਰੀ ਨਹੀਂ ਸੀ।ਇਸਦਾ ਕਾਰਨ ਇਹ ਸੀ ਕਿ ਇਹ ਜਾਣਕਾਰੀ ਜੁਟਾਉਣ ਦੀ ਜ਼ਿੰਮੇਵਾਰੀ ਆਈਬੀ ਦੇ ਨਿਕੰਮੇ ਜਸੂਸਾਂ ਨੂੰ ਦਿੱਤੀ ਗਈ ਸੀ। ਇਸ ਆਲੋਚਨਾ ਦਾ ਇਹ ਨਤੀਜਾ ਜ਼ਰੂਰ ਨਿਕਲਿਆ ਕਿ ਭਾਰਤ ਨੇ ਨਵੀਂ ਖ਼ੁਫ਼ੀਆ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਖੜ੍ਹੀ ਕਰਨ ਦਾ ਫ਼ੈਸਲਾ ਕੀਤਾ, ਜਿਸ ਦੀ ਜ਼ਿੰਮੇਵਾਰੀ ਦੇਸ ਤੋਂ ਬਾਹਰ ਗੁਪਤ ਜਾਣਕਾਰੀ ਇਕੱਠਾ ਕਰਨਾ ਸੀ।

**'ਰਿਲੇਟਿਵ ਐਂਡ ਐਸੋਸਿਏਟਸ ਵੈਲਫੇਅਰ ਐਸੋਸੀਏਸ਼ਨ'**

ਆਰਏਡਬਲਿਊ ਦੀ ਸਥਾਪਨਾ 21 ਸਤੰਬਰ 1968 ਨੂੰ ਹੋਈ ਅਤੇ ਰਾਮੇਸ਼ਵਰ ਨਾਥ ਕਾਵ ਨੂੰ ਇਸਦਾ ਪਹਿਲਾ ਮੁਖੀ ਨਿਯੁਕਤ ਕੀਤਾ ਗਿਆ। ਸੰਕਰਨ ਨਾਇਰ ਉਨ੍ਹਾਂ ਦੇ ਡਿਪਟੀ ਸਨ।ਇਨ੍ਹਾਂ ਤੋਂ ਇਲਾਵਾ 250 ਹੋਰ ਜਣਿਆਂ ਦੀ ਇੰਟੈਲੀਜੈਂਸ ਬਿਊਰੋ ਤੋਂ ਰਿਸਰਚ ਐਂਡ ਅਨੈਲਿਸਿਸ ਵਿੰਗ ਵਿੱਚ ਬਦਲੀ ਕੀਤੀ ਗਈ।ਸਾਲ 1971 ਤੋਂ ਬਾਅਦ ਰਾਮ ਨਾਥ ਕਾਵ ਨੇ ਸਿੱਧਾ ਕਾਲਜ ਅਤੇ ਯੂਨੀਵਰਸਿਟੀਆਂ ਤੋਂ ਰਾਅ ਦੇ ਏਜੰਟ ਭਰਤੀ ਕਰਨ ਦੀ ਸ਼ੁਰੂਆਤ ਗੀਤੀ।ਨਤੀਜਾ ਇਹ ਹੋਇਆ ਕਿ ਰਾਅ ਵਿੱਚ ਕੰਮ ਕਰਨ ਵਾਲੇ ਕਈ ਲੋਕਾਂ ਦੇ ਰਿਸ਼ਤੇਦਾਰ ਅਤੇ ਦੋਸਤਾਂ ਨੂੰ ਸੰਗਠਨ ਵਿੱਚ ਨੌਕਰੀ ਮਿਲੀ ਅਤੇ ਮਜ਼ਾਕ ਵਿੱਚ ਇਸ ਨੂੰ 'ਰਿਲੇਟਿਵ ਐਂਡ ਐਸੋਸੀਏਟਸ ਵੈਲਫੇਅਰ ਐਸੋਸੀਏਸ਼ਨ' ਕਿਹਾ ਜਾਣ ਲੱਗਿਆ।ਲੇਕਿਨ ਸਾਲ 1973 ਤੋਂ ਬਾਅਦ ਇਹ ਰਵਾਇਤ ਬਦਲੀ ਗਈ ਅਤੇ ਸਿੱਧੇ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ ਸਖ਼ਤ ਮੁਕਾਬਲੇ ਅਤੇ ਕਈ ਇਮਤਿਹਾਨਾਂ ਵਿੱਚੋਂ ਲੰਘਣਾ ਪੈਣ ਲੱਗਿਆ।ਨਿਤਿਨ ਗੋਖਲੇ ਆਪਣੀ ਕਿਤਾਬ ਆਰਐੱਨ ਕਾਵ, ਜੈਂਟਲਮੈਨ ਸਪਾਈ ਮਾਸਟਰ ਵਿੱਚ ਲਿਖਦੇ ਹਨ, ਪਹਿਲਾ ਟੈਸਟ ਮਨੋਵਿਗਿਆਨ ਦਾ ਸੀ। ਉਮੀਦਵਾਰਾਂ ਨੂੰ ਸਵੇਰੇ ਤਿੰਨ ਵਜੇ ਇੱਕ ਸਥਾਨ ਉੱਤੇ ਪਹੁੰਚਣ ਲਈ ਕਿਹਾ ਗਿਆ।ਉੱਥੇ ਪਹੁੰਚਦੇ ਹੀ ਉਨ੍ਹਾਂ ਦਾ ਅਬਜੈਕਟਿਵ ਟਾਈਪ ਟੈਸਟ ਲਿਆ ਗਿਆ। ਟੈਸਟ ਪਾਸ ਕਰਨ ਵਾਲਿਆਂ ਨੂੰ ਇੰਟਰਵਿਊ ਲਈ ਬੁਲਾਇਆ ਗਿਆ, ਜੋ ਇੱਕ ਜੁਆਇੰਟ ਸਕੱਤਰ ਨੇ ਲਿਆ। ਸੰਨ 1973 ਵਿੱਚ ਰਾਅ ਵਿੱਚ ਚੁਣੇ ਗਏ ਅਤੇ ਵਧੀਕ ਸਕੱਤਰ ਵਜੋਂ ਰਿਟਾਇਰਡ ਜਾਵੇਦ ਰਾਨਾਡੇ ਦੱਸਦੇ ਹਨ, ਅਗਲੇ ਰਾਊਂਡ ਦਾ ਇੰਟਰਵਿਊ ਰਾਅ ਦੇ ਸੀਨੀਅਰ ਅਧਿਕਾਰੀਆਂ ਐੱਨਐੱਨ ਸੰਤਕੂ ਅਤੇ ਸੰਕਰਨ ਨਾਇਰ ਨੇ ਲਿਆ।ਇਸ ਵਿੱਚ ਚੁਣੇ ਜਾਣ ਤੋਂ ਬਾਅਦ ਸਾਡਾ ਸਾਹਮਣਾ ਛੇ ਮੈਂਬਰੀ ਚੋਣ ਕਮੇਟੀ ਨਾਲ ਹੋਇਆ ਜਿਸ ਵਿੱਚ ਵਿਦੇਸ਼ ਸਕੱਤਰ, ਰਾਅ ਦੇ ਮੁਖੀ ਆਰਐੱਨ ਕਾਵ ਅਤੇ ਇੱਕ ਮਨੋਵਿਗਿਆਨੀ ਸ਼ਾਮਲ ਸਨ। ਮੇਰਾ ਇੰਟਰਵਿਊ 45 ਮਿੰਟਾਂ ਤੱਕ ਚੱਲਿਆ। ਦੋ ਮਹੀਨੇ ਬਾਅਦ ਰਾਨਾਡੇ ਨੂੰ ਇਤਲਾਹ ਦਿੱਤੀ ਗਈ ਕਿ ਉਨ੍ਹਾਂ ਨੂੰ ਰਾਅ ਵਿੱਚ ਚੁਣ ਲਿਆ ਗਿਆ ਹੈ। ਉਨ੍ਹਾਂ ਦੇ ਨਾਲ ਤਿੰਨ ਹੋਰ ਜਣੇ ਪ੍ਰਤਾਪ ਹੇਬਲੀਕਰ, ਚਕਰੂ ਸਿਨ੍ਹਾ ਅਤੇ ਬਿਧਾਨ ਰਾਵਲ ਨੂੰ ਵੀ ਚੁਣਿਆ ਗਿਆ।ਰਾਅ ਦੇ ਸਪੈਸ਼ਲ ਸੈਕਰੇਟਰੀ ਦੇ ਅਹੁਦੇ ਤੋਂ ਰਿਟਾਇਰ ਹੋਏ ਰਾਣਾ ਬੈਨਰਜੀ ਦੱਸਦੇ ਹਨ, ਉਸ ਤੋਂ ਬਾਅਦ 1985 ਤੋਂ 1990 ਦੇ ਦੌਰਾਨ ਰਾਅ ਵਿੱਚ ਇਸ ਤਰ੍ਹਾਂ ਕੁਝ ਹੋਰ ਲੋਕ ਲਏ ਗਏ, ਜਿਸ ਨਾਲ ਸਪੈਸ਼ਲ ਸਰਵਿਸਿਸ ਬਣੀ।ਬਾਅਦ ਵਿੱਚ ਅਣਜਾਣ ਕਾਰਨਾਂ ਕਰਕੇ ਇਹ ਪ੍ਰਯੋਗ ਬੰਦ ਕਰ ਦਿੱਤਾ ਗਿਆ। ਹੁਣ 95 ਫੀਸਦੀ ਤੋਂ ਜ਼ਿਆਦਾ ਲੋਕਾਂ ਦੀ ਚੋਣ ਭਾਰਤੀ ਪੁਲਿਸ ਸੇਵਾ ਵਿੱਚੋਂ ਹੀ ਹੁੰਦੀ ਹੈ। ਆਰਥਿਕ ਇੰਟੈਲੀਜੈਂਸ ਦਾ ਕੰਮ ਦੇਖਣ ਲਈ ਕਸਟਮ ਅਤੇ ਇਨਕਮ ਟੈਕਸ ਦੇ ਕੁਝ ਲੋਕਾਂ ਨੂੰ ਲਿਆ ਜਾਂਦਾ ਹੈ।

**ਆਈਪੀਐੱਸ ਤੋਂ ਭਰਤੀ ਉੱਤੇ ਸਵਾਲ**

ਰਾਅ ਦੇ ਕੁਝ ਤਬਕਿਆਂ ਵਿੱਚ ਇਸ ਚੋਣ ਪ੍ਰਕਿਰਿਆ ਦੀ ਆਲੋਚਨਾ ਹੋਈ ਹੈ।ਰਾਅ ਦੇ ਮੁਖੀ ਵਿਕਰਮ ਸੂਦ ਆਪਣੀ ਕਿਤਾਬ 'ਦਿ ਅਨਐਂਡਿੰਗ ਗੇਮ' ਵਿੱਚ ਲਿਖਦੇ ਹਨ, ਜਦੋਂ ਤੱਕ ਇੱਕ ਵਿਅਕਤੀ ਪੁਲਿਸ ਸੇਵਾ ਵਿੱਚ ਅਫ਼ਸਰ ਬਣਦਾ ਹੈ ਉਹ ਔਸਤਨ 27 ਸਾਲ ਦਾ ਹੋ ਜਾਂਦਾ ਹੈ।ਜੇ ਉਹ ਤਿੰਨ ਸਾਲ ਬਾਅਦ ਰਾਅ ਵਿੱਚ ਆਉਂਦਾ ਹੈ, ਉਸ ਦੀ ਉਮਰ 30 ਜਾਂ ਉਸ ਤੋਂ ਜ਼ਿਆਦਾ ਹੋ ਚੁੱਕੀ ਹੁੰਦੀ ਹੈ। ਇਸ ਉਮਰ ਵਿੱਚ ਉਸ ਲਈ ਖ਼ੁਦ ਨੂੰ ਨਵੇਂ ਪੇਸ਼ੇ ਵਿੱਚ ਢਾਲ ਸਕਣਾ ਮੁਸ਼ਕਿਲ ਹੁੰਦਾ ਹੈ। ਇਸ ਸਮੇਂ ਉਹ ਜ਼ਿਆਦਾ ਖ਼ਤਰਾ ਚੁੱਕਣ ਦੀ ਸਥਿਤੀ ਵਿੱਚ ਨਹੀਂ ਹੁੰਦਾ। ਵਿਕਰਮ ਸੂਦ ਲਿਖਦੇ ਹਨ, ਖ਼ੁਫ਼ੀਆ ਏਜੰਸੀਆਂ ਦੇ ਲੋਕਾਂ ਨੂੰ ਪੁਲਿਸ ਸੇਵਾ ਵਿੱਚੋਂ ਲਿਆ ਜਾਣਾ ਹੁਣ ਓਨਾਂ ਕਾਰਗਰ ਨਹੀਂ ਰਹਿ ਗਿਆ ਹੈ। ਇਹ ਇੱਕ ਅਜਿਹਾ ਪੇਸ਼ਾ ਹੈ ਜਿੱਥੇ ਭਾਸ਼ਾਈ ਕੌਸ਼ਲ ਅਤੇ ਜਾਣਕਾਰੀ ਕਢਵਾਉਣ ਦੀ ਕਲਾ ਬਹੁਤ ਮਹੱਤਵਪੂਰਨ ਹੈ, ਜਿਸ ਲਈ ਪੁਲਿਸ ਵਾਲਿਆਂ ਨੂੰ ਸਿਖਲਾਈ ਨਹੀਂ ਦਿੱਤੀ ਜਾਂਦੀ।ਉਨ੍ਹਾਂ ਨੂੰ ਆਰਥਿਕ, ਸਾਈਬਰ, ਵਿਗਿਆਨਕ ਅਤੇ ਸਮਾਜਿਕ ਖੇਤਰਾਂ ਵਿੱਚ ਵੀ ਮਾਹਰ ਹੋਣ ਦੀ ਲੋੜ ਹੁੰਦੀ ਹੈ, ਜਿਸ ਦੀ ਸਿਖਲਾਈ ਇੱਕ ਆਈਪੀਐੱਸ ਅਧਿਕਾਰੀ ਨੂੰ ਨਹੀਂ ਦਿੱਤੀ ਜਾਂਦੀ।

**ਰਾਅ ਦੇ ਅਫ਼ਸਰਾਂ ਦੀ ਸਿਖਲਾਈ**

ਚੁਣੇ ਗਏ ਲੋਕਾਂ ਨੂੰ ਖ਼ੁਫ਼ੀਆ ਜਾਣਕਾਰੀ ਹਾਸਲ ਕਰਨ ਦੀ ਬੁਨਿਆਦੀ ਸਿਖਲਾਈ ਦਿੱਤੀ ਜਾਂਦੀ ਹੈ। ਉਨ੍ਹਾਂ ਨੂੰ ਕਿਸੇ ਵਿਦੇਸ਼ੀ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਾਈ ਜਾਂਦੀ ਸੀ।ਬੁਨਿਆਦੀ ਸਿਖਲਾਈ ਤੋਂ ਬਾਅਦ ਉਨ੍ਹਾਂ ਨੂੰ ਫੀਲਡ ਇੰਟੈਲੀਜੈਂਸ ਬਿਊਰੋ ਦੇ ਨਾਲ ਰੱਖਿਆ ਜਾਂਦਾ ਹੈ। ਉੱਥੇ ਉਨ੍ਹਾਂ ਨੂੰ ਬੇਹੱਦ ਠੰਢ ਵਿੱਚ ਕੰਮ ਕਰਨਾ ਸਿਖਾਇਆ ਜਾਂਦਾ ਹੈ। ਕਿਵੇਂ ਘੁਸਪੈਠ ਕੀਤੀ ਜਾਵੇ, ਕਿਵੇਂ ਫੜੇ ਜਾਣ ਤੋਂ ਬਚਿਆ ਜਾਵੇ, ਕਿਸ ਤਰ੍ਹਾਂ ਸਵਾਲਾਂ ਦੇ ਜਵਾਬ ਦਿੱਤੇ ਜਾਣ ਅਤੇ ਕਿਸ ਤਰ੍ਹਾਂ ਨਵੇਂ ਸੰਪਰਕ ਕਾਇਮ ਕੀਤੇ ਜਾਣ, ਇਹ ਸਭ ਸਿਖਾਇਆ ਜਾਂਦਾ ਹੈ।ਫੀਲਡ ਵਿੱਚ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਆਤਮ ਰੱਖਿਆ ਦੀ ਕਰਾਵਮਗਾ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਹ ਇੱਕ ਤਰ੍ਹਾਂ ਦਾ ਇਜ਼ਰਾਇਲੀ ਮਾਰਸ਼ਲ ਆਰਟ ਹੈ, ਜਿਸ ਵਿੱਚ ਆਹਮੋ-ਸਾਹਮਣੇ ਦੀ ਲੜਾਈ ਨੂੰ ਜਿੱਤਣ ਦੇ ਗ਼ੈਰ-ਰਵਾਇਤੀ ਗੁਰ ਸਿਖਾਏ ਜਾਂਦੇ ਹਨ।ਰਾਣਾ ਬੈਨਰਜੀ ਦੱਸਦੇ ਹਨ, ਵਿਦੇਸ਼ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਅਜਿਹੀਆਂ ਚੀਜ਼ਾਂ ਸਿਖਾਈਆਂ ਜਾਂਦੀਆਂ ਹਨ, ਜੋ ਬਾਅਦ ਵਿੱਚ ਕੰਮ ਆਉਣ। ਜਿਵੇਂ ਇੱਕ ਜ਼ਮਾਨੇ ਵਿੱਚ ਡੈਡ ਲੈਟਰ ਬਾਕਸ ਦੀ ਗੱਲ ਹੁੰਦੀ ਸੀ।÷ਤੁਸੀਂ ਕਿਸੇ ਦਰਖ਼ਤ ਦੇ ਤਣੇ ਵਿੱਚ ਕਾਗਜ਼ ਨੂੰ ਰੱਖ ਦਿਓਂਗੇ। ਉੱਥੋਂ ਦੂਜੇ ਲੋਕ ਉਸ ਨੂੰ ਲੈ ਲੈਣਗੇ। ਰੱਖਣ ਅਤੇ ਲੈਣ ਦੀ ਪ੍ਰਕਿਰਿਆ ਵਿੱਚ ਚਿੰਨ੍ਹ ਲਾਉਣੇ ਹੁੰਦੇ ਹਨ। ਕੋਡ ਭਾਸ਼ਾ ਵੀ ਲਿਖਣੀ ਸਿਖਾਈ ਜਾਂਦੀ ਹੈ।

**ਸਫ਼ਾਰਤਖ਼ਾਨੇ ਵਿੱਚ 'ਅੰਡਰਕਵਰ' ਤੈਨਾਤੀ**

ਦੁਨੀਆਂ ਦੇ ਸਾਰੇ ਦੇਸ... ਵਿਦੇਸ਼ਾਂ ਵਿੱਚ ਆਪਣੇ ਸਫ਼ਾਰਤਖ਼ਾਨਿਆਂ ਨੂੰ ਆਪਣੇ ਜਸੂਸਾਂ ਦੇ ਖ਼ਫ਼ੀਆ ਅੱਡੇ ਦੇ ਤੌਰ ਉੱਤੇ ਵਰਤਦੇ ਹਨ।ਰਾਅ ਦੇ ਏਜੰਟਾਂ ਨੂੰ ਵੀ ਅਕਸਰ ਵਿਦੇਸ਼ ਵਿੱਚ ਭਾਰਤੀ ਸਫ਼ਾਰਤਖਾਨਿਆਂ ਵਿੱਚ ਤੈਨਾਤ ਕੀਤਾ ਕੀਤਾ ਜਾਂਦਾ ਹੈ। ਕਈ ਵਾਰ ਉਨ੍ਹਾਂ ਨੂੰ ਨਕਲੀ ਨਾਮ ਹੇਠ ਬਾਹਰ ਭੇਜਿਆ ਜਾਂਦਾ ਹੈ।ਖੋਜੀ ਪੱਤਰਕਾਰ ਯਤੀਸ਼ ਯਾਦਵ ਆਪਣੀ ਕਿਤਾਬ ?ਰਾਅ ਏ ਹਿਸਟਰੀ ਆਫ਼ ਇੰਟੈਲੀਜੈਂਸ ਕੋਵਰਟ ਅਪ੍ਰੇਸ਼ੰਸ ਵਿੱਚ ਲਿਖਦੇ ਹਨ, ਇਸਦੇ ਪਿੱਛੇ ਵਜ੍ਹਾ ਇਹ ਹੈ ਕਿ ਉਨ੍ਹਾਂ ਦੇ ਅਸਲੀ ਨਾਮ ਸਿਵਲ ਸੇਵਾ ਦੀ ਲਿਸਟ ਵਿੱਚ ਹੁੰਦੇ ਹਨ।ਇੱਕ ਵਾਰ ਰਾਅ ਵਿੱਚ ਕੰਮ ਕਰ ਰਹੇ ਵਿਕਰਮ ਸਿੰਘ ਨੂੰ ਵਿਸ਼ਾਲ ਪੰਡਿਤ ਬਣ ਕੇ ਮਾਸਕੋ ਜਾਣਾ ਪਿਆ। ਉਨ੍ਹਾਂ ਦੇ ਪਰਿਵਾਰ ਨੂੰ ਵੀ ਆਪਣਾ ਨਾਮ ਬਦਲਣਾ ਪਿਆ। ਜੇ ਵਿਦੇਸ਼ ਪੋਸਟਿੰਗ ਦੇ ਦੌਰਾਨ ਉਨ੍ਹਾਂ ਦੇ ਘਰ ਬੱਚਾ ਪੈਦਾ ਹੋਇਆ ਤਾਂ ਉਸ ਦਾ ਵੀ ਨਕਲੀ ਸਰਨੇਮ ਰੱਖਿਆ ਗਿਆ ਅਤੇ ਉਹ ਸਾਰੀ ਜ਼ਿੰਦਗੀ ਉਸ ਦੇ ਨਾਲ ਚਿਪਕਿਆ ਰਿਹਾ। ਰਾਅ ਦੇ ਮੁਖੀ ਰਹੇ ਅਮਰਜੀਤ ਸਿੰਘ ਦੁਲਤ ਇੱਕ ਦਿਲਚਸਪ ਕਿੱਸਾ ਸੁਣਾਉਂਦੇ ਹਨ, ਸਾਡਾ ਇੱਕ ਕਸ਼ਮੀਰੀ ਦੋਸਤ ਹੈ ਹਾਸ਼ਿਸ ਕੁਰੈਸ਼ੀ ਜਿਸਨੇ ਪਹਿਲੀ ਵਾਰ ਭਾਰਤ ਦਾ ਜਹਾਜ਼ ਹਾਈਜੈਕ ਕੀਤਾ ਸੀ।ਉਹ ਮੈਨੂੰ ਦੇਸ ਤੋਂ ਬਾਹਰ ਮਿਲਿਆ। ਜਦੋਂ ਅਸੀਂ ਹੱਥ ਮਿਲਾਇਆ ਤਾਂ ਮੈਂ ਕਿਹਾ ਮੇਰਾ ਨਾਮ ਦੁਲਤ ਹੈ। ਉਹ ਕਹਿਣ ਲੱਗਿਆ ਉਹ ਤਾਂ ਠੀਕ ਹੈ। ਆਪਣਾ ਅਸਲੀ ਨਾਮ ਤਾਂ ਦੱਸ ਦਿਓ। ਮੈਂ ਹਸਦੇ ਨੇ ਕਿਹਾ, ਉਹ ਕਿੱਥੋਂ ਲੈ ਕੇ ਆਵਾਂ। ਅਸਲੀ ਨਾਮ ਇਹੀ ਹੈ। ਬਾਅਦ ਵਿੱਚ ਮੈਂ ਕਹਿਣ ਲੱਗਿਆ ਤੁਸੀਂ ਹੀ ਹੋ ਜਿਨ੍ਹਾਂ ਨੂੰ ਆਪਣਾ ਅਸਲੀ ਨਾਮ ਦੱਸਿਆ ਹੈ।

**ਪਛਾਣੇ ਜਾਣ ਅਤੇ ਦੇਸ ਤੋਂ ਕੱਢੇ ਜਾਣ ਦਾ ਡਰ**

ਇਸ ਸਭ ਦੇ ਬਾਵਜੂਦ ਪਛਾਣੇ ਜਾਣ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ। ਪੇਸ਼ੇਵਰ ਜਸੂਸ ਬਹੁਤ ਜਲਦੀ ਪਛਾਣੇ ਜਾਂਦੇ ਹਨ।ਰਾਣਾ ਬੈਨਰਜੀ ਦੱਸਦੇ ਹਨ, ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਇੱਕ ਕੂਟਨੀਤਿਕ ਪ੍ਰੋਟੋਕਾਲ ਬਣਿਆ ਹੈ ਕਿ ਖ਼ੁਫ਼ੀਆ ਧੰਦੇ ਦੇ ਜੋ ਲੋਕ ਇੱਕ ਦੂਜੇ ਕੋਲ ਭੇਜੇ ਜਾਂਦੇ ਹਨ, ਉਨ੍ਹਾਂ ਦੇ ਨਾਮ ਉਸ ਦੇਸ ਨੂੰ ਪਹਿਲਾਂ ਤੋਂ ਦੱਸ ਦਿੱਤੇ ਜਾਂਦੇ ਹਨ। ਤੈਅ ਹੁੰਦਾ ਹੈ ਕਿ ਅਸੀਂ ਇੱਕ ਦੂਜੇ ਦੇ ਨਾਲ ਮਾੜਾ ਵਤੀਰਾ ਨਹੀਂ ਕਰਾਂਗੇ। ਜੇ ਕੋਈ ਲਿਮਟ ਤੋਂ ਬਾਹਰ ਕੰਮ ਕਰਦਾ ਹੈ ਤਾਂ ਉਸ ਨੂੰ ਵਾਪਸ ਬੁਲਾ ਲਿਆ ਜਾਂਦਾ ਹੈ। ਉਹ ਕਹਿੰਦੇ ਹਨ, ਕੱਢੇ ਜਾਣ ਦਾ ਡਰ ਤਾਂ ਹਮੇਸ਼ਾ ਬਣਿਆ ਰਹਿੰਦਾ ਹੈ। ਜੇ ਕੋਈ ਤਿੰਨ ਸਾਲ ਦੀ ਪੋਸਟਿੰਗ ਉੱਤ ਚਲਿਆ ਜਾਂਦਾ ਹੈ ਤਾਂ ਉਹ ਆਪਣੇ ਬੱਚਿਆਂ ਦੀ ਪੜ੍ਹਾਈ ਦਾ ਇੰਤਜ਼ਾਮ ਕਰਦਾ ਹੈ ਪਰ ਜੇ ਛੇ ਮਹੀਨਿਆਂ ਤੋਂ ਬਾਅਦ ਉਸ ਨੂੰ ਤੁਰੰਤ ਦੇਸ ਛੱਡਣ ਨੂੰ ਕਿਹਾ ਜਾਂਦਾ ਹੈ ਤਾਂ ਇਹ ਪ੍ਰੇਸ਼ਾਨ ਕਰਨ ਵਾਲੀ ਸਥਿਤੀ ਹੀ ਹੈ।

**ਰਾਅ ਦੇ ਅਧਿਕਾਰੀ ਦਾ ਪਿੱਛਾ**

ਰਾਅ ਅਤੇ ਆਈਐੱਸਆਈ ਦੇ ਹੋੜ ਦੇ ਕਈ ਕਿੱਸੇ ਮਸ਼ਹੂਰ ਹਨ। ਰਾਣਾ ਬੈਨਰਜੀ ਯਾਦ ਕਰਦੇ ਹਨ, ਮੈਂ 1984 ਤੋਂ 1988 ਤੱਕ ਪਾਕਿਸਤਾਨ ਵਿੱਚ ਪੋਸਟਡ ਰਿਹਾ। ਸਾਡੇ ਕੋਲ ਹਰ ਸਮੇਂ ਆਈਐੱਸਆਈ ਦੇ ਲੋਕ ਰਹਿੰਦੇ ਸਨ।ਸਾਡੇ ਘਰ ਦੇ ਸਾਹਮਣੇ ਬੈਠਦੇ ਸਨ। ਸ਼ਿਫ਼ਟ ਹੁੰਦੀ ਸੀ ਉਨ੍ਹਾਂ ਦੀ, ਸਵੇਰੇ ਸਾਢੇ ਸੱਤ ਵਜੇ ਤੋਂ ਸ਼ਾਮ ਅੱਠ ਵਜੇ ਤੱਕ। ਬੈਨਰਜੀ ਯਾਦ ਕਰਦੇ ਹਨ, ਸਾਨੂੰ ਸਿਖਲਾਈ ਦਿੱਤੀ ਜਾਂਦੀ ਸੀ ਕਿ ਤੁਸੀਂ ਨਜ਼ਰ ਰੱਖਣ ਵਾਲਿਆਂ ਵਿੱਚ ਵਕਫ਼ੇ ਦੇਖਣੇ ਹਨ। ਫਿਰ ਉਨ੍ਹਾਂ ਦੇ ਮੁਤਾਬਕ ਆਪਣਾ ਕੰਮ ਕਰਨਾ ਹੈ।ਇੱਕ ਵਾਰ ਉਹ ਮੇਰਾ ਪਿੱਛਾ ਕਰ ਰਹੇ ਸਨ। ਮੈਂ ਡਾਇਵਰਜ਼ਨ ਰੂਟ ਲੈ ਕੇ ਆਪਣੀ ਗੱਡੀ ਰੋਕ ਦਿੱਤੀ। ਜਦੋਂ ਉਨ੍ਹਾਂ ਨੇ ਦੇਖਿਆ ਕਿ ਮੇਰੀ ਗੱਡੀ ਨਜ਼ਰ ਨਹੀਂ ਆ ਰਹੀ ਤਾਂ ਉਨ੍ਹਾਂ ਨੇ ਆਪਣੀ ਕਾਰ ਮੇਰੇ ਘਰ ਵੱਲ ਭਜਾਈ।ਸਾਫ਼ ਹੈ ਕਿ ਮੈਂ ਉੱਥੇ ਨਹੀਂ ਸੀ। ਵਾਪਸੀ ਵਿੱਚ ਉਨ੍ਹਾਂ ਨੇ ਮੈਨੂੰ ਆਪਣੀ ਕਾਰ ਵਿੱਚ ਆਉਂਦੇ ਦੇਖਿਆ ਤਾਂ ਮੈਂ ਉਨ੍ਹਾਂ ਨੂੰ ਚਿੜ੍ਹਾਉਣ ਲਈ ਆਪਣਾ ਹੱਥ ਹਿਲਾਇਆ। ਇਸ ਉੱਤੇ ਬਹੁਤ ਖਿਸਿਆਏ।

**ਗੱਲਬਾਤ ਟੈਪ ਕਰਨ ਦੀ ਕੋਸ਼ਿਸ਼**

ਪਾਕਿਸਤਾਨ ਵਿੱਚ ਰਾਅ ਦੇ ਜਸੂਸਾਂ ਦੇ ਫ਼ੋਨ ਹਮੇਸ਼ਾ ਟੈਪ ਹੁੰਦੇ ਸਨ। ਉਨ੍ਹਾਂ ਦੀ ਆਪਣੇ ਪਰਿਵਾਰ ਵਾਲਿਆਂ ਨਾਲ ਹੋਣ ਵਾਲੀ ਹਰ ਗੱਲਬਾਤ ਸੁਣੀ ਜਾਂਦੀ ਸੀ।ਰਾਣਾ ਬੈਨਰਜੀ ਇੱਕ ਹੋਰ ਕਿੱਸਾ ਸੁਣਾਉਂਦੇ ਹਨ, ਇਸਲਾਮਾਬਾਦ ਵਿੱਚ ਸਾਡਾ ਇੱਕ ਵੇਟਰ ਹੁੰਦਾ ਸੀ। ਉਹ ਐਂਗਲੋ-ਇੰਡੀਅਨ ਇਸਾਈ ਸੀ। ਉਸਦੀ ਇੱਕ ਕਮਜ਼ੋਰੀ ਸੀ। ਉਹ ਜਦੋਂ ਵੀ ਸ਼ਰਾਬ ਵਰਤਾਉਂਦਾ ਸੀ, ਉਸ ਤੋਂ ਪਹਿਲਾਂ ਉਹ ਖ਼ੁਦ ਵੀ ਦੋ ਘੁੱਟ ਲਾ ਲਿਆ ਕਰਦਾ ਸੀ।ਉਸ ਨੂੰ ਰੋਕਣ ਲਈ ਅਸੀਂ ਕਹਿੰਦੇ ਸੀ ਕਿ ਪਾਰਟੀ ਖ਼ਤਮ ਹੋ ਜਾਣ ਤੋਂ ਬਾਅਦ ਅਸੀਂ ਤੁਹਾਨੂੰ ਡ੍ਰਿੰਕ ਦੇ ਦੇਵਾਂਗੇ, ਜਿਸ ਨੂੰ ਤੁਸੀਂ ਆਪਣੇ ਘਰ ਵੀ ਲੈ ਕੇ ਜਾ ਸਕਦਾ ਹੈ। ਲੇਕਿਨ ਉਹ ਮੰਨਦਾ ਨਹੀਂ ਸੀ। ਇਹੀ ਕਾਰਨ ਸੀ ਕਿ ਬੈਨਰਜੀ ਉਸ ਉੱਤੇ ਨਜ਼ਰ ਰੱਖਦੇ ਸਨ।ਉਹ ਲਿਖਦੇ ਹਨ, ਇੱਕ ਵਾਰ ਮੈਂ ਦੇਖਿਆ ਕਿ ਉਹ ਅਜੀਬ ਤਰੀਕੇ ਨਾਲ ਖੜ੍ਹਾ ਸੀ ਅਤੇ ਆਪਣੇ ਪੈਰਾਂ ਨਾਲ ਕੋਈ ਚੀਜ਼ ਥੱਲੇ ਖਿਸਕਾ ਰਿਹਾ ਸੀ। ਮੈਂ ਦੇਖਿਆ ਕਿ ਉਹ ਇੱਕ ਛੋਟੀ ਜਿਹੀ ਸੀਖਾਂ ਵਾਲੀ ਡੱਬੀ ਵਰਗੀ ਕੋਈ ਚੀਜ਼ ਸੀ।ਦਰਅਸਲ ਉਹ ਡਾਈਨਿੰਗ ਰੂਪ ਵਿੱਚ ਹੀਅਰਿੰਗ ਡਿਵਾਈਸ ਲਾ ਰਿਹਾ ਸੀ। ਖ਼ੈਰ, ਮੈਂ ਉਸ ਉਪਕਰਣ ਨੂੰ ਬੰਦ ਕਰਕੇ ਪਾਸੇ ਰੱਖ ਦਿੱਤਾ। ਪਾਰਟੀ ਹੁੰਦੀ ਰਹੀ ਜਿਵੇਂ ਕੁਝ ਵੀ ਨਾ ਹੋਇਆ ਹੋਵੇ। ਅਗਲੇ ਦਿਨ ਸਾਡੇ ਰਾਜਦੂਤ ਨੇ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੂੰ ਇਸਦੀ ਸ਼ਿਕਾਇਤ ਕੀਤੀ।

## ਰਾਅ ਅਧਿਕਾਰੀ ਦਾ ਕੋਪਨਹੇਗਨ ਤੱਕ ਪਿੱਛਾ

ਰਾਅ ਦੇ ਮੁਖੀ ਰਹੇ ਸੰਕਰਨ ਨਾਇਰ ਆਪਣੀ ਸਵੈ-ਜੀਵਨੀ 'ਇਨਸਾਈਡ ਆਈਬੀ ਐਂਡ ਰਾਅ ਦਿ ਰੋਲਿੰਗ ਸਟੋਨ ਦੈਟ ਗੈਦਰ ਮਾਸ' ਵਿੱਚ ਲਿਖਦੇ ਹਨ, 1960 ਅਤੇ 70 ਦੇ ਦਹਾਕੇ ਵਿੱਚ ਖ਼ਾਨ ਅਬਦੁਲ ਗ਼ਫ਼ਾਰ ਖਾਨ ਦੇ ਪੁੱਤਰ ਵਲੀ ਖ਼ਾਨ ਲੰਦਨ ਵਿੱਚ ਜਲਾਵਤਨੀ ਦਾ ਜੀਵਨ ਜਿਉਂ ਰਹੇ ਸਨ। ਉਹ ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਬਣੇ ਭੁੱਟੋ ਦੇ ਕੱਟੜ ਵਿਰੋਧੀ ਸਨ। ਉਹ ਸਿਆਸੀ ਅਤੇ ਨੈਤਿਕ ਹਮਾਇਤ ਲਈ ਇੰਦਰਾ ਗਾਂਧੀ ਨੂੰ ਇੱਕ ਸੁਨੇਹਾ ਭੇਜਣਾ ਚਾਹੁੰਦੇ ਸਨ। ਮੈਨੂੰ ਉਨ੍ਹਾਂ ਨੂੰ ਮਿਲਣ ਲਈ ਕਿਹਾ ਗਿਆ। ਨਾਇਰ ਲਿਖਦੇ ਹਨ, ਇਹ ਮੁਲਾਕਾਤ ਕਿਸੇ ਦੂਜੇ ਦੇਸ ਵਿੱਚ ਹੋਣੀ ਸੀ ਕਿਉਂਕਿ ਲੰਡਨ ਵਿੱਚ ਵੀ ਪਾਕਿਸਤਾਨੀ ਦੂਤਾਵਾਸ ਉਨ੍ਹਾਂ ਦੇ ਉੱਪਰ ਨਿਗ੍ਹਾ ਰੱਖ ਰਿਹਾ ਸੀ। ਮੈਂ ਪਹਿਲਾਂ ਲੰਡਨ ਗਿਆ ਅਤੇ ਫਿਰ ਉੱਥੋਂ ਡੈਨਮਾਰਕ ਦੀ ਰਾਜਧਾਨੀ ਕੋਪਨਹੇਗਨ ਗਿਆ।ਜਦੋਂ ਮੈਂ ਨਾਸ਼ਤਾ ਕਰ ਰਿਹਾ ਸੀ ਤਾਂ ਮੈਂ ਆਪਣੇ ਪਿਛਲੀ ਮੇਜ਼ ਉੱਤੇ ਕੁਝ ਲੋਕਾਂ ਨੂੰ ਉਰਦੂ ਬੋਲਦੇ ਹੋਏ ਸੁਣਿਆ। ਮੈਨੂੰ ਸ਼ੱਕ ਹੋ ਗਿਆ ਕਿ ਉਹ ਆਈਐੱਸਆਈ ਦੇ ਏਜੰਟ ਸਨ। ਮੇਰਾ ਸ਼ੱਕ ਉਸ ਸਮੇਂ ਯਕੀਨ ਵਿੱਚ ਬਦਲ ਗਿਆ ਜਦੋਂ ਉਹ ਨਾਸ਼ਤਾ ਛੱਡ ਕੇ ਵਰਾਂਢੇ ਵਿੱਚ ਮੇਰੀ ਅਤੇ ਵਲੀ ਖ਼ਾਨ ਦੀ ਤਲਾਸ਼ ਕਰਨ ਲੱਗ ਪਏ। ਨਾਇਰ ਨੇ ਤੁਰੰਤ ਮੁਲਾਕਾਤ ਦੀ ਥਾਂ ਬਦਲੀ, ਉਨ੍ਹਾਂ ਨੇ ਵਲੀ ਖ਼ਾਨ ਨੂੰ ਉਨ੍ਹਾਂ ਦੀ ਪਸੰਦੀਦਾ ਮਿਠਾਈ ਕੇਸੀ ਦਾਸ ਦੇ ਰਸਗੁੱਲਿਆਂ ਦਾ ਟਿਨ ਤੋਹਫ਼ੇ ਵਿੱਚ ਦਿੱਤਾ, ਜਿਸ ਤੋਂ ਉਹ ਬਹੁਤ ਖ਼ੁਸ਼ ਹੋਏ।ਭਾਰਤ ਵਾਪਸ ਆ ਕੇ ਨਾਇਰ ਨੇ ਵਲੀ ਖ਼ਾਨ ਦਾ ਸੁਨੇਹਾ ਇੰਦਰਾ ਗਾਂਧੀ ਨੂੰ ਦਿੱਤਾ।

## ਰਾਅ ਅਤੇ ਆਈਐੱਸਆਈ ਦੀ ਤੁਲਨਾ

ਆਈਐੱਸਆਈ ਪਾਕਿਸਤਾਨ ਦੀ ਖੁਫੀਆ ਏਜੰਸੀ ਹੈ। ਇਸ ਲਈ ਰਾਅ ਦੀ ਉਸ ਨਾਲ ਤੁਲਨਾ ਹੋਣਾ ਕੁਦਰਤੀ ਹੈ।ਰਾਅ ਦੇ ਮੁਖੀ ਰਹੇ ਵਿਕਰਮ ਸੂਦ ਆਪਣੀ ਕਿਤਾਬ 'ਦਿ ਅਨਐਂਡਿੰਗ ਗੇਮ' ਵਿੱਚ ਲਿਖਦੇ ਹਨ, ਜੇ ਦੋਵਾਂ ਏਜੰਸੀਆਂ ਦੀ ਤੁਲਨਾ ਕੀਤੀ ਜਾਵੇ ਤਾਂ ਰਾਅ ਨੂੰ ਕਿਸੇ ਤਰ੍ਹਾਂ ਦੀ ਗ੍ਰਿਫ਼ਤਾਰੀ ਕਰਨ ਦਾ ਅਧਿਕਾਰ ਨਹੀਂ ਹੈ।ਨਾ ਹੀ ਇਹ ਅੱਧੀ ਰਾਤ ਨੂੰ ਬੂਹਾ ਖੜਕਾਉਂਦੀ ਹੈ, ਰਾਅ ਦੇਸ ਦੇ ਅੰਦਰ ਜਸੂਸੀ ਨਹੀਂ ਕਰਦੀ ਜਦਕਿ ਆਈਐੱਸਆਈ ਇਹ ਸਾਰਾ ਕੁਝ ਕਰਦੀ ਹੈ। ਰਾਅ ਦੇਸ ਦੇ ਪ੍ਰਧਾਨ ਮੰਤਰੀ ਨੂੰ ਜਵਾਬਦੇਹ ਹੈ ਜਦਕਿ ਆਈਐੱਸਆਈ ਫ਼ੌਜ ਮੁਖੀ ਨੂੰ ਰਿਪੋਰਟ ਕਰਦੀ ਹੈ। ਹਾਲਾਂਕਿ ਕਾਗਜ਼ਾਂ ਵਿੱਚ ਦਿਖਾਇਆ ਗਿਆ ਹੈ ਕਿ ਉਹ ਪ੍ਰਧਾਨ ਮੰਤਰੀ ਨੂੰ ਰਿਪੋਰਟ ਕਰਦੀ ਹੈ। ਆਈਐੱਸਆਈ ਦਾ ਇਤਿਹਾਸ ਰਾਅ ਤੋਂ ਕਿਤੇ ਪੁਰਾਣਾ ਹੈ। ਇਸ ਦੀ ਸਥਾਪਨਾ 1948 ਵਿੱਚ ਬ੍ਰਿਟਿਸ਼ ਫ਼ੌਜ ਵਿੱਚ ਕੰਮ ਕਰ ਰਹੇ ਇੱਕ ਆਸਟ੍ਰੇਲੀਆਈ ਅਫ਼ਸਰ ਮੇਜਰ ਜਨਰਲ ਵਾਲਟਰ ਜੋਜ਼ੇਫ਼ ਨੇ ਕੀਤੀ ਸੀ।ਰਾਅ ਦੇ ਮੁਖੀ ਰਹੇ ਦੁਲਤ ਦੱਸਦੇ ਹਨ, ਆਈਐੱਸਆਈ ਦੇ ਚੀਫ਼ ਰਹੇ ਅਸਦ ਦੁਰਾਨੀ ਕਹਿੰਦੇ ਸਨ ਕਿ ਤੁਹਾਡੇ ਰਾਅ ਵਾਲੇ ਸਾਡੇ ਤੋਂ ਜ਼ਿਆਦਾ ਹੁਸ਼ਿਆਰ ਹਨ। ਸਾਡੇ ਇੱਥੇ ਜੋ ਆਉਂਦੇ ਹਨ, ਜ਼ਿਆਦਾਤਰ ਫ਼ੌਜੀ ਹਨ।ਹੱਲਾ ਜ਼ਿਆਦਾ ਕਰਦੇ ਹਨ। ਮੇਰਾ ਵੀ ਮੁਲਾਂਕਣ ਹੈ ਕਿ ਅਸੀਂ ਆਈਐੱਸਆਈ ਤੋਂ ਘੱਟ ਨਹੀਂ ਹਾਂ। ਮੈਨੂੰ ਪਾਕਿਸਤਾਨ ਵਿੱਚ ਵੀ ਇਹੀ ਸਵਾਲ ਪੁੱਛਿਆ ਗਿਆ। ਮੈਂ ਜਵਾਬ ਦਿੱਤਾ ਕਿ ਜੇ ਦੁਰਾਨੀ ਸਾਹਿਬ ਕਹਿੰਦੇ ਹਨ ਕਿ ਅਸੀਂ ਬਿਹਤਰ ਹੈ ਤਾਂ ਮੰਨ ਲੈਂਦਾ ਹਾਂ ਪਰ ਮੈਂ ਇਹ ਵੀ ਕਿਹਾ ਕਿ ਆਈਐੱਸਆਈ ਬਹੁਤ ਵੱਡੀ ਏਜੰਸੀ ਹੈ। ਕਾਸ਼ ਮੈਂ ਇੰਨੀ ਵੱਡੀ ਏਜੰਸੀ ਦਾ ਮੁਖੀ ਹੁੰਦਾ, ਇਸ ਉੱਤੇ ਲੋਕਾਂ ਨੇ ਠਹਾਕਾ ਲਾਇਆ।

# ਪੰਜ ਨਵੇਂ ਮੰਤਰੀਆਂ ਨੇ ਚੁੱਕੀ ਸਹੁੰ



ਚੰਡੀਗੜ੍ਹ- ਪੰਜਾਬ ਦੇ ਪੰਜ ਨਵੇਂ ਕੈਬਨਿਟ ਮੰਤਰੀਆਂ ਨੂੰ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅਹੁਦੇ ਅਤੇ ਭੇਦ ਗੁਪਤ ਰੱਖਣ ਦੀ ਸਹੁੰ ਚੁਕਾਈ।ਇੱਥੇ ਰਾਜ ਭਵਨ ਵਿਖੇ ਸਾਦਾ ਸਹੁੰ ਚੁੱਕ ਸਮਾਗਮ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕਈ ਹੋਰ ਪਤਵੰਤਿਆਂ ਦੀ ਹਾਜ਼ਰੀ ਵਿੱਚ ਹੋਇਆ। ਮੁੱਖ ਸਕੱਤਰ ਅਨੁਰਾਗ ਵਰਮਾ ਨੇ ਸਹੁੰ ਚੁੱਕ ਸਮਾਗਮ ਦੀ ਕਾਰਵਾਈ ਚਲਾਈ।ਅੱਜ ਸਹੁੰ ਚੁੱਕਣ ਵਾਲੇ ਨਵੇਂ ਮੰਤਰੀਆਂ ਵਿੱਚ ਹਰਦੀਪ ਸਿੰਘ ਮੁੰਡੀਆਂ (ਵਿਧਾਇਕ ਸਾਹਨੇਵਾਲ), ਬਰਿੰਦਰ ਕੁਮਾਰ ਗੋਇਲ (ਵਿਧਾਇਕ ਲਹਿਰਾ), ਤਰੁਨਪ੍ਰੀਤ ਸਿੰਘ ਸੌਂਦ (ਵਿਧਾਇਕ ਖੰਨਾ), ਡਾ. ਰਵਜੋਤ ਸਿੰਘ (ਵਿਧਾਇਕ ਸ਼ਾਮਚੁਰਾਸੀ) ਅਤੇ ਮਹਿੰਦਰ ਭਗਤ (ਵਿਧਾਇਕ ਜਲੰਧਰ ਪੱਛਮੀ) ਸ਼ਾਮਲ ਹਨ।ਇਸ ਮੌਕੇ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਅਮਨ ਅਰੋੜਾ, ਡਾ. ਬਲਜੀਤ ਕੌਰ, ਡਾ. ਬਲਬੀਰ ਸਿੰਘ, ਲਾਲ ਚੰਦ ਕਟਾਰੂਚੱਕ, ਹਰਭਜਨ ਸਿੰਘ ਈ.ਟੀ.ਓ ਅਤੇ ਕੁਲਦੀਪ ਸਿੰਘ ਧਾਲੀਵਾਲ ਸ਼ਾਮਲ ਸਨ।ਇਸ ਮੌਕੇ ਕਈ ਵਿਧਾਇਕ, ਪਾਰਟੀ ਆਗੂ, ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਅਤੇ ਨਵੇਂ ਬਣੇ ਮੰਤਰੀਆਂ ਦੇ ਪਰਿਵਾਰਕ ਮੈਂਬਰ ਵੀ ਹਾਜ਼ਰ ਹੋਏ।

**ਨਵੇਂ ਮੰਤਰੀ ਪੰਜਾਬ ਦੇ ਲੋਕਾਂ ਦੀਆਂ ਆਸਾਂ-ਉਮੀਦਾਂ 'ਤੇ ਖਰੇ ਉਤਰਨਗੇ: ਭਗਵੰਤ ਮਾਨ**

ਪੰਜਾਬ ਰਾਜ ਭਵਨ ਵਿਖੇ ਸੂਬੇ ਦੇ ਨਵੇਂ ਮੰਤਰੀਆਂ ਨੇ ਸਹੁੰ ਚੁੱਕੀ ਅਤੇ ਲੋਕਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਦਾ ਵੀ ਪ੍ਰਣ ਲਿਆ। ਇਸ ਮੌਕੇ ਸੀ.ਐੱਮ. ਭਗਵੰਤ ਮਾਨ ਨੇ ਨਵ-ਨਿਯੁਕਤ ਮੰਤਰੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ, ਮੈਨੂੰ ਉਮੀਦ ਹੈ ਕਿ ਨਵੇਂ ਮੰਤਰੀ ਸਾਹਿਬਾਨ ਪੰਜਾਬ ਦੇ ਲੋਕਾਂ ਦੀਆਂ ਆਸਾਂ-ਉਮੀਦਾਂ 'ਤੇ ਖਰੇ ਉਤਰਨਗੇ... ਪੰਜਾਬ ਦੇ 3 ਕਰੋੜ ਲੋਕਾਂ ਲਈ ਪੂਰੀ ਇਮਾਨਦਾਰੀ ਨਾਲ਼ ਕੰਮ ਕਰਦੇ ਹੋਏ ਪੰਜਾਬ ਨੂੰ ਫ਼ਿਰ ਤੋਂ ਰੰਗਲਾ ਪੰਜਾਬ ਬਣਾਉਣ 'ਚ ਆਪਣਾ ਯੋਗਦਾਨ ਪਾਉਣਗੇ।

# ਸੂਬੇ ਦੀ ਅਮਨ-ਸ਼ਾਂਤੀ ਅਤੇ ਤਰੱਕੀ ਦੀਆਂ ਦੁਸ਼ਮਣ ਤਾਕਤਾਂ ਮੇਰੇ ਖ਼ਿਲਾਫ਼ ਕੂੜ ਪ੍ਰਚਾਰ ਕਰ ਰਹੀਆਂ ਨੇ : ਮਾਨ




ਚਾਉਕੇ -: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਮਨ-ਸ਼ਾਂਤੀ, ਤਰੱਕੀ ਤੇ ਖ਼ੁਸ਼ਹਾਲੀ ਦੀਆਂ ਦੁਸ਼ਮਣ ਤਾਕਤਾਂ ਉਨ੍ਹਾਂ ਦੇ ਖਿਲਾਫ ਬੇਬੁਨਿਆਦ ਅਫਵਾਹਾਂ ਫੈਲਾ ਰਹੀਆਂ ਹਨ ਤਾਂ ਕਿ ਸੂਬੇ ਦੇ ਵਿਕਾਸ ਨੂੰ ਲੀਹੋਂ ਲਾਹਿਆ ਜਾ ਸਕੇ।ਅੱਜ ਇੱਥੇ ਸੂਬੇ ਦੇ 30 ਆਮ ਆਦਮੀ ਕਲੀਨਿਕ ਜਨਤਾ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਦੀ ਖ਼ੁਸ਼ਹਾਲੀ ਅਤੇ ਸੂਬੇ ਦੀ ਭਲਾਈ ਲਈ ਉਹ ਸਮਰਪਿਤ ਹੋ ਕੇ ਕੰਮ ਕਰ ਰਹੇ ਹਨ ਪਰ ਕੁਝ ਸਿਆਸੀ ਲੀਡਰਾਂ ਨੂੰ ਇਹ ਹਜ਼ਮ ਨਹੀਂ ਹੋ ਰਿਹਾ ਜਿਸ ਕਰਕੇ ਉਹ ਵਾਰ-ਵਾਰ ਮੇਰੇ ਖਿਲਾਫ ਜ਼ਹਿਰ ਉਗਲ ਰਹੇ ਹਨ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੇ ਘਟੀਆ ਹੱਥਕੰਡੇ ਉਨ੍ਹਾਂ ਨੂੰ ਲੋਕਾਂ ਦੀ ਸੇਵਾ ਕਰਨ ਤੋਂ ਨਹੀਂ ਰੋਕ ਸਕਦੇ ਅਤੇ ਉਹ ਸੂਬੇ ਦੇ ਵਿਕਾਸ ਲਈ ਇਸ ਨੇਕ ਕਾਰਜ ਵਿੱਚ ਸਮਰਪਿਤ ਭਾਵਨਾ ਨਾਲ ਜੁਟੇ ਰਹਿਣਗੇ।ਮੁੱਖ ਮੰਤਰੀ ਨੇ ਕਿਹਾ ਕਿ ਸੱਤਾ ਵਿੱਚ ਰਹਿਣ ਵਾਲੇ ਉਨ੍ਹਾਂ ਤੋਂ ਪਹਿਲੇ ਸਿਆਸੀ ਲੀਡਰਾਂ ਨੇ ਕਦੇ ਵੀ ਸੂਬੇ ਜਾਂ ਇੱਥੋਂ ਦੇ ਲੋਕਾਂ ਦਾ ਕੋਈ ਫਿਕਰ ਨਹੀਂ ਕੀਤਾ।ਉਨ੍ਹਾਂ ਕਿਹਾ ਕਿ ਇਨ੍ਹਾਂ ਹੰਕਾਰੀ ਆਗੂਆਂ ਨੇ ਹਮੇਸ਼ਾ ਸੂਬੇ ਲਈ ਕੰਮ ਕਰਨ ਦੀ ਬਜਾਏ ਆਪਣੇ ਨਿੱਜੀ ਮੁਫਾਦ ਅਤੇ ਪਰਿਵਾਰਵਾਦ ਨੂੰ ਤਰਜੀਹ ਦਿੱਤੀ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਦਾ ਇਹ ਰਵੱਈਆ ਪੰਜਾਬ ਅਤੇ ਇਸ ਦੇ ਲੋਕਾਂ ਲਈ ਬਹੁਤ ਘਾਤਕ ਸਿੱਧ ਹੋਇਆ। ਮੁੱਖ ਮੰਤਰੀ ਨੇ ਕਿਹਾ, "ਰਵਾਇਤੀ ਪਾਰਟੀਆਂ ਮੇਰੇ ਨਾਲ ਈਰਖਾ ਕਰਦੀਆਂ ਹਨ ਕਿਉਂਕਿ ਮੈਂ ਸਧਾਰਨ ਪਰਿਵਾਰ ਨਾਲ ਸਬੰਧ ਰੱਖਦਾ ਹਾਂ।ਇਹ ਆਗੂ ਸੱਤਾ ਵਿੱਚ ਬਣੇ ਰਹਿਣ ਦਾ ਆਪਣਾ ਬੁਨਿਆਦੀ ਹੱਕ ਸਮਝਦੇ ਸਨ ਜਿਸ ਕਾਰਨ ਇਨ੍ਹਾਂ ਨੂੰ ਇਹ ਹਜਮ ਨਹੀਂ ਹੋ ਰਿਹਾ ਕਿ ਆਮ ਆਦਮੀ ਸੂਬੇ ਦਾ ਸ਼ਾਸਨਕਾਲ ਏਨੇ ਬਿਹਤਰ ਢੰਗ ਨਾਲ ਕਿਵੇਂ ਚਲਾ ਰਿਹਾ ਹੈ।ਇਨ੍ਹਾਂ ਸਿਆਸਤਦਾਨਾਂ ਨੇ ਲੰਮਾ ਸਮਾਂ ਲੋਕਾਂ ਨੂੰ ਮੂਰਖ ਬਣਾਇਆ ਪਰ ਹੁਣ ਲੋਕ ਇਨ੍ਹਾਂ ਦੇ ਗੁੰਮਰਾਹਕੁੰਨ ਪ੍ਰਚਾਰ ਵਿੱਚ ਨਹੀਂ ਆਉਣਗੇ।" ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਆਪਣੇ ਸਰਕਾਰੀ ਅਹੁਦਿਆਂ ਦੀ ਦੁਰਵਰਤੋਂ ਕਰਕੇ ਸਰਮਾਇਆ ਇਕੱਠਾ ਕੀਤਾ ਅਤੇ ਵੱਡੇ-ਵੱਡੇ ਮਹਿਲ ਉਸਾਰ ਲਏ।

# ਮੁੱਖ ਮੰਤਰੀ ਵੱਲੋਂ ਝੋਨੇ ਦੇ ਖਰੀਦ ਪ੍ਰਬੰਧਾਂ ਦੀ ਨਜ਼ਰਸਾਨੀ



ਚੰਡੀਗੜ੍ਹ- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਵਿੱਚ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਰਾਈਸ ਮਿੱਲਰਾਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਰਾਈਸ ਮਿੱਲਰਾਂ ਵੱਲੋਂ ਸ਼ੈਲਰਾਂ ਵਿੱਚ ਥਾਂ ਦੀ ਘਾਟ ਦਾ ਮੁੱਦਾ ਚੁੱਕਿਆ ਗਿਆ, ਜਿਸ 'ਤੇ ਮੁੱਖ ਮੰਤਰੀ ਨੇ ਇਸ ਮੁੱਦੇ ਬਾਰੇ ਕੇਂਦਰੀ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਤੇ ਮਾਮਲੇ ਨੂੰ ਸੁਲਝਾਉਣ ਲਈ ਉਨ੍ਹਾਂ ਦਾ ਦਖਲ ਮੰਗਿਆ।ਮਾਨ ਨੇ ਕੇਂਦਰੀ ਮੰਤਰੀ ਕੋਲ ਭਾਰਤੀ ਖੁਰਾਕ ਨਿਗਮ (ਐੱਫਸੀਆਈ) ਕੋਲ ਭੰਡਾਰਨ ਲਈ ਥਾਂ ਦੀ ਘਾਟ ਦਾ ਮੁੱਦਾ ਉਠਾਉਂਦਿਆਂ ਕਿਹਾ ਕਿ ਕਿਐੱਫਸੀਆਈ ਨੂੰ ਮਈ ਤੋਂ ਲੈ ਕੇ ਹੁਣ ਤੱਕ ਜਗ੍ਹਾ ਦੀ ਕਾਫ਼ੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਨਾਲ ਸੂਬੇ ਦੇ ਚੌਲ ਮਿੱਲਰਾਂ ਦਰਮਿਆਨ ਆਗਾਮੀ ਸਾਉਣੀ ਸੀਜਨ 2024-25 ਦੌਰਾਨ ਥਾਂ ਦੀ ਘਾਟ ਸਬੰਧੀ ਚਿੰਤਾ ਪੈਦਾ ਹੋ ਗਈ ਹੈ। ਮੁੱਖ ਮੰਤਰੀ ਨੇ ਰਾਈਸ ਮਿੱਲਰਾਂ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਉਨ੍ਹਾਂ ਦਾ ਮੁੱਦਾ ਕੇਂਦਰ ਸਰਕਾਰ ਕੋਲ ਉਠਾ ਰਹੀ ਹੈ ਤੇ ਸਮਾਜ ਦੇ ਹਰ ਵਰਗ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਫਸਲ ਮੰਡੀਆਂ ਵਿੱਚ ਪੁੱਜਦੇ ਸਾਰ ਹੀ ਖਰੀਦਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਮੰਡੀਆਂ ਵਿੱਚੋਂ ਕਿਸਾਨਾਂ ਦੀ ਫਸਲ ਦਾ ਇੱਕ-ਇੱਕ ਦਾਣਾ ਖਰੀਦਣ ਲਈ ਵਚਨਬੱਧ ਹੈ ਤੇ ਉਨ੍ਹਾਂ ਨੂੰ ਮੰਡੀਆਂ 'ਚ ਆਪਣੀ ਫਸਲ ਦੀ ਵਿਕਰੀ ਦੌਰਾਨ ਕੋਈ ਔਕੜ ਨਹੀਂ ਆਉਣ ਦਿੱਤੀ ਜਾਵੇਗੀ।

# ਸ਼੍ਰੋਮਣੀ ਕਮੇਟੀ ਦਾ ਵਫ਼ਦ ਮੇਘਾਲਿਆ ਦੇ ਮੁੱਖ ਸਕੱਤਰ ਨੂੰ ਮਿਲਿਆ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਨੇ ਅੱਜ ਮੇਘਾਲਿਆ ਸਰਕਾਰ ਦੇ ਮੁੱਖ ਸਕੱਤਰ ਡੋਨਲਡ ਫਿਲਿਪਸ ਵਾਹਲੈਂਗ ਨਾਲ ਮੁਲਾਕਾਤ ਕਰਕੇ ਸ਼ਿਲਾਂਗ ਦੀ ਪੰਜਾਬੀ ਕਲੋਨੀ ਵਿੱਚ ਸਥਿਤ 200 ਸਾਲ ਪੁਰਾਣੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਢਾਹੁਣ ਦੀ ਕਾਰਵਾਈ ਤੁਰੰਤ ਰੋਕਣ ਲਈ ਮੰਗ ਪੱਤਰ ਸੌਂਪਿਆ। ਗੁਰਦੁਆਰਾ ਢਾਹੁਣ ਦੀ ਕਾਰਵਾਈ ਮੇਘਾਲਿਆ ਸਰਕਾਰ ਵੱਲੋਂ ਕੀਤੀ ਜਾ ਰਹੀ ਹੈ।ਸ਼ਿਲਾਂਗ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਗੁਰਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਦੇ ਸਕੱਤਰੇਤ ਤੱਕ ਪਹੁੰਚ ਕਰਕੇ ਇਹ ਜਾਣਕਾਰੀ ਦਿੱਤੀ ਸੀ ਕਿ ਮੇਘਾਲਿਆ ਸਰਕਾਰ ਦੀ ਉੱਚ ਪੱਧਰੀ ਕਮੇਟੀ ਵੱਲੋਂ ਸ਼ਿਲਾਂਗ ਦੇ ਬੜਾ ਬਜ਼ਾਰ ਦੀ ਪੰਜਾਬੀ ਕਲੋਨੀ ਵਿੱਚ ਸਥਿਤ ਗੁਰਦੁਆਰੇ ਦੇ ਨਾਲ-ਨਾਲ ਹੋਰ ਧਾਰਮਿਕ ਸਥਾਨ ਢਾਹੁਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਸ ਨਾਲ ਸਿੱਖ ਭਾਈਚਾਰੇ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਸੀ ਕਿ ਇਸ ਮਾਮਲੇ ਵਿੱਚ ਸਿੱਖ ਸੰਸਥਾਵਾਂ ਤੁਰੰਤ ਦਖਲ ਦੇਣ ਅਤੇ ਗੁਰਦੁਆਰੇ ਨੂੰ ਬੜਾ ਬਾਜ਼ਾਰ ਅੰਦਰ ਪੰਜਾਬੀ ਕਲੋਨੀ ਵਾਲੀ ਜਗ੍ਹਾ 'ਤੇ ਹੀ ਸੁਰੱਖਿਅਤ ਰੱਖੇ ਜਾਣ ਲਈ ਕਾਰਵਾਈ ਕੀਤੀ ਜਾਵੇ। ਇਸ 'ਤੇ ਕਾਰਵਾਈ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ,




ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ ਆਧਾਰਤ ਵਫ਼ਦ ਮੇਘਾਲਿਆ ਦੀ ਸਰਕਾਰ ਨਾਲ ਗੱਲਬਾਤ ਕਰਨ ਲਈ ਸ਼ਿਲਾਂਗ ਪੁੱਜਾ। ਇਸ ਦੌਰਾਨ ਵਫਦ ਨੇ ਜ਼ੋਰਦਾਰ ਤਰੀਕੇ ਨਾਲ ਸਥਾਨਕ ਸਿੱਖਾਂ ਦੀ ਅਵਾਜ਼ ਉਠਾਈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਇਸ ਮਾਮਲੇ ਨੂੰ ਲੈ ਕੇ ਮੇਘਾਲਿਆ ਸਰਕਾਰ ਦੇ ਮੁੱਖ ਸਕੱਤਰ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ ਗਿਆ ਹੈ ਅਤੇ ਸਰਕਾਰ ਤੋਂ ਆਸ ਪ੍ਰਗਟਾਈ ਗਈ ਹੈ ਕਿ ਉਹ ਸਿੱਖ ਭਾਵਨਾਵਾਂ ਦੀ ਕਦਰ ਕਰਦਿਆਂ ਚੱਲ ਰਹੀ ਕਾਰਵਾਈ ਤੁਰੰਤ ਰੋਕਣਗੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਢਲਾ ਫ਼ਰਜ਼ ਹੈ ਕਿ ਸੂਬੇ ਅੰਦਰ ਵੱਸਦੇ ਹਰ ਧਰਮ ਅਤੇ ਭਾਈਚਾਰੇ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦੀ ਰਖਵਾਲੀ ਕਰੇ। ਉਨ੍ਹਾਂ ਕਿਹਾ ਕਿ ਸ਼ਿਲਾਂਗ ਦੀ ਪੰਜਾਬੀ ਲੇਨ ਵਿੱਚ ਵਸੇ ਸਿੱਖ ਪਰਿਵਾਰਾਂ ਦੇ ਘਰ ਢਾਹੁਣ ਦੀ ਕਾਰਵਾਈ ਦਾ ਮਾਮਲਾ ਵੀ ਲੰਮੇ ਸਮੇਂ ਤੋਂ ਚੱਲ ਰਿਹਾ ਹੈ। ਇਸ ਵਿੱਚ ਵੀ ਮੇਘਾਲਿਆ ਸਰਕਾਰ ਨੂੰ ਸਥਾਨਕ ਸਿੱਖਾਂ ਦੇ ਰਿਹਾਇਸ਼ੀ ਹੱਕਾਂ ਦੀ ਸੁਰੱਖਿਆ ਕਰਦਿਆਂ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਨਾਲ ਕੋਈ ਧੱਕਾ ਨਾ ਹੋਵੇ। ਇਸ ਮੌਕੇ ਸੇਵ ਸ਼ਿਲਾਂਗ ਸਿੱਖਸ ਸੰਸਥਾ ਦੇ ਕਨਵੀਨਰ ਪ੍ਰੋ. ਜਗਮੋਹਨ ਸਿੰਘ ਅਤੇ ਸਥਾਨਕ ਸਿੱਖ ਨੁਮਾਇੰਦੇ ਵੀ ਹਾਜ਼ਰ ਸਨ।

# ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਪੰਜਾਬ ਭਰ ਵਿੱਚ ਰੋਸ ਪ੍ਰਦਰਸ਼ਨ

ਚੰਡੀਗੜ੍ਹ- ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਵੱਲੋਂ ਨਕਲੀ ਖਾਦਾਂ ਦੀ ਵਿਕਰੀ, ਡੀਏਪੀ ਦੀ ਘਾਟ ਅਤੇ ਖਾਦਾਂ ਖਰੀਦਣ ਸਮੇਂ ਨੈਨੋ ਖਾਦਾਂ ਅਤੇ ਕੀਟਨਾਸ਼ਕ ਨੂੰ ਜ਼ਬਰੀ ਕਿਸਾਨਾਂ ਨੂੰ ਮੜ੍ਹਨ ਵਿਰੁੱਧ ਅੱਜ ਪੰਜਾਬ ਦੇ 16 ਜ਼ਿਲ੍ਹਿਆਂ ਵਿੱਚ ਰੋਸ ਪ੍ਰਦਰਸ਼ਨ ਕੀਤੇ। ਇਸ ਦੌਰਾਨ ਕਿਸਾਨਾਂ ਨੇ 15 ਡਿਪਟੀ ਕਮਿਸ਼ਨਰਾਂ ਤੇ 2 ਐੱਸਡੀਐਮ ਰਾਹੀਂ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਮ ਮੰਗ ਪੱਤਰ ਸੌਂਪੇ।ਇਸ ਦੌਰਾਨ ਉਨ੍ਹਾਂ ਕਿਸਾਨਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦਾ ਜਲਦ ਹੱਲ ਕੱਢਣ ਦੀ ਮੰਗ ਕੀਤੀ। ਇਸ ਦੌਰਾਨ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਰੂਪ ਸਿੰਘ ਛੰਨਾਂ, ਜਨਕ ਸਿੰਘ ਭੁਟਾਲ, ਜਗਤਾਰ ਸਿੰਘ ਕਾਲਾਝਾੜ, ਹਰਦੀਪ ਸਿੰਘ ਟੱਲੇਵਾਲ, ਹਰਿੰਦਰ ਕੌਰ ਬਿੰਦੂ, ਕਮਲਜੀਤ



ਕੌਰ ਬਰਨਾਲਾ ਅਤੇ ਕੁਲਦੀਪ ਕੌਰ ਕੁੱਸਾ ਸਣੇ ਹੋਰਨਾਂ ਆਗੂਆਂ ਨੇ ਸੰਬੋਧਨ ਕੀਤਾ। ਕਿਸਾਨ ਆਗੂਆਂ ਨੇ ਵੱਖ-ਵੱਖ ਥਾਵਾਂ 'ਤੇ ਪ੍ਰਦਰਸ਼ਨਾਂ ਨੂੰ ਸੰਬੋਧਨ ਕਰਦਿਆਂ ਮੰਗ ਕੀਤੀ ਕਿ ਸੂਬੇ ਵਿੱਚ ਨਕਲੀ ਖਾਦਾਂ ਦੀ ਵਿਕਰੀ 'ਤੇ ਰੋਕ ਲਾਈ ਜਾਵੇ ਅਤੇ ਅਜਿਹੀਆਂ ਉਤਪਾਦਕ ਕੰਪਨੀਆਂ ਅਤੇ ਡੀਲਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪ੍ਰਚਲਤ ਖਾਦਾਂ ਦੇ ਨਾਲ ਨੈਨੋ ਖਾਦਾਂ ਤੇ ਹੋਰ ਵਾਧੂ ਵਸਤਾਂ ਸਹਿਕਾਰੀ ਸਭਾਵਾਂ ਅਤੇ ਆਮ ਡੀਲਰਾਂ ਵੱਲੋਂ ਕਿਸਾਨਾਂ ਨੂੰ ਮੜ੍ਹਨਾ ਬੰਦ ਕੀਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਖਾਦਾਂ ਦਾ ਬਨਾਉਟੀ ਸੰਕਟ ਖੜ੍ਹਾ ਕਰ ਕੇ ਨਕਲੀ ਖਾਦਾਂ ਦੇ ਉਤਪਾਦਕ ਅਤੇ ਕਾਲਾਬਜ਼ਾਰੀ ਰਾਹੀਂ ਕਿਸਾਨਾਂ ਦੀ ਅੰਨ੍ਹੀ ਲੁੱਟ ਕੀਤੀ ਜਾ ਰਹੀ ਹੈ। ਕਿਸਾਨ ਆਗੂਆਂ ਨੇ ਸੂਬਾ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਇਸ ਕਾਲੇ ਧੰਦੇ ਨੂੰ ਬੰਦ ਕੀਤਾ ਜਾਵੇ।

# ਫ਼ਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 29 ਵੀਂ ਬਰਸੀ ਮੌਕੇ ਵਿਸ਼ੇਸ਼ ਸਮਾਗਮ



ਫ਼ਰਿਜ਼ਨੋ: ਸਥਾਨਕ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ’ਚ ਬਣੇ ਖਾਲੜਾ ਪਾਰਕ ’ਚ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਪ੍ਰਬੰਧਕ ਕਮੇਟੀ ਵਲੋਂ ਇੰਡੋ-ਯੂਐਸ ਹੈਰੀਟੇਜ਼ ਦੇ ਸਹਿਯੋਗ ਨਾਲ ’ਤੇ ਜੈਕਾਰਾ ਮੂਵਮਿੰਟ ਦੇ ਨੌਜਵਾਨਾਂ ਦੇ ਉੱਦਮ ਸਦਕੇ ਇੱਕ ਵਿਸ਼ੇਸ਼ ਸਮਾਗਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 29ਵੀਂ ਬਰਸੀ ਨੂੰ ਮੁੱਖ ਰੱਖ ਕੇ ਕਰਵਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਉੱਥੇ ਕਿਸਾਨੀ ਸੰਘਰਸ਼ ’ਚ ਸ਼ਹੀਦ ਹੋਏ ਕਿਸਾਨਾਂ ਅਤੇ 9/11 ਦੀ 23ਵੀਂ ਬਰਸੀ ਮੌਕੇ ਅਮਰੀਕਾ ’ਚ ਖਾੜਕੂ ਹਮਲੇ ’ਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ।

ਸਮਾਗਮ ਦੀ ਸ਼ੁਰੂਆਤ ਕੁਲਵੰਤ ਸਿੰਘ ਖਹਿਰਾ ਨੇ ਸੁਖਮਨੀ ਸਹਿਬ ਦੇ ਪਾਠ ਕਰਕੇ ਕੀਤੀ। ਉਪਰੰਤ ਅਮੈਰਕਿਨ ਫ਼ਲੈਗ ਨੂੰ ਸੈਲਿਊਟ ਕੀਤਾ ਗਿਅ। ਪਿਛੋਂ ਸਟੇਜ ਦੀ ਸ਼ੁਰੂਆਤ ਰਾਜ ਸਿੱਧੂ ਮੋਗਾ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖ ਕੇ ਕੀਤੀ। ਇਸ ਪਿੱਛੋਂ ਗਾਇਕ ਰਾਜ ਬਰਾੜ ਨੇ ਧਾਰਮਿਕ ਗੀਤ ਨਾਲ ਸਟੇਜ਼ ਨੂੰ ਅੱਗੇ ਤੋਰਿਆ। ਗਾਇੱਕ ਪੱਪੀ ਭਦੌੜ, ਕਮਲਜੀਤ ਬੈਨੀਪਾਲ, ਜੋਤ ਰਣਜੀਤ ਕੌਰ ਅਤੇ ਜਗਦੇਵ ਸਿੰਘ ਧੰਜ਼ਲ ਨੇ ਇਨਕਲਾਬੀ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ’ਚ ਪੰਜਾਬੀ ਰੇਡੀਓ ਦੇ ਹੋਸਟ ਪ੍ਰਵੀਨ ਕੁਮਾਰ ਸ਼ਰਮਾ, ਪਰਮਪਾਲ ਸਿੰਘ, ਮਲਕੀਤ ਸਿੰਘ ਕਿੰਗਰਾ, ਹਰਨੇਕ ਸਿੰਘ ਲੋਹਗੜ, ਸੁਰਿੰਦਰ ਮੰਡਾਲੀ, ਕਾਕਾ ਏਕਨੂਰ ਸਿੰਘ ਬੇਕਰਸਫ਼ੀਲਡ, ਸੁੱਖਦੇਵ ਸਿੰਘ ਸਿੱਧੂ, ਨੈਂਣਦੀਪ ਸਿੰਘ ਚੰਨ, ਰਣਜੀਤ ਗਿੱਲ, ਸਰਬਜੀਤ ਸਿੰਘ, ਸਾਧੂ ਸਿੰਘ ਸੰਘਾ ਅਤੇ ਨਿਰਮਲ ਸਿੰਘ ਧਨੌਲਾ ਆਦਿ ਨੇ ਸਟੇਜ਼ ਤੋਂ ਹਾਜ਼ਰੀ ਭਰੀ।

ਇਸ ਮੌਕੇ ਕਾਂਗਰਸ ਲਈ ਰਨ ਕਰ ਰਹੇ ਮਾਇਕਲ ਮਾਹਿਰ ਨੇ ਵੀ ਖਾਲੜਾ ਸਹਿਬ ਨੂੰ ਯਾਦ ਕੀਤਾ ਅਤੇ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਉਹਨਾਂ ਨੂੰ ਸਿਰੋਪਾਓ ਦੇਕੇ ਨਿਵਾਜਿਆ। ਇਸ ਮੌਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਉਨਾਂ ਦੀ ਬੇਟੀ ਬੀਬੀ ਨਵਕਿਰਨ ਕੌਰ ਖਾਲੜਾ ਉਚੇਚੇ ਤੌਰ ’ਤੇ ਪਹੁੰਚੇ ਹੋਏ ਸਨ। ਉਨ੍ਹਾਂ ਵੀ ਆਪਣੇ ਵਿੱਚਾਰ ਰੱਖੇ ਤੇ ਇਸ ਮੌਕੇ ਬਾਬਿਆ ਦੀ ਪਾਰਕ ਵਾਲੀ ਕਮੇਟੀ ਵਲੋਂ ਉਨ੍ਹਾਂ ਨੂੰ ਸ਼ਾਲ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਹੋਸਟ ਜੋਤ ਰਣਜੀਤ ਕੌਰ, ਪੱਤਰਕਾਰ ਨੀਟਾ ਮਾਛੀਕੇ, ਦਿਲਬੀਰ ਸਿੰਘ ਗਿੱਲ (ਖਾਲੜਾ ਸਹਿਬ ਦੇ ਜਵਾਈ), ਅਮਰੀਕ ਸਿੰਘ, ਸਰਪੰਚ ਅਵਤਾਰ ਸਿੰਘ ਆਦਿ ਨੂੰ ਵੀ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸਿਰੋਪਾਓ ਦਿੱਤੇ ਗਏ।ਅੰਤ ’ਚ ਖਾਲੜਾ ਪਾਰਕ ਵਾਲਿਆ ਬਾਬਿਆਂ ਦੀ ਕਮੇਟੀ ਦੇ ਮੋਢੀ ਮੈਂਬਰ ਹਰਦੇਵ ਸਿੰਘ ਸਿੱਧੂ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਬੰਧਕਾਂ ਵਲੋਂ ਚਾਹ ਪਕੌੜਿਆ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਨੇ ਜਲੇਬੀਆਂ ਦਾ ਲੰਬਰ ਵਰਤਾਇਆ ਗਿਆ। ਇਸ ਪ੍ਰੋਗਰਾਮ ਦੀ ਕਾਮਯਾਬੀ ਦਾ ਸਿਹਰਾ ਸਮੂਹ ਇੰਡੋ-ਯੂਐਸ ਹੈਰੀਟੇਜ਼, ਸਮੂਹ ਖਾਲੜਾ ਪਾਰਕ ਵਾਲੇ ਬਾਬਿਆ ਅਤੇ ਨੌਜਵਾਨਾ ਦੀ ਪਾਰਕ ਕਮੇਟੀ ਅਤੇ ਜੈਕਾਰਾ ਮੂਵਮਿੰਟ ਦੇ ਅਣਥੱਕ ਮੈਂਬਰਾਂ ਸਿਰ ਬੱਝਦਾ ਹੈ। ਇਸ ਮੌਕੇ ਇੰਡੋ-US ਹੈਰੀਟੇਜ ਅਤੇ ਬਾਬਿਆਂ ਦੀ ਕਮੇਟੀ ਵਲੋਂ ਐਲਾਨ ਕੀਤਾ ਗਿਆ ਕਿ ਸਤੰਬਰ ਦੇ ਤੀਸਰੇ ਸ਼ਨੀਵਾਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇਹ ਬਰਸੀ ਹਰੇਕ ਸਾਲ ਮਨਾਈ ਜਾਂਦੀ ਹੈ, ਉਨ੍ਹਾਂ ਸੰਗਤ ਦੇ ਸਹਿਯੋਗ ਲਈ ਅਤੇ ਵੌਲੰਟੀਅਰ ਵੀਰਾ ਦੀ ਮਿਹਨਤ ਲਈ ਉਨ੍ਹਾਂ ਦਾ ਸ਼ਪੈਸ਼ਲ ਧੰਨਵਾਦ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। ਇਸ ਮੌਕੇ ਹਾਕਮ ਸਿੰਘ ਢਿੱਲੋ, ਜਸਪਾਲ ਸਿੰਘ ਬਿਲਾਸਪੁਰ, ਭਰਪੂਰ ਸਿੰਘ ਬਰਾੜ, ਅਮਰਜੀਤ ਸਿੰਘ ਦੌਧਰ, ਰਾਜਪਾਲ ਸਿੰਘ ਬੇਕਰਸਫ਼ੀਲ, ਸੁਰਿੰਦਰ ਸਿੰਘ ਬੇਕਰਜ਼ਫ਼ੀਲਡ ਅਤੇ ਕਲੋਵਿਸ ਪਾਰਕ ਵਾਲੇ ਸੱਜਣਾਂ ਦੀ ਮਜੂਦਗੀ ਵੀ ਅਹਿਮ ਰਹੀ।

# ਪੜ੍ਹੇ-ਲਿਖੇ ਪਰਵਾਸੀਆਂ ਚੋਂ 20 ਲੱਖ ਗਿਣਤੀ ਨਾਲ ਅਮਰੀਕਾ ’ਚ ਭਾਰਤੀ ਸਭ ਤੋਂ ਅੱਗੇ



ਵਾਸ਼ਿੰਗਟਨ: ਅਮਰੀਕਾ ’ਚ ਵੱਡੀ ਗਿਣਤੀ ’ਚ ਪਰਵਾਸੀ ਭਾਰਤੀ ਹਨ। ਅਮਰੀਕਾ ਰਹਿੰਦੇ ਭਾਰਤੀਆਂ ਨੇ ਪੜ੍ਹਾਈ ਦੇ ਖੇਤਰ ’ਚ ਆਪਣਾ ਦਬਦਬਾ ਕਾਇਮ ਕੀਤਾ ਹੈ। ਅਮਰੀਕਾ ਸਥਿਤ ਇੱਕ ਥਿੰਕਟੈਂਕ ਮਾਈਗ੍ਰੇਸ਼ਨ ਪੌਲਿਸੀ ਇੰਸਟੀਚਿਊਟ ਦੁਆਰਾ ਕੀਤੇ ਗਏ ਇੱਕ ਤਾਜ਼ਾ ਵਿਸ਼ਲੇਸ਼ਣ ਨੇ ਖ਼ੁਲਾਸਾ ਕੀਤਾ ਹੈ ਕਿ ਲਗਭਗ 48% ਤਾਜ਼ੇ ਪਰਵਾਸੀ, ਜੋ 2018 ਅਤੇ 2022 ਵਿਚਕਾਰ ਅਮਰੀਕਾ ਆਏ ਸਨ, ਕੋਲ ਕਾਲਜ ਦੀ ਡਿਗਰੀ ਹੈ। ਇੱਕ ਸੀਨੀਅਰ ਨੀਤੀ ਵਿਸ਼ਲੇਸ਼ਕ ਜੀਨ ਬਟਾਲੋਵਾ ਦੁਆਰਾ ਕੀਤੇ ਗਏ ਇਸ ਅਧਿਐਨ ਦਾ ਹਵਾਲਾ ਦਿੰਦੇ ਹੋਏ ਦੱਸਿਆ ਗਿਆ ਹੈ ਕਿ 2022 ਤਕ ਸਾਰੇ ਪਰਵਾਸੀ ਬਾਲਗਾਂ (14.1 ਮਿਲੀਅਨ ਲੋਕਾਂ) ’ਚੋਂ 35 ਪ੍ਰਤੀਸ਼ਤ ਕੋਲ ਬੈਚਲਰਜ਼ ਡਿਗਰੀ ਜਾਂ ਇਸ ਤੋਂ ਵੱਧ ਸੀ, ਜੋ ’ਚ ਜਨਮੇ ਸਾਰੇ ਬਾਲਗਾਂ (67.8 ਮਿਲੀਅਨ) ਦੇ 36% ਦੇ ਬਰਾਬਰ ਹੈ ਕਾਲਜ ਗ੍ਰੈਜੂਏਟ ਹੋਏ ਸਨ। ਭਾਰਤ ਪੜ੍ਹੇ-ਲਿਖੇ ਪਰਵਾਸੀਆਂ ਦੇ ਗਲੋਬਲ ਪੂਲ ਦੀ ਅਗਵਾਈ ਕਰ ਰਿਹਾ ਹੈ ਜਿਸ ’ਚ 20 ਲੱਖ ਡਿਗਰੀ ਧਾਰਕ ਜਾਂ ਕੁੱਲ ਪੜ੍ਹੀ-ਲਿਖੀ ਪਰਵਾਸੀ ਆਬਾਦੀ ਦਾ 14% ਹਿੱਸਾ ਸ਼ਾਮਿਲ ਹੈ। ਚੀਨ (ਹੌਂਗ ਕੌਂਗ ਸਮੇਤ) ਦੇ 1.1 ਮਿਲੀਅਨ ਪੜ੍ਹੇ-ਲਿਖੇ ਪਰਵਾਸੀ ਹਨ ਜੋ ਕਿ 2022 ਤਕ ਕੁੱਲ ਕਾਲਜ-ਪੜ੍ਹੇ-ਲਿਖੇ ਪਰਵਾਸੀ ਆਬਾਦੀ ਦਾ 7.9 ਪ੍ਰਤੀਸ਼ਤ ਬਣਾਉਂਦੇ ਹਨ। ਫ਼ਿਲੀਪੀਨਜ਼ ਅਤੇ ਮੈਕਸੀਕੋ ਕ੍ਰਮਵਾਰ ਸੱਤ ਅਤੇ ਛੇ ਪ੍ਰਤੀਸ਼ਤ ਦੇ ਨਾਲ ਦੂਜੇ ਸਥਾਨ ’ਤੇ ਹਨ। ਇਹ ਵਿਸ਼ਲੇਸ਼ਣ ਅਮਰੀਕੀ ਜਨਗਣਨਾ ਬਿਊਰੋ ਦੇ ਅੰਕੜਿਆਂ ’ਤੇ ਨਿਰਭਰ ਹੈ। ਕੁੱਝ ਕਾਲਜ-ਪੜ੍ਹੇ-ਲਿਖੇ ਪਰਵਾਸੀ ਉੱਚ-ਹੁਨਰਮੰਦ ਕਾਮਿਆਂ ਅਤੇ ਖੋਜੀਆਂ ਲਈ ਅਸਥਾਈ ਵੀਜ਼ਿਆਂ ’ਤੇ ਜਾਂ ਅਮਰੀਕੀ ਨਿਵਾਸੀਆਂ ਦੇ ਪਰਿਵਾਰਕ ਮੈਂਬਰਾਂ ਵਜੋਂ, ਜਾਂ ਮਾਨਵਤਾਵਾਦੀ ਪਰਵਾਸੀਆਂ ਵਜੋਂ, ਜਾਂ ਹੋਰ ਮਾਰਗਾਂ ਰਾਹੀਂ ਅਮਰੀਕਾ ਆਉਂਦੇ ਹਨ। ਦੂਸਰੇ ਅਮਰੀਕਾ ’ਚ ਜਨਮ ਲੈਣ ਤੋਂ ਬਾਅਦ ਆਪਣੀ ਸਿੱਖਿਆ ਪ੍ਰਾਪਤ ਕਰਦੇ ਹਨ। ਇਹ ਵਿਸ਼ਲੇਸ਼ਣ 2022 ਤਕ ਕਾਲਜ-ਪੜ੍ਹੇ-ਲਿਖੇ ਪਰਵਾਸੀਆਂ ਦੀ ਸੰਖਿਆ ਨੂੰ ਨਹੀਂ ਦਰਸਾਉਂਦਾ। ਹਾਲਾਂਕਿ ਇਹ 2018-2022 ਵਿਚਕਾਰ ਆਉਣ ਵਾਲੇ ਕਾਲਜ-ਪੜ੍ਹੇ-ਲਿਖੇ ਪਰਵਾਸੀਆਂ ਦੀ ਗਿਣਤੀ ਦਾ ਵਿਸ਼ਲੇਸ਼ਣ ਕਰਦਾ ਹੈ, ਇਹ ਪ੍ਰਵਾਹ 1.7 ਮਿਲੀਅਨ ਸੀ। ਇਸ ਪ੍ਰਵਾਹ ਦਾ ਲਗਭਗ 20 ਫ਼ੀਸਦੀ ਭਾਰਤ ਤੋਂ ਸੀ। ਕਾਲਜ-ਪੜ੍ਹੇ-ਲਿਖੇ ਪਰਵਾਸੀਆਂ ਦੇ ਅੰਗਰੇਜ਼ੀ ’ਚ ਨਿਪੁੰਨ ਹੋਣ ਦੀ ਸੰਭਾਵਨਾ ਹੈ, 2022 ’ਚ 74ਗ ਨੇ ਸਿਰਫ਼ ਅੰਗਰੇਜ਼ੀ ਬੋਲਣ ਜਾਂ ਚੰਗੀ ਤਰ੍ਹਾਂ ਬੋਲਣ ਦੀ ਰਿਪੋਰਟ ਦਿੱਤੀ। 2022 ’ਚ 15% ਪਰਵਾਸੀ ਕਾਲਜ ਗ੍ਰੈਜੂਏਟਾਂ ਨੇ ਪ੍ਰੋਫ਼ੈਸ਼ਨਲ ਜਾਂ ਡਾਕਟੋਰਲ ਡਿਗਰੀਆਂ ਸਨ ਜਦੋਂ ਕਿ ਅਮਰੀਕਾ ’ਚ ਜਨਮੇ ਉਨ੍ਹਾਂ ਦੇ ਹਮਰੁਤਬਿਆਂ ਕੋਲ ਸਿਰਫ਼ 11 ਫ਼ੀਸਦੀ ਸੀ। ਦੋਵਾਂ ਸਮੂਹਾਂ ਕੋਲ ਮਾਸਟਰ ਦੀ ਡਿਗਰੀ (ਵਿਦੇਸ਼ੀ ਪੈਦਾ ਹੋਏ ਲੋਕਾਂ ਲਈ 30.ਗ ਅਤੇ ਅਮਰੀਕਾ ’ਚ ਪੈਦਾ ਹੋਏ ਲੋਕਾਂ ਲਈ 28%) ਹੋਣ ਦੀ ਲਗਭਗ ਬਰਾਬਰ ਸੰਭਾਵਨਾ ਸੀ।

# ਇਟਲੀ ’ਚ ਹੁਣ ਬਲਾਤਕਾਰ ਦੇ ਦੋਸ਼ੀਆਂ ਦੀ ਖੈਰ ਨਹੀਂ

ਰੋਮ: ਪੂਰੀ ਦੁਨੀਆਂ ’ਚ ਔਰਤਾਂ ਖ਼ਿਲਾਫ਼ ਸੈਕਸ ਸ਼ੋਸ਼ਣ ਦਾ ਮੁੱਦਾ ਸਿਖਰਾਂ ’ਤੇ ਹੈ ਹਾਲਾਂਕਿ ਕਈ ਦੇਸ਼ਾਂ ’ਚ ਔਰਤਾਂ ਦੇ ਸ਼ੋਸ਼ਣ ਵਿਰੁੱਧ ਵੱਖ-ਵੱਖ ਤਰ੍ਹਾਂ ਦੀਆਂ ਸਜ਼ਾਵਾਂ ਹਨ। ਪਰ ਇਟਲੀ ਨੇ ਇਸ ਮਾਮਲੇ ’ਚ ਇੱਕ ਹੋਰ ਕਦਮ ਚੁੱਕਦਿਆਂ ਨਵੀਂ ਸਜ਼ਾ ਦਾ ਐਲਾਨ ਕੀਤਾ ਹੈ। ਇਟਲੀ ਨੇ ਰਸਾਇਣਕ ਕਾਸਟਰੇਸ਼ਨ ਨੂੰ ਕਾਨੂੰਨੀ ਬਣਾਉਣ ਵੱਲ ਕਦਮ ਚੁੱਕੇ ਹਨ। ਸੰਸਦ ਮੈਂਬਰਾਂ ਨੇ ਵੀ ਇਸ ਸਬੰਧੀ ਕਮੇਟੀ ਦੇ ਗਠਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕਮੇਟੀ ਹਿੰਸਕ ਜਿਣਸੀ ਅਪਰਾਧੀਆਂ ਦੇ ਇਲ਼ਾਜ ਲਈ ਐਂਡਰੋਜਨ ਨੂੰ ਰੋਕਣ ਵਾਲੀਆਂ ਦਵਾਈਆਂ ਦਾ ਕਾਨੂੰਨੀ ਖਰੜਾ ਤਿਆਰ ਕਰਨ ਦੇ ਯੋਗ ਹੋਵੇਗੀ। ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ ਕੈਮੀਕਲ ਕਾਸਟਰੇਸ਼ਨ ਇੱਕ ਅਜਿਹਾ ਇਲਾਜ ਹੈ ਜੋ ਸੈੱਕਸ ਹੌਰਮੋਨ ਦੇ ਉਤਪਾਦਨ ਨੂੰ ਘਟਾਉਣ ਲਈ ਦਵਾਈਆਂ ਦੀ ਵਰਤੋਂ ਕਰਦਾ ਹੈ। ਇਸ ਨੂੰ ਮੈਡੀਕਲ ਕਾਸਟ੍ਰੇਸ਼ਨ, ਹੌਰਮੋਨ ਥੈਰੇਪੀ, ਐਂਡਰੋਜਨ ਦਮਨ ਥੈਰੇਪੀ, ਅਤੇ ਐਂਡਰੋਜਨ ਡਿਪਰੈਸ਼ਨ ਥੈਰੇਪੀ ਵਜੋਂ ਵੀ ਜਾਣਿਆ ਜਾਂਦਾ ਹੈ।



ਰੋਮ ’ਚ ਸੰਸਦ ਦੇ ਹੇਠਲੇ ਸਦਨ ਨੇ ਇੱਕ ਮਤਾ ਪਾਸ ਕੀਤਾ ਜਿਸ ’ਚ ਕਿਹਾ ਗਿਆ ਹੈ ਕਿ ਇਲਾਜ ਸਹਿਮਤੀ ਵਾਲਾ ਅਤੇ ਦੁਬਾਰਾ ਅਪਰਾਧ ਦੇ ਜ਼ੋਖਮ ਨੂੰ ਘਟਾਉਣ ਦਾ ਉਦੇਸ਼ ਹੋਣਾ ਚਾਹੀਦਾ ਹੈ। ਇਸ ਨਾਲ ਸਰਕਾਰ ਨੇ ਸਬੰਧਤ ਕਮੇਟੀ ਬਣਾਉਣ ਦੀ ਵਚਨਬੱਧਤਾ ਜਤਾਈ ਹੈ। ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ ਦਾ ਸੱਜੇ-ਪੱਖੀ ਪ੍ਰਸ਼ਾਸ਼ਨ ਕਾਨੂੰਨ ਅਤੇ ਵਿਵਸਥਾ ਨੂੰ ਲੈ ਕੇ ਸਖ਼ਤ ਦਿਖਾਈ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। 2022 ’ਚ ਸੱਤਾ ’ਚ ਆਉਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਨਵੇਂ ਅਪਰਾਧਾਂ ਨੂੰ ਸਥਾਪਿਤ ਕਰਨ ਅਤੇ ਜੁਰਮਾਨਿਆਂ ’ਚ ਵਾਧਾ ਕਰਨ ਵਾਲੇ ਦਰਜਨਾਂ ਕਾਨੂੰਨ ਪੇਸ਼ ਕੀਤੇ ਹਨ। ਜੌਰਜੀਆ ਮੈਲੋਨੀ ਨੇ ਨੇਪਲਜ਼ ਦੇ ਕਿਨਾਰੇ ’ਤੇ ਇੱਕ ਵਾਂਝੇ ਸ਼ਹਿਰ ਕੈਵਾਨੋ ਦੇ ਪੁਨਰ ਵਿਕਾਸ ਦੀ ਅਗਵਾਈ ਕੀਤੀ ਹੈ ਜੋ ਕਿ ਦੋ ਨਾਬਾਲਗਾ ਚਚੇਰੀਆਂ ਭੈਣਾਂ ਦੇ ਸਮੂਹਿਕ ਬਲਾਤਕਾਰ ਤੋਂ ਬਾਅਦ ਅਪਰਾਧ ਅਤੇ ਵੰਚਿਤਤਾ ਦਾ ਪ੍ਰਤੀਕ ਬਣ ਗਿਆ ਜਿਸ ਲਈ ਪੰਜ ਲੋਕਾਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਮੈਲੋਨੀ ਨੇ ਇਸ ਮਹੀਨੇ ਦੇ ਸ਼ੁਰੂ ’ਚ ਕਿਹਾ ਸੀ ਕਿ ਅਗਲੇ ਕੁੱਝ ਮਹੀਨਿਆਂ ਲਈ ਸੁਰੱਖਿਆ ਉਸ ਦੀ ਪਹਿਲ ਹੈ। ਹਾਲਾਂਕਿ ਵਿਰੋਧੀ ਧਿਰ ਮੈਲੋਨੀ ਦੇ ਇਸ ਫ਼ੈਸਲੇ ਦਾ ਵਿਰੋਧ ਕਰ ਰਹੀ ਹੈ। ਵਿਰੋਧੀ ਸਮੂਹਾਂ ਨੇ ਪ੍ਰਸਤਾਵਾਂ ਨੂੰ ਅਤਿਵਾਦੀ ਅਤੇ ਮਨੁੱਖਤਾ ਅਤੇ ਨਿਆਂ ਦੀ ਉਲੰਘਣਾ ਕਿਹਾ ਹੈ। ਵਿਰੋਧੀ ਕੇਂਦਰ-ਖੱਬੇ ਡੈਮੋਕ੍ਰੈਟਿਕ ਪਾਰਟੀ ਦੀ ਸੰਸਦ ਮੈਂਬਰ ਸਿਮੋਨਾ ਬੋਨਾਫ਼ੇ ਨੇ ਕਿਹਾ ਕਿ ਲੀਗ ਦਾ ਪ੍ਰਸਤਾਵ ਗ਼ੈਰ-ਸੰਵਿਧਾਨਕ ... ਸਾਡੀ ਕਾਨੂੰਨੀ ਪ੍ਰਣਾਲੀ ਦੀ ਬੁਨਿਆਦ ਨੂੰ ਕਮਜ਼ੋਰ ਕਰ ਰਿਹਾ ਹੈ ਜਿਸ ਨੇ ਸਦੀਆਂ ਤੋਂ ਸ਼ਰੀਰਕ ਸਜ਼ਾ ਦੀ ਵਰਤੋਂ ਨੂੰ ਗ਼ੈਰ-ਕਾਨੂੰਨੀ ਠਹਿਰਾਇਆ ਹੈ। ਗ੍ਰੀਨਜ਼ ਅਤੇ ਖੱਬੇ ਗਠਜੋੜ ਨੇ ਲੀਗ ਦੇ ਜਬਰ ਲਈ ਬੇਅੰਤ ਕਾਲਾਂ ਦੀ ਆਲੋਚਨਾ ਕੀਤੀ।

# ਕਰਜ਼ਾ ਚੁੱਕ ਕੇ ਕੈਨੇਡਾ ਆਈ ਲੜਕੀ ਨੂੰ ਨਹੀਂ ਮਿਲਿਆ ਕੰਮ

ਟੋਰਾਂਟੋ: ਨਾਭਾ ਦੇ ਪਿੰਡ ਪਾਲੀਆ ਖੁਰਦ ਦੀ ਰਹਿਣ ਵਾਲੀ ਨਵਦੀਪ ਕੌਰ ਦੀ ਕੈਨੇਡਾ ’ਚ ਮੌਤ ਹੋ ਗਈ ਹੈ। ਪਰਿਵਾਰ ਨੂੰ ਜਿਵੇਂ ਹੀ ਆਪਣੀ ਧੀ ਦੀ ਮੌਤ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਪਰਿਵਾਰ ਨੇ ਦੋ ਸਾਲ ਪਹਿਲਾਂ ਹੀ ਕਰਜ਼ਾ ਚੁੱਕ ਕੇ ਅਤੇ ਆਪਣੀ ਜਾਇਦਾਦ ਵੇਚ ਕੇ ਉਸ ਨੂੰ ਕੈਨੇਡਾ ਭੇਜਿਆ ਸੀ ਤਾਂ ਜੋ ਉਹ ਪਰਿਵਾਰ ਦਾ ਸਹਾਰਾ ਬਣ ਸਕੇ। ਉੱਥੇ ਕੰਮ ਨਾ ਮਿਲਣ ਕਾਰਨ ਪਰਿਵਾਰ ਨੇ ਫ਼ੇਰ ਲੋਨ ਲੈ ਕੇ ਉਸ ਦੀ ਫ਼ੀਸ ਭਰੀ ਸੀ। ਇਸ ਸਭ ਕਾਰਨ ਉਹ ਬਹੁਤ ਪਰੇਸ਼ਾਨ ਰਹਿੰਦੀ ਸੀ ਅਤੇ ਉਸ ਨੂੰ ਬ੍ਰੇਨ ਹੈਮਰਜ ਹੋ ਗਿਆ ਜਿਸ ਕਾਰਨ ਉਸ ਦੀ ਮੌਤ ਹੋ ਗਈ। ਹੁਣ ਪਰਿਵਾਰ ਆਪਣੀ ਧੀ ਦੀ ਲਾਸ਼ ਲਿਆਉਣ ਲਈ ਸਰਕਾਰਾਂ ਅੱਗੇ ਗੁਹਾਰ ਲਗਾ ਰਿਹਾ ਹੈ।ਜਾਣਕਾਰੀ ਮੁਤਾਬਿਕ ਪੀੜਤ ਪਰਿਵਾਰ ਦੀਆਂ ਸਿਰਫ਼ ਦੋ ਹੀ ਧੀਆਂ ਸਨ। ਵੱਡੀ ਧੀ ਨਵਦੀਪ ਕੌਰ ਨੇ ਮਾਪਿਆਂ ਨੂੰ ਭਰੋਸਾ ਦਿੱਤਾ ਸੀ ਕਿ ਉਹ ਪੁੱਤ ਬਣ ਕੇ ਕੈਨੇਡਾ ਜਾਵੇਗੀ ਅਤੇ ਉਨ੍ਹਾਂ ਸਹਾਰਾ ਬਣੇਗੀ, ਪਰ ਪਰਿਵਾਰ ਨੂੰ ਇਹ ਨਹੀਂ ਸੀ ਪਤਾ ਕਿ ਉਨ੍ਹਾਂ ਦੀ ਧੀ ਨਾਲ ਉੱਥੇ ਇਹ ਭਾਣਾ ਵਾਪਰ ਜਾਵੇਗਾ। ਉਸ ਨੂੰ ਕੁੱਝ ਦੇਰ ਪਹਿਲਾਂ ਹੀ ਵਰਕ ਪਰਮਿਟ ਮਿਲਿਆ ਸੀ, ਪਰ ਉੱਥੇ ਕੰਮ ਨਹੀਂ ਸੀ ਮਿਲ ਰਿਹਾ। 5 ਸਤੰਬਰ ਨੂੰ ਉਸ ਦਾ ਜਨਮ ਦਿਨ ਵੀ ਸੀ, ਅਤੇ ਉਸੇ ਦਿਨ ਪਰਿਵਾਰ ਦੀ ਉਸ ਨਾਲ ਗੱਲ ਵੀ ਹੋਈ ਸੀ। ਉਸ ਮਗਰੋਂ ਹੁਣ ਪਰਿਵਾਰ ਨੂੰ ਇਹ ਮੰਦਭਾਗੀ ਖ਼ਬਰ ਸੁਣਨ ਨੂੰ ਮਿਲੀ ਹੈ।

ਇਸ ਸਬੰਧੀ ਗੱਲਬਾਤ ਕਰਦਿਆਂ ਮ੍ਰਿਤਕ ਨਵਦੀਪ ਕੌਰ ਦੇ ਪਿਤਾ ਅਤੇ ਛੋਟੀ ਭੈਣ ਨੇ ਕਿਹਾ ਕਿ ਉਨ੍ਹਾਂ ਨੇ ਨਵਦੀਪ ਨੂੰ ਆਪਣੀ ਜਾਇਦਾਦ ਵੇਚ ਕੇ ਕੈਨੇਡਾ ਭੇਜਿਆ ਸੀ। ” ਉਸ ਦੇ ਦਿਮਾਗ਼ ’ਤੇ ਬੜਾ ਬੋਝ ਸੀ ਕਿ ਮੇਰੇ ਪਰਿਵਾਰ ਨੇ ਸਭ ਕੁੱਝ ਵੇਚ ਕੇ ਮੇਰੇ ’ਤੇ ਲਗਾ ਦਿੱਤਾ ਹੈ, ਪਰ ਉਸ ਨੂੰ ਅਸੀਂ ਹੌਸਲਾ ਦਿੰਦੇ ਸੀ ਕੋਈ ਨਹੀਂ ਅਸੀਂ ਤੇਰੇ ਲਈ ਸਭ ਕੁੱਝ ਹੀ ਕਰਾਂਗੇ। ਕਨੇਡਾ ’ਚ ਕੰਮ ਨਾ ਮਿਲਣ ਕਰਕੇ ਅਸੀਂ ਪੰਜ ਲੱਖ ਰੁਪਏ ਦਾ ਲੋਨ ਵੀ ਲਿਆ ਅਤੇ ਉੱਥੇ ਉਸ ਦੀ ਫ਼ੀਸ ਦਿੱਤੀ, ਪਰ ਇੱਕਦਮ ਸਾਨੂੰ ਫ਼ੋਨ ਆਇਆ ਕਿ ਤੁਹਾਡੀ ਲੜਕੀ ਨੂੰ ਬ੍ਰੇਨ ਹੈਮਰਜ ਹੋ ਗਿਆ ਹੈ, ਅਤੇ ਉਹ ਸੀਰੀਅਸ ਹੈ। ਫ਼ਿਰ ਸਾਨੂੰ ਫ਼ੋਨ ਆਇਆ ਕਿ ਉਸ ਦੀ ਮੌਤ ਹੋ ਚੁੱਕੀ ਹੈ।

# ਮਾਊਂਟ ਐਵਰੈਸਟ ਸਰ ਕਰਨ ਵਾਲੇ ਪਹਿਲੇ ਗੁਰਸਿੱਖ ਮਲਕੀਤ ਸਿੰਘ ਦਾ ਸਨਮਾਨ



ਮੈਲਬੌਰਨ- 53 ਸਾਲ ਦੀ ਉਮਰ ਵਿੱਚ ਮਾਊਂਟ ਐਵਰੈਸਟ ਸਰ ਕਰਕੇ ਨਿਸ਼ਾਨ ਸਾਹਿਬ ਝੁਲਾਉਣ ਵਾਲੇ ਪਹਿਲੇ ਗੁਰਸਿੱਖ ਨਿਊਜ਼ੀਲੈਂਡ ਵਾਸੀ ਮਲਕੀਤ ਸਿੰਘ ਦਾ ਪੰਜਾਬੀ ਸੱਭਿਆਚਾਰਕ ਕੇਂਦਰ ਮੈਲਬੌਰਨ ਵੱਲੋਂ ਅਤੇ ਸ੍ਰੀ ਗੁਰੂ ਸਿੰਘ ਸਭਾ ਕਰੇਗੀਬਰਨ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਬੌੜ ਵਿਚ ਪਿਤਾ ਬੇਅੰਤ ਸਿੰਘ ਅਤੇ ਮਾਤਾ ਗੁਰਮੇਲ ਕੌਰ ਦੀ ਕੁੱਖੋਂ ਜਨਮੇ ਮਲਕੀਤ ਸਿੰਘ ਵਿਦਿਆਰਥੀ ਜੀਵਨ ਤੋਂ ਹੀ ਨਵੇਂ ਮੀਲ ਪੱਥਰ ਗੱਡਦੇ ਰਹੇ ਹਨ ਤੇ ਇਹ ਸਿਲਸਿਲਾ ਅਜੇ ਵੀ ਜਾਰੀ ਹੈ। ਵਿਦਿਆਰਥੀ ਜੀਵਨ ਵਿਚ ਮਲਕੀਤ ਸਿੰਘ ਜਿੱਥੇ ਚੋਟੀ ਦੇ ਪੜ੍ਹਾਕੂ ਰਹੇ ਉੱਥੇ ਹੀ ਯੂਨੀਵਰਸਟੀ ਦੇ ਬੈਸਟ ਐਥਲੀਟ ਵੀ ਰਹੇ । ਬੜੇ ਹੀ ਨਿੱਘੇ ਸੁਭਾਅ ਵਾਲੇ ਮਲਕੀਤ ਸਿੰਘ ਪਹਾੜ ਵਰਗੇ ਦ੍ਰਿੜ ਇਰਾਦਿਆਂ ਦੇ ਮਾਲਕ ਹਨ।ਪੰਜਾਬ ਖੇਤੀਬਾੜੀ ਯੂਨੀਵਰਸਟੀ ਤੋਂ ਖੇਤੀਬਾੜੀ ਦੀ ਡਿਗਰੀ ਤੋਂ ਬਾਅਦ ਐਮ.ਬੀ.ਏ. ਕੀਤੀ ਤੇ ਕੁਝ ਸਮੇਂ ਲਈ ਕਾਰਪੋਰੇਟ ਅਦਾਰੇ ਵਿੱਚ ਕੰਮ ਕਰਨ ਤੋਂ ਬਾਅਦ ਨਿਊਜ਼ੀਲੈਂਡ ਆ ਗਏ ਤੇ ਏਥੇ ਕੰਪਿਊਟਰ ਦੀ ਡਿਗਰੀ ਟਾਪਰਾਂ ਵਿਚ ਰਹਿ ਕੇ ਕੀਤੀ । ਸਿੱਖੀ ਨਾਲ ਧੁਰ ਅੰਦਰੋਂ ਜੁੜੇ ਮਲਕੀਤ ਸਿੰਘ ਨੇ ਏਥੇ ਦੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ ਵਿਚ ਉਸਾਰੂ ਯੋਗਦਾਨ ਪਾਏ ਹਨ। ਅੱਜ ਸਿੰਘ ਇੱਕ ਸਫਲ ਕਾਰੋਬਾਰੀ ਵਜੋਂ ਸਥਾਪਤ ਹਨ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਪੈਂਦੇ ਭਾਈ ਗੁਰਦਾਸ ਜੀ ਗੁਰਮਤਿ ਅਤੇ ਪੰਜਾਬੀ ਸਕੂਲ ਦੇ ਬੱਚਿਆਂ ਨੂੰ ਸਲਾਈਡ ਸ਼ੋਅ ਤੇ ਆਪਣੇ ਇਸ ਅਤਿ ਮੁਸ਼ਕਲਾਂ ਤੇ ਜੋਖਮ ਭਰੇ ਸਫ਼ਰ ਬਾਰੇ ਮਲਕੀਤ ਸਿੰਘ ਨੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ । ਉਤਸੁਕ ਹੋਏ ਕਿ ਛੋਟੇ-ਛੋਟੇ ਬੱਚਿਆਂ ਨੇ ਸੈਂਕੜੇ ਸਵਾਲ ਇਸ ਬਾਬਤ ਪੁੱਛੇ । ਇਸ ਮੌਕੇ ਪੰਜਾਬੀ ਸੱਭਿਆਚਾਰਕ ਕੇਂਦਰ ਮੈਲਬੌਰਨ ਦੇ ਪ੍ਰਧਾਨ ਹਰਮਨਦੀਪ ਸਿੰਘ ਬੋਪਾਰਾਏ , ਸਰਪ੍ਰਸਤ ਫੁਲਵਿੰਦਰਜੀਤ ਸਿੰਘ ਗਰੇਵਾਲ , ਸੰਦੀਪ ਸਿੰਘ ਕਾਹਲੋਂ ,ਅਮਰਦੀਪ ਕੌਰ , ਖੁਸ਼ਪ੍ਰੀਤ ਸਿੰਘ ਸੁਨਾਮ ਤੋਂ ਇਲਾਵਾ ਹੋਰ ਵੀ ਕਈ ਪਤਵੰਤੇ ਸੱਜਣ ਹਾਜ਼ਰ ਸਨ ।

# ਇਜ਼ਰਾਇਲ-ਲਿਬਨਾਨ ਸਰਹੱਦ ’ਤੇ 600 ਭਾਰਤੀ ਫ਼ੌਜੀ ਤਾਇਨਾਤ

ਤੈਲ ਅਵੀਵ: ਪੱਛਮੀ ਏਸ਼ੀਆ ’ਚ ਲੰਬੇ ਸਮੇਂ ਤੋਂ ਤਨਾਅ ਵੱਧਦਾ ਜਾ ਰਿਹਾ ਹੈ। ਲਿਬਨਾਨ ’ਚ ਹਾਲ ਹੀ ’ਚ ਹੋਏ ਪੇਜਰ ਧਮਾਕੇ ਨੇ ਹਿਜ਼ਬੁੱਲਾ ਅਤੇ ਇਜ਼ਰਾਈਲ ਨੂੰ ਜੰਗ ਦੇ ਕੰਢੇ ’ਤੇ ਖੜ੍ਹਾ ਕਰ ਦਿੱਤਾ ਹੈ। ਇਸ ਤਨਾਅ ਦਰਮਿਆਨ ਭਾਰਤੀ ਫ਼ੌਜ ਸ਼ਾਂਤੀ ਬਣਾਈ ਰੱਖਣ ਲਈ ਅਹਿਮ ਭੂਮਿਕਾ ਨਿਭਾ ਰਹੀ ਹੈ। ਭਾਰਤੀ ਫ਼ੌਜ ਸੰਯੁਕਤ ਰਾਸ਼ਟਰ ਸ਼ਾਂਤੀ ਮਿਸ਼ਨ ਦੇ ਤਹਿਤ ਅਸ਼ਾਂਤ ਇਜ਼ਰਾਇਲ-ਲਿਬਨਾਨ ਸਰਹੱਦ ’ਤੇ ਆਪਣੀ ਮਜ਼ਬੂਤ ਮੌਜੂਦਗੀ ਜਾਰੀ ਰੱਖ ਰਹੀ ਹੈ। ਵਰਤਮਾਨ ਵਿੱਚ 600 ਭਾਰਤੀ ਸੈਨਿਕ ਬਲੂ ਲਾਈਨ ਦੇ ਨਾਲ ਤਾਇਨਾਤ ਹਨ ਜੋ ਕਿ ਲਿਬਨਾਨ ਤੋਂ ਇਜ਼ਰਾਇਲ ਦੀ ਵਾਪਸੀ ਤੋਂ ਬਾਅਦ ਸਾਲ ਦੋ ਹਜ਼ਾਰ ’ਚ ਸਥਾਪਿਤ ਕੀਤੀ ਗਈ ਸੀ। ਇਹ ਬਲ ਲਿਬਨਾਨ ’ਚ ਸੰਯੁਕਤ ਰਾਸ਼ਟਰ ਅੰਤਰਿਮ ਫ਼ੋਰਸ (**UNIFIL**) ਦਾ ਹਿੱਸਾ ਹੈ ਜੋ ਕਿ ਸੰਘਰਸ਼ ਵਾਲੇ ਖੇਤਰ ’ਚ ਸ਼ਾਂਤੀ ਅਤੇ ਸਥਿਰਤਾ ਨੂੰ ਬਣਾਈ ਰੱਖਣ ਲਈ ਸਮਰਪਿਤ ਹੈ।ਫ਼ਾਈਨੈਂਸ਼ੀਅਲ ਐਕਸਪ੍ਰੈੱਸ ਦੀ ਰਿਪੋਰਟ ਮੁਤਾਬਿਕ ਹਾਲ ਹੀ ਦੇ ਸਮੇਂ ’ਚ ਹਿਜ਼ਬੁੱਲਾ ਅਤੇ ਇਜ਼ਰਾਈਲ ਨੇ ਵੀ ਰਾਕੇਟ ਅਤੇ ਡਰੋਨ ਨਾਲ ਇੱਕ-ਦੂਜੇ ਦੇ ਟਿਕਾਣਿਆਂ ’ਤੇ ਹਮਲੇ ਕੀਤੇ ਹਨ। ਦੋਵਾਂ ਪਾਸਿਆਂ ਤੋਂ ਹਮਲਿਆਂ ਅਤੇ ਧਮਕੀਆਂ ਵਿੱਚਕਾਰ ਭਾਰਤੀ ਫ਼ੌਜ ਦੀ ਭੂਮਿਕਾ ਦਖਲ ਦੇਣਾ ਨਹੀਂ ਹੈ ਸਗੋਂ ਸੰਯੁਕਤ ਰਾਸ਼ਟਰ ਦੀਆਂ ਹਦਾਇਤਾਂ ਦੇ ਤਹਿਤ ਸ਼ਾਂਤੀ ਅਤੇ ਸੁਰੱਖਿਆ ਬਣਾਈ ਰੱਖਣਾ ਹੈ। ਲਗਭਗ 120 ਕਿਲੋਮੀਟਰ ਲੰਬੀ ਬਲੂ ਲਾਈਨ ਇਜ਼ਰਾਇਲ ਅਤੇ ਲਿਬਨਾਨ ਵਿਚਕਾਰ ਇੱਕ ਬਫ਼ਰ ਜ਼ੋਨ ਵਜੋਂ ਕੰਮ ਕਰਦੀ ਹੈ ਜਿੱਥੇ ਭਾਰਤੀ ਸੈਨਿਕਾਂ ਸਮੇਤ ਸਿਰਫ਼ ਸੰਯੁਕਤ ਰਾਸ਼ਟਰ ਦੀਆਂ ਫ਼ੌਜਾਂ ਤਾਇਨਾਤ ਹਨ।



**UNFIL** ਅਧੀਨ ਭਾਰਤੀ ਫ਼ੌਜ ਦਾ ਪਹਿਲਾ ਉਦੇਸ਼ ਸ਼ਾਂਤੀ ਬਣਾਈ ਰੱਖਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਖੇਤਰ ’ਚ ਸੰਘਰਸ਼ ਜਾਂ ਹਿੰਸਾ ਦੀਆਂ ਘਟਨਾਵਾਂ ਨਾ ਵਧਣ। ਭਾਰਤੀ ਸੈਨਿਕਾਂ ਨੂੰ ਖੇਤਰ ’ਚ ਸੰਯੁਕਤ ਰਾਸ਼ਟਰ ਦੇ ਹੋਰ ਮਿਸ਼ਨਾਂ ਦੀ ਸੁਰੱਖਿਆ ਅਤੇ ਸ਼ਾਂਤੀ ਰੱਖਿਅਕ ਕਾਰਜਾਂ ਲਈ ਕਿਸੇ ਵੀ ਖਤਰੇ ਨੂੰ ਰੋਕਣ ਦਾ ਕੰਮ ਵੀ ਸੌਂਪਿਆ ਗਿਆ ਹੈ। ਭਾਰਤੀ ਫ਼ੌਜ ਦੀ ਭੂਮਿਕਾ ਇਸ ਲਈ ਵਧੇਰੇ ਮਹੱਤਵਪੂਰਣ ਬਣ ਜਾਂਦੀ ਹੈ ਕਿਉਂਕਿ ਇਹ ਇਜ਼ਰਾਈਲ ਅਤੇ ਹਿਜ਼ਬੁੱਲਾ ਦਰਮਿਆਨ ਕਿਸੇ ਵੀ ਸਿੱਧੀ ਫ਼ੌਜੀ ਕਾਰਵਾਈ ’ਚ ਸ਼ਾਮਿਲ ਨਹੀਂ ਹੈ। ਇਸ ਦੀ ਬਜਾਏ ਉਹ ਸੰਯੁਕਤ ਰਾਸ਼ਟਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਸਥਿਰ ਸਰਹੱਦ ’ਤੇ ਸਥਿਰਤਾ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹਨ।

ਬਲੂ ਲੌਇਨ ’ਤੇ ਸ਼ਾਂਤੀ ਸੈਨਾ ਨੂੰ ਦੋ ਮੁੱਖ ਖੇਤਰਾਂ- ਪੂਰਬੀ ਅਤੇ ਪੱਛਮੀ ਖੇਤਰ ’ਚ ਵੰਡਿਆ ਗਿਆ ਹੈ। ਹਰੇਕ ਸੈਕਟਰ ’ਚ ਬ੍ਰਿਗੇਡ ਪੱਧਰ ਦੀ ਤਾਕਤ ਹੁੰਦੀ ਹੈ ਜਿਸ ’ਚ ਤਿੰਨ ਤੋਂ ਚਾਰ ਬਟਾਲੀਅਨਜ਼ ਸ਼ਾਮਿਲ ਹਨ ਅਤੇ ਪ੍ਰਤੀ ਬਟਾਲੀਅਨ 600 ਤੋਂ ਵੱਧ ਸਿਪਾਹੀ ਹੁੰਦੇ ਹਨ। ਭਾਰਤੀ ਫ਼ੌਜ ਦੀਆਂ ਬਟਾਲੀਅਨਾਂ ਇਸ ਢਾਂਚੇ ਦਾ ਇੱਕ ਮਹੱਤਵਪੂਰਣ ਹਿੱਸਾ ਬਣਦੀਆਂ ਹਨ ਸ਼ਾਂਤੀ ਰੱਖਿਅਕ ਯਤਨਾਂ ’ਚ ਮਹੱਤਵਪੂਰਣ ਯੋਗਦਾਨ ਪਾਉਂਦੀਆਂ ਹਨ। ਖੇਤਰ ’ਚ ਭਾਰਤੀ ਫ਼ੌਜ ਦੀ ਮੌਜੂਦਗੀ ਵਿਸ਼ਵ ਸ਼ਾਂਤੀ ਅਤੇ ਸਥਿਰਤਾ ਲਈ ਉਸ ਦੀ ਲੰਬੇ ਸਮੇਂ ਦੀ ਵਚਨਬੱਧਤਾ ਨੂੰ ਵੀ ਦਰਸਾਉਂਦੀ ਹੈ।

# ਭਾਰਤੀਆਂ ਦੀ ਆਮਦ ਨੂੰ ਲੈ ਕੇ ਕੈਨੇਡੀਅਨ ਮੰਤਰੀ ਦਾ ਅਹਿਮ ਖ਼ੁਲਾਸਾ

ਟੋਰੌਂਟੋ: ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਇੱਕ ਅਹਿਮ ਬਿਆਨ ਜਾਰੀ ਕੀਤਾ ਹੈ। ਆਪਣੇ ਬਿਆਨ ’ਚ ਉਸ ਨੇ ਭਾਰਤ-ਕੈਨੇਡਾ ਵਿਚਾਲੇ ਸਬੰਧਾਂ ਦਾ ਜ਼ਿਕਰ ਕੀਤਾ ਹੈ। ਮਿਲਰ ਮੁਤਾਬਿਕ ਹਾਲ ਹੀ ਦੇ ਸਮੇਂ ’ਚ ਭਾਰਤੀਆਂ ਦੀ ਆਮਦ ’ਚ ਗਿਰਾਵਟ ਦਰਜ ਕੀਤੀ ਗਈ ਹੈ। ਮਾਰਕ ਨੇ ਅੰਕੜਿਆਂ ਦਾ ਹਵਾਲਾ ਦਿੰਦੇ ਦੱਸਿਆ ਕਿ ਜਨਵਰੀ ਤੋਂ ਹੁਣ ਤਕ ਭਾਰਤੀਆਂ ਦੀ ਗਿਣਤੀ ’ਚ 40 ਹਜ਼ਾਰ ਦਾ ਫ਼ਰਕ ਦਰਜ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਕੈਨੇਡਾ ਦੇ ਵਿਦੇਸ਼ ਅਤੇ ਇਮੀਗ੍ਰੇਸਨ ਮੰਤਰੀ ਮਾਰਕ ਮਿਲਰ ਨੇ ਇੱਕ ਵੀਡੀਓ ਸੰਬੋਧਨ ਜਾਰੀ ਕਰਦਿਆਂ ਦੱਸਿਆ ਕਿ ਕੈਨੇਡਾ ਨੇ ਹਾਲ ਦੇ ਸਮੇਂ ’ਚ ਵਿਦਿਆਰਥੀ ਵੀਜ਼ਾ ਕੈਪ ’ਚ ਕਟੌਤੀ ਕੀਤੀ ਹੈ। ਉਨ੍ਹਾਂ ਨੇ ਇਸ ਦੌਰਾਨ ਇਮੀਗ੍ਰੇਸ਼ਨ ਤੱਥਾਂ ਦਾ ਹਵਾਲਾ ਦਿੱਤਾ। ਭਾਰਤ ਬਾਰੇ ਗੱਲ ਕਰਦਿਆਂ ਮਿਲਰ ਨੇ ਇੱਕ ਉਦਾਹਰਣ ਦਿੰਦੇ ਦੱਸਿਆ ਕਿ ਜਿੱਥੇ ਜਨਵਰੀ ’ਚ 50 ਹਜ਼ਾਰ ਭਾਰਤੀ ਕੈਨੇਡਾ ਆਏ ਸਨ, ਉੱਥੇ ਅਗਸਤ ’ਚ ਇਹ ਗਿਣਤੀ ਘੱਟ ਕੇ ਸਿਰਫ਼ 10 ਹਜ਼ਾਰ ਰਹਿ ਗਈ। ਇਸ ਦੌਰਾਨ ਉਨ੍ਹਾਂ ਨੇ ਇਹ ਵੀ ਦੱਸਿਆ ਕਿ 2025-26 ਦੌਰਾਨ ਸਟੂਡੈਂਟ ਵੀਜ਼ਾ ਕੈਪ ’ਚ ਪੰਜ ਫ਼ੀਸਦੀ ਦੀ ਕਟੌਤੀ ਕਰਨ ਦੀ ਤਿਆਰੀ ਹੈ।ਜ਼ਿਕਰਯੋਗ ਹੈ ਕਿ ਕੈਨੇਡਾ ਦੀ ਟਰੂਡੋ ਸਰਕਾਰ ਨੇ ਹਾਲ ਹੀ ’ਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵੱਡਾ ਝਟਕਾ ਦਿੰਦੇ ਹੋਏ ਸਟੂਡੈਂਟ ਵੀਜ਼ਿਆਂ ਦੀ ਗਿਣਤੀ ਘਟਾਉਣ ਦਾ ਐਲਾਨ ਕੀਤਾ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਨੇ **X** ’ਤੇ ਪੋਸਟ ਕਰ ਕੇ ਇਸ ਦਾ ਐਲਾਨ ਕੀਤਾ। ਜਸਟਿਨ ਟਰੂਡੋ ਨੇ ਟਵੀਟ ਕਰ ਕਿਹਾ ਕਿ ਇਸ ਸਾਲ 35 ਫ਼ੀਸਦੀ ਘੱਟ ਸਟੂਡੈਂਟ ਵੀਜ਼ੇ ਦੇਣ ਦਾ ਫ਼ੈਸਲਾ ਲਿਆ ਹੈ ਅਤੇ ਨਾਲ ਹੀ ਇਹ ਵੀ ਐਲਾਨ ਕੀਤਾ ਹੈ ਕਿ ਅਗਲੇ ਸਾਲ ਇਹ ਗਿਣਤੀ 10 ਫ਼ੀਸਦੀ ਹੋਰ ਘਟਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ,



ਉਨ੍ਹਾਂ ਲਿਖਿਆ ਕਿ ਇਮੀਗ੍ਰੇਸ਼ਨ ਸਾਡੀ ਆਰਥਿਕਤਾ ਲਈ ਇੱਕ ਫ਼ਾਇਦਾ ਹੈ, ਪਰ ਜਦੋਂ ਕੁੱਝ ਲੋਕ ਸਿਸਟਮ ਦੀ ਦੁਰਵਰਤੋਂ ਕਰਦੇ ਹਨ ਅਤੇ ਵਿਦਿਆਰਥੀਆਂ ਦਾ ਫ਼ਾਇਦਾ ਉਠਾਉਂਦੇ ਹਨ ਤਾਂ ਅਸੀਂ ਉਨ੍ਹਾਂ ’ਤੇ ਕਾਰਵਾਈ ਕਰਦੇ ਹਾਂ। ਇਸ ਦੇ ਨਾਲ ਹੀ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਘੱਟ ਤਨਖ਼ਾਹ ਵਾਲੇ ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ ਨੂੰ ਘਟਾਉਣ ਦਾ ਵੀ ਐਲਾਨ ਕੀਤਾ ਤੇ ਕਿਹਾ ਕਿ ਅਸੀਂ ਉਨ੍ਹਾਂ ਦੇ ਕੰਮ ਦੀਆਂ ਸ਼ਰਤਾਂ ਦੀ ਮਿਆਦ ਨੂੰ ਵੀ ਘਟਾ ਰਹੇ ਹਾਂ।

# ਮੋਦੀ ਵੱਲੋਂ ਅਮਰੀਕੀ ਕੰਪਨੀਆਂ ਦੇ ਸੀਈਓਜ਼ ਨਾਲ ਮੁਲਾਕਾਤ ਦੌਰਾਨ ਭਾਰਤ ਦੇ ਵਿਕਾਸ ’ਤੇ ਚਰਚਾ




Recognizing the pressing need to address these challenges, the Government of India has taken bold steps to tackle its environmental and energy concerns. From previous administrations to the current government, efforts to reduce pollution, increase energy efficiency, and develop sustainable energy alternatives have grown in scope and urgency. One of the most ambitious plans to date is the Viksit Bharat 2047 campaign, led by Prime Minister Narendra Modi. This initiative envisions a fossil fuel-free India by the centennial of its independence, creating a roadmap for sustainable development and economic prosperity. The Viksit Bharat 2047 vision isn't just about environmental stewardship-it's about transforming India into a global leader in renewable energy, technological innovation, and inclusive growth. It's a vision that seeks to align economic progress with the health of our planet, fostering a cleaner, greener future for all.

**A Vision for a Fossil Fuel-Free India**

At the heart of Viksit Bharat 2047 is the aspiration to see India free from fossil fuel dependence, embracing renewable energy sources like solar, wind, and hydroelectric power. This vision will not only reduce India's carbon footprint but also position the country as a leader in the global fight against climate change. With ambitious targets and substantial investments, India's energy landscape is set to undergo a radical transformation. India's solar energy sector has already seen significant growth, with the country becoming one of the world's leaders in solar capacity. Large-scale solar projects such as the Bhadla Solar Park in Rajasthan are key drivers in this journey. The International Solar Alliance (ISA), spearheaded by India, has further strengthened the nation's role in promoting renewable energy across the globe.

**Innovations in Energy and Infrastructure**

The shift from fossil fuels to renewables won't be without its challenges. Renewable energy, though abundant, is often intermittent-solar power, for example, depends on sunlight, and wind energy relies on wind patterns. To address this, India will need to make major advancements in energy storage. Innovations in battery technology and energy storage solutions will help store excess energy for use when it's needed, ensuring a stable and reliable supply. Smart grid technology will also be vital. These intelligent systems can monitor energy production and consumption in real-time, distributing power efficiently and minimizing waste. By building smart grids, India can enhance energy resilience while lowering costs, making the system more robust against fluctuations in supply and demand. Urban planning and the development of smart cities are additional components of the vision. These cities will integrate renewable energy solutions, improve air quality, and optimize energy use, enhancing the quality of life for millions of residents.


Aubaid Akhoon / Sabreena Shabir
Akhoon.aubaid@gmail.com / sabakhna80@gmail.com


**Economic and Social Benefits**

India's transition away from fossil fuels brings profound economic and social benefits. Renewable energy is labor-intensive, which means millions of jobs will be created in sectors such as solar and wind power installation, maintenance, and manufacturing. Furthermore, India's vast manufacturing base will benefit from the production of renewable energy components, such as solar panels and wind turbines. On a macroeconomic level, this shift will enhance India's energy security. Today, India imports vast quantities of fossil fuels, leaving the country vulnerable to global market volatility. By developing domestic renewable energy infrastructure, India can reduce its dependence on foreign oil and gas, ensuring greater energy independence and economic stability. There are also significant public health benefits to this transition. Reducing reliance on fossil fuels will lower air pollution levels, cutting down on respiratory diseases and other health issues caused by poor air quality. Cleaner air will lead to a healthier, more productive population, further bolstering India's economic growth.

**Government's Role and Public-Private Partnerships**

The Indian government will play a crucial role in steering the nation towards its renewable energy goals. Policies that incentivize clean energy projects, electric vehicles, and energy-efficient technologies are already in place, but more will be needed. The government's ambitious target of achieving 450 GW of renewable energy capacity by 2030 is a clear indicator of its commitment to this cause. Public-private partnerships will be instrumental in achieving the goals of Viksit Bharat 2047. The private sector can bring capital, technical expertise, and innovation, while the government can provide regulatory support and incentives. International collaborations will also help India leverage global expertise and funding to drive the transition. Empowering India's Citizens: Youth, Women, and Farmers The success of Viksit Bharat 2047 hinges on the participation of every demographic in society. The campaign focuses on four key pillars: Youth (Yuva), Poor (Garib), Women (Mahilayen), and Farmers (Annadata), ensuring that the benefits of this transition reach every corner of society. Youth play a pivotal role in driving innovation and spreading awareness about renewable energy technologies. Educational programs will help prepare the next generation of leaders to tackle India's clean energy challenges. Women are also a central part of this transformation. By encouraging more women to enter the renewable energy workforce, India is not only promoting gender equality but also ensuring that half of its population actively contributes to the country's economic and environmental future. Farmers, who are often disproportionately affected by the consequences of environmental degradation, will benefit from clean energy technologies such as solar irrigation pumps. These innovations will reduce their reliance on expensive, polluting diesel engines and boost agricultural productivity.

**Leading the Way Globally**

India's commitment to transitioning to a fossil fuel-free future extends beyond its national borders. As the world's third-largest carbon emitter, India's progress toward renewable energy has the potential to shape global climate action. The Viksit Bharat 2047 vision offers a blueprint for other developing nations, proving that economic growth and environmental sustainability are not mutually exclusive. India's leadership in initiatives such as the International Solar Alliance demonstrates its determination to make renewable energy accessible to all, especially in developing countries facing similar energy challenges.

**A Bright Future Awaits**

As India approaches its centenary of independence, the Viksit Bharat 2047 campaign stands as a beacon of what can be achieved when environmental responsibility, technological innovation, and inclusive growth converge. This ambitious initiative marks a pivotal moment in India's journey towards a sustainable and prosperous future. By committing to a transition away from fossil fuels, India not only seeks to achieve energy independence but also aspires to set a global standard for environmental stewardship. The path ahead may be long and fraught with challenges, yet it promises a future where economic prosperity and environmental sustainability coexist. This vision is not solely about advancing India's interests but also about leading by example on the global stage. As India pioneers this transformation, it aims to inspire nations around the world to embrace sustainable practices and innovative solutions. In striving for this future, India positions itself at the forefront of a global movement towards a greener planet, setting a precedent for how economic development and environmental care can work hand in hand. The commitment to a fossil fuel-free future reflects a broader aspiration: to create a legacy of progress that benefits not only the people of India but also contributes to the health and well-being of our planet as a whole. This journey towards a brighter, more sustainable future is one that we must all support, for it is through collective effort that we ensure a thriving world for generations to come.

# Temple defaced in US with 'Hindus go back' message, 2nd incident in 10 days




The BAPS Shri Swaminarayan Mandir in California was on Wednesday desecrated with anti-Hindu messages, the second such incident in the US in the past 10 days. The BAPS Public Affairs said their temple in Sacramento was desecrated with a "Hindus go back" message.

We stand united against hate with prayers for peace," the organisation said in a post on X.The Sacramento Police said that they were investigating "vandalism being classified as a hate crime" at the BAPS Hindu Temple in Mather. `Police further stated that the accused also cut water lines at the property.

Meanwhile, members of the Hindu community gathered at the temple following the incident for a prayer ceremony to promote "harmony"."Community leaders gathered for a heartfelt prayer ceremony at the BAPS Mandir in Sacramento, CA, following the desecration of the mandir. Inspiared by Mahant Swami Maharaj, we remain dedicated to promoting harmony and standing against intolerance. Together we will defeat hate," the organisation said while posting pictures on X.

# White House journalists' body slams limited media access at Biden's Quad meetings



The White House Correspondents' Association (WHCA) has criticised the limited press access at President Joe Biden's bilateral meetings at the Quad summit in Delaware and called it "unacceptable".

The Quad summit took place on Saturday (local time) at Biden's home in Wilmington, Delaware, and was attended by Prime Minister Narendra Modi, Australian Prime Minister Anthony Albanese and Japanese Prime Minister Fumio Kishida. Reporters, however, are not allowed to cover bilateral meetings with the White House, citing "security concerns".

In a tweet, CBS News correspondent Ed O'Keefe said, "The White House blocked the American press from documenting the presidentís 'personal meetings' with the other leaders of the Quad. But somehow, the Indian delegation was able to broadcast live from the front door of the Biden household."In an email, WHCA president and Politico correspondent Eugene Daniels said, "The lack of access to the president of the US for these bilateral meetings due to a location chosen by the White House is unacceptable to the WHCA," Fox News reported.Criticising the Biden administration's stance on press access, Daniels said, "My understanding is that the current posture of the administration is for the press to only see the leaders drive in with no eyes, or cameras on POTUS in this historic moment. I canít remember a time where this president has had a bilateral meeting on US soil and the press and therefore the American people were blocked from seeing it."He acknowledged that even though there were security concerns, it was essential for the people to have direct and independent press accounts of the bilateral meetings of the US President.Daniels urged the Biden administration to reconsider its strategy of having press access to bilateral meetings.

"[Press staff] has also walked me through whatís happening at the high school and all of that sounds very in line with these kinds of summits, but I request the administration rethink its posture on the bilateral access to adhere to the long-established standards of press access for these kinds of events," he further said in the email.

**WHITE HOUSE CLARIFIES**

Responding to the reporters' complaints, White House press secretary Karine Jean-Pierre said there would be "plenty of opportunities" for the reporters."There's going to be plenty of opportunities. It's not like we're not allowing all of you to see many other things that are going to develop throughout the day. I just went through them. A quick family photo. He's going to take them to his high school. You all are going to be there. There's going to be some really important announcement about cancer moonshot. You all are going to be there," she said.

"There's going to be an opportunity to see them when they leave on Saturday as well. You'll see him saying goodbye to the leaders on Saturday. I hear you all, but can you also appreciate that we have created other opportunities?" she asked.Reporters said that past presidents had allowed press pools while hosting foreign leaders at their homes.

# What's next for NYC as Mayor Adams faces indictment and calls for resignation

New York City Mayor Eric Adams has received a barrage of calls for his resignation immediately following news of his indictment by a grand jury on federal criminal charges. If Adams were to step aside following the indictment, he would initially be replaced by Public Advocate Jumaane Williams, a progressive Democrat. The next mayoral election is not due until June of next year.Williams has been the public advocate since 2019 and would take over as acting mayor. Responsibility for setting a date for a special election to decide Adams' successor would fall to Williams and he would need to do so within three days of taking over the post. Williams has long been a harsh critic of Adams casting doubts about his ability to govern amid the current swirl of federal investigations. 'I'm not sure how you continue to govern with, every day, more corrupt arrests, more corrupt suspicions,' he said. He has attacked the mayor's policing strategy which he sees as aggressive. Williams has also pushed for an end to solitary confinement in city's jails.



After Williams, fellow Democrat and City Comptroller Brad Lander would be third in line. Lander had been Adams' rival and was planning a run for mayor next year.

# US boy kidnapped from California at age 6 in 1951 found alive 70 years later



Luis Armando Albino was 6 years old in 1951 when he was abducted while playing at an Oakland, California park. Now, more than seven decades later, Albino has been found thanks to help from an online ancestry test, old photos and newspaper clippings.

The Bay Area News Group reported Friday that Albino's niece in Oakland - with assistance from police, the FBI and the Justice Department - located her uncle living on the East Coast.

Albino, a father and grandfather, is a retired firefighter and Marine Corps veteran who served in Vietnam, according to his niece, 63-year-old Alida Alequin. She found Albino and reunited him with his California family in June.On Feb. 21, 1951, a woman lured the 6-year-old Albino from the West Oakland park where he had been playing with his older brother and promised the Puerto Rico-born boy in Spanish that she would buy him candy.

Instead, the woman kidnapped the child, flying him to the East Coast where he ended up with a couple who raised him as if he were their own son, the news group reported. Officials and family members didn't say where on the East Coast he lives.

For more than 70 years Albino remained missing, but he was always in the hearts of his family and his photo hung at relatives' houses, his niece said. His mother died in 2005 but never gave up hope that her son was alive.

Oakland police acknowledged that Alequin's efforts "played an integral role in finding her uncle" and that "the outcome of this story is what we strive for."In an interview with the news group, she said her uncle "hugged me and said, 'Thank you for finding me' and gave me a kiss on the cheek."

Oakland Tribune articles from the time reported police, soldiers from a local army base, the Coast Guard and other city employees joined a massive search for the missing boy. San Francisco Bay and other waterways were also searched, according to the articles. His brother, Roger Albino, was interrogated several times by investigators but stood by his story about a woman with a bandana around her head taking his brother.The first notion that her uncle might be still alive came in 2020 when, "just for fun," Alequin said, she took an online DNA test. It showed a 22 percent match with a man who eventually turned out to be her uncle. A further search at the time yielded no answers or any response from him, she said.

In early 2024, she and her daughters began searching again. On a visit to the Oakland Public Library, she looked at microfilm of Tribune articles - including one that had a picture of Luis and Roger - which convinced her that she was on the right track. She went to the Oakland police the same day.

# Big threats to my life from Iran, attacker's death wish is to target me: Trump




Former US President and Republican presidential candidate Donald Trump alleged "big threats" to his life from Iran and that an attack on him was a "death wish" for the attacker. Trump made the claim after he survived two assassination attempts in two months.The 78-year-old Republican was also briefed by US intelligence agencies on the "real and specific" threat to his life allegedly from Iran in a bid to "sow chaos" in the country, according to his campaign.Big threats to my life from Iran. The entire US military is watching and waiting. Moves were already made by Iran that didnít work out, but they will try again. Not a good situation for anyone. I am surrounded by more men, guns and weapons than I have ever seen before," he tweeted on Tuesday (local time)."Thank you to Congress for unanimously approving far more money to Secret Service - Zero 'No' Votes, strictly bipartisan. Nice to see Republicans and Democrats get together on something. An attack on a former President is a death wish for the attacker!" he said.Steven Cheung, Trump's Campaign communications director said on late Tuesday night, "President Trump was briefed earlier today by the Office of the Director of National Intelligence regarding real and specific threats from Iran to assassinate him in an effort to destabilise and sow chaos in the US.""Intelligence officials have identified these 'continued and coordinated' attacks heightened in the past few months, and law enforcement officials across all agencies are working to ensure Trump is protected and the November election is free from interference," Cheung said.On July 13, Trump narrowly survived a shooting when a bullet grazed his ear during a campaign rally in Butler, Pennsylvania.

# Volodymyr Zelenskyy in US, hopes to meet Trump, seek peace deal for Ukraine

Ukrainian President Volodymyr Zelenskyy arrived in the US on Sunday to attend sessions at the UN General Assembly and urged his partners to help achieve "a shared victory for a truly just peace"."This fall will determine the future of this war," he said in a post on X alongside his nightly video address, delivered from his plane.Zelenskyy made an unannounced stop in President Joe Biden's home town of Scranton, Pennsylvania to visit a munitions plant which he said was ramping up manufacture of crucial 155-millimetre artillery shells to help the Ukraine war effort."It is in places like this where you can truly feel that the democratic world can prevail," Zelenskyy said in a post on X, alongside photographs of him thanking plant workers.The Ukrainian leader's concerns about a shortage of such munitions have taken on added urgency as Russia pummels Ukraine's energy grid ahead of the critical winter months.In his video address, Zelenskyy said Ukraine was doing everything it could, by acquiring weapons and through diplomacy, "to consolidate our partners' support and force Russia into peace."

Zelenskyy flew on to New York, where he was expected to meet heads of US companies to discuss his country's energy needs as well as leaders of states and international organisations.

Zelenskyy's visit coincides with US efforts to prepare a $375 million military aid package for Ukraine, breaking a months-long trend toward smaller packages for Kyiv's military operations.Zelenskyy said he would present a "victory plan" in Ukraine's war against Russia first to Biden. He is also expected to discuss the plan with Vice President Kamala Harris in a separate meeting on Thursday, as well as with other world leaders.Zelenskyy also hopes to meet Republican presidential candidate Donald Trump, who has called US aid to its eastern European ally a waste of money and has declined to say he wants Ukraine to win. Trump has said he will probably meet with Zelensky this week but no date has been announced.

# US backs India's bid for permanent seat in UN Security Council

The US has supported India in its push to have a permanent seat in the UN Security Council. Leaders of Quad (US, India, Japan and Australia) reiterated the need for a comprehensive reform of the UN body in its joint statement following the Quad Leaders' Summit in the US.



This came after Prime Minister Narendra Modi and US President Joe Biden held bilateral talks on the sidelines of the Quad summit in Wilmington, Delaware on Saturday (local time). A statement released by the White House said, "President (Joe) Biden shared with Prime Minister (Narendra) Modi that the US supports initiatives to reform global institutions to reflect India's important voice, including permanent membership for India in a reformed UN Security Council."India has been eyeing a permanent seat in the UN Security Council for the past several years, citing its contributions to peacekeeping missions, growing global influence and being the world's largest democracy.

In a joint statement released after the Quad summit, the leaders reiterated the need to reform the UN Security Council, stressing to make the body more representative, inclusive, transparent and democratic.

"We will reform the UN Security Council, recognising the urgent need to make it more representative, inclusive, transparent, efficient, effective, democratic and accountable through expansion in permanent and non-permanent categories of membership of the UN Security Council. This expansion of permanent seats should include representation for Africa, Asia, Latin America and the Caribbean in a reformed Security Council," the statement said.

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 271

Website: www.preetnama.com Email preetnamausa@gmail.com

27 SEPT TO 03 OCT , 2024




# ਪਟਿਆਲਾ ਦੀ ਲਾਅ ਯੂਨੀਵਰਸਿਟੀ ਚ ਵਿਦਿਆਰਥੀਆਂ ਦੇ ਵਾਈਸ ਚਾਂਸਲਰ ਖ਼ਿਲਾਫ਼ ਧਰਨੇ ਨੂੰ ਲੈ ਕੇ ਸਿਆਸਤ ਭਖ਼ੀ, ਕੀ ਬੋਲੇ ਵੀਸੀ




ਪਟਿਆਲਾ ਦੀ ਰਾਜੀਵ ਗਾਂਧੀ ਲਾਅ ਯੂਨੀਵਰਸਿਟੀ ਵਿੱਚ ਉਪ-ਕੁਲਪਤੀ ਜੈ ਸ਼ੰਕਰ ਸਿੰਘ ਵਿਰੁੱਧ ਚੱਲ ਰਿਹਾ ਵਿਦਿਆਰਥੀਆਂ ਦਾ ਧਰਨਾ ਹਾਲੇ ਤੱਕ ਜਾਰੀ ਹੈ ਅਤੇ ਇਸ ਬਾਰੇ ਸਿਆਸੀ ਪ੍ਰਤੀਕਿਰਿਆਵਾਂ ਵੀ ਲਗਾਤਾਰ ਆ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਵਿਦਿਆਰਥੀਆਂ ਦਾ ਇਲਜ਼ਾਮ ਹੈ ਕਿ ਯੂਨੀਵਰਸਿਟੀ ਦੇ ਉਪ-ਕੁਲਪਤੀ ਵਿਦਿਆਰਥਣਾਂ ਨੂੰ ਸੂਚਿਤ ਕੀਤੇ ਬਿਨ੍ਹਾਂ ਐਤਵਾਰ ਉਨ੍ਹਾਂ ਦੇ ਹੋਸਟਲ ਵਿੱਚ ਪਹੁੰਚੇ ਸਨ ਅਤੇ ਉਨ੍ਹਾਂ ਦੇ ਕਮਰਿਆਂ ਦੀ ਤਲਾਸ਼ੀ ਲਈ ਸੀ।

ਇਸ ਮਾਮਲੇ ਉੱਤੇ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਟਵੀਟ ਕਰਕੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ।

ਉਨ੍ਹਾਂ ਲਿਖਿਆ, ਪਟਿਆਲਾ ਦੀ ਰਾਜੀਵ ਗਾਂਧੀ ਲਾਅ ਯੂਨੀਵਰਸਿਟੀ @ਚ ਵਾਈਸ ਚਾਂਸਲਰ ਵੱਲੋਂ ਵਿਦਿਆਰਥਣਾਂ ਨੂੰ ਬਿਨਾਂ ਦੱਸੇ ਉਨ੍ਹਾਂ ਦੇ ਕਮਰਿਆਂ @ਚ ਦਾਖਲ ਹੋ ਕੇ ਉਨ੍ਹਾਂ ਦੇ ਕਮਰਿਆਂ ਦੀ ਚੈਕਿੰਗ ਕਰਨਾ ਅਤੇ ਉਨ੍ਹਾਂ ਦੇ ਪਹਿਰਾਵੇ ਨੂੰ ਲੈ ਕੇ ਵਿਦਿਆਰਥਣਾਂ @ਤੇ ਅਸ਼ਲੀਲ ਟਿੱਪਣੀਆਂ ਕਰਨਾ ਬੇਹੱਦ ਸ਼ਰਮਨਾਕ ਹੈ।

ਮਹਿਲਾ ਕਮਿਸ਼ਨ ਨੂੰ ਇਸ ਮਾਮਲੇ ਦਾ ਨੋਟਿਸ ਲੈਣਾ ਚਾਹੀਦਾ ਹੈ ਅਤੇ ਵਾਈਸ ਚਾਂਸਲਰ ਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

ਵਿਦਿਆਰਥੀਆਂ ਦਾ ਇਹ ਧਰਨਾ ਐਤਵਾਰ ਸ਼ਾਮ 6 ਵਜੇ ਦੇ ਕਰੀਬ ਸ਼ੁਰੂ ਹੋਇਆ ਸੀ ਜੋ ਯੂਨੀਵਰਸਿਟੀ ਪ੍ਰਸ਼ਾਸ਼ਨ ਵਲੋਂ ਅਣਮਿੱਥੇ ਸਮੇਂ ਲਈ ਛੁੱਟੀਆ ਦਾ ਐਲਾਨ ਕਰਨ ਤੋਂ ਬਾਅਦ ਵੀ ਜਾਰੀ ਹੈ।

ਇਹ ਧਰਨਾ ਉਪ-ਕੁਲਪਤੀ ਦੇ ਦਫ਼ਤਰ ਦੇ ਬਾਹਰੋਂ ਸ਼ੁਰੂ ਹੋਇਆ ਸੀ। ਪਰ ਯੂਨੀਵਰਸਿਟੀ ਬੰਦ ਹੋਣ ਤੋਂ ਬਾਅਦ ਵਿਦਿਆਰਥੀ ਮੰਗਲਵਾਰ ਨੂੰ ਯੂਨੀਵਰਸਿਟੀ ਦੇ ਮੁੱਖ ਗੇਟ ਉੱਤੇ ਧਰਨਾ ਲਾ ਕੇ ਬੈਠ ਗਏ ਹਨ।

ਵਿਦਿਆਰਥੀਆਂ ਦਾ ਕਹਿਣਾ ਹੈ ਇਹ ਧਰਨਾ ਉਦੋਂ ਤੱਕ ਚੱਲਦਾ ਰਹੇਗਾ ਜਦੋਂ ਤੱਕ ਉਪ-ਕੁਲਪਤੀ ਜੈ ਸ਼ੰਕਰ ਸਿੰਘ ਆਪਣੇ ਅਹੁਦੇ ਤੋਂ ਅਸਤੀਫ਼ਾ ਨਹੀਂ ਦੇ ਦਿੰਦੇ। ਵਿਦਿਆਰਥੀ ਉਪ-ਕੁਲਪਤੀ ਵਲੋਂ ਜਨਤਕ ਤੌਰ ਉੱਤੇ ਵਿਦਿਆਰਥੀਆਂ ਤੋਂ ਮੁਆਫ਼ੀ ਮੰਗੇ ਜਾਣ ਦੀ ਵੀ ਮੰਗ ਕਰ ਰਹੇ ਹਨ।

**ਸੋਮਵਾਰ ਨੂੰ ਬੰਦ ਕਰ ਦਿੱਤੀ ਗਈ ਯੂਨੀਵਰਸਿਟੀ**

ਐਤਵਾਰ ਸਾਰੀ ਰਾਤ ਚੱਲੇ ਵਿਰੋਧ ਪ੍ਰਦਰਸ਼ਨ ਨੂੰ ਦੇਖਦਿਆਂ ਸੋਮਵਾਰ ਸਵੇਰ ਨੂੰ ਉਪ-ਕੁਲਪਤੀ ਜੈ ਸ਼ੰਕਰ ਸਿੰਘ ਖ਼ੁਦ ਧਰਨੇ ਵਾਲੀ ਥਾਂ ਪਹੁੰਚੇ ਸਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਸਲਾ ਸੁਲਝਾਉਣ ਲਈ ਕਿਹਾ। ਵਿਦਿਆਰਥਣਾਂ ਨੇ ਰੋਂਦਿਆਂ ਹੋਇਆਂ ਉਪ-ਕੁਲਪਤੀ ਨੂੰ ਸਵਾਲ ਜਵਾਬ ਕੀਤੇ। ਪਰ ਵੀਸੀ ਨੇ ਵਿਦਿਆਰਥੀਆਂ ਨੂੰ ਆਪਣੀਆਂ ਸਾਰੀਆਂ ਮੰਗਾਂ ਲਿਖ਼ਤੀ ਰੂਪ ਵਿੱਚ ਦੇਣ ਲਈ ਕਿਹਾ। ਜਿਸ ਤੋਂ ਬਾਅਦ ਵਿਦਿਆਰਥੀਆਂ ਨੇ ਕਲਾਸਾਂ ਦਾ ਬਾਈਕਾਟ ਕਰ ਦਿੱਤਾ ਅਤੇ ਦੁਪਹਿਰ ਤੱਕ ਪ੍ਰਦਰਸ਼ਨ ਚੱਲਦਾ ਰਿਹਾ। ਉਸੇ ਦਿਨ ਕਰੀਬ 3 ਵਜੇ ਯੂਨੀਵਰਸਿਟੀ ਪ੍ਰਸ਼ਾਸਨ ਨੇ ਇੱਕ ਲਿਖਤੀ ਨੋਟੀਫਿਕੇਸ਼ਨ ਜਾਰੀ ਕਰਕੇ ਯੂਨੀਵਰਸਿਟੀ ਅਗਲੇ ਹੁਕਮਾਂ ਤੱਕ ਬੰਦ ਕੀਤੇ ਜਾਣ ਦੇ ਹੁਕਮ ਜਾਰੀ ਕਰ ਦਿੱਤੇ। ਨੋਟੀਫਿਕੇਸ਼ਨ ਵਿੱਚ ਇਹ ਵੀ ਲਿਖਿਆ ਗਿਆ ਕਿ, ÷ਯੂਨੀਵਰਸਿਟੀ ਪ੍ਰਸ਼ਾਸਨ ਨੇ ਮਸਲੇ ਦਾ ਹੱਲ ਕੱਢਣ ਲਈ ਇੱਕ ਕਮੇਟੀ ਦਾ ਗਠਨ ਕੀਤਾ ਹੈ, ਵਿਦਿਆਰਥੀਆਂ ਨੂੰ ਕਮੇਟੀ ਨਾਲ ਗੱਲਬਾਤ ਲਈ ਬੁਲਾਇਆ ਗਿਆ ਸੀ ਪਰ ਵਿਦਿਆਰਥੀ ਨਹੀਂ ਪਹੁੰਚੇ।ਯੂਨੀਵਰਸਿਟੀ ਨੂੰ ਬੰਦ ਕਰ ਦਿੱਤਾ ਗਿਆ ਸੀ, ਪਰ ਵਿਦਿਆਰਥੀਆਂ ਨੇ ਘਰ ਜਾਣ ਤੋਂ ਇਨਕਾਰ ਕਰ ਦਿੱਤਾ।ਸ਼ਾਮ ਨੂੰ ਯੂਨੀਵਰਸਿਟੀ ਪ੍ਰਸ਼ਾਸਨ ਨੇ ਵਿਦਿਆਰਥੀਆਂ ਨੂੰ ਗੱਲਬਾਤ ਲਈ ਸੱਦਾ ਭੇਜਿਆ ਪਰ ਵਿਦਿਆਰਥੀ ਨੇ ਜਵਾਬ ਵਿੱਚ ਕਿਹਾ ਕਿ ਯੂਨੀਵਰਸਿਟੀ ਪ੍ਰਸ਼ਾਸਨ ਜੋ ਵੀ ਗੱਲ ਕਰਨਾ ਚਾਹੁੰਦਾ ਹੈ, ਧਰਨੇ ਵਾਲੀ ਥਾਂ ਉੱਤੇ ਸਾਰੇ ਵਿਦਿਆਰਥੀਆਂ ਦੇ ਸਾਹਮਣੇ ਹੀ ਕਰੇ ਨਾ ਕਿ ਗਿਣਤੀ ਦੇ ਚੋਣਵੇਂ ਵਿਦਿਆਰਥੀਆਂ ਨਾਲ।ਇਸ ਸਾਰੇ ਘਟਨਾਕ੍ਰਮ ਦੌਰਾਨ ਯੂਨੀਵਰਸਿਟੀ ਵਲੋਂ ਹੋਸਟਲ ਮੈੱਸ ਨੂੰ ਛੱਡ ਕੇ ਬਾਕੀ ਸਾਰੇ ਕੰਟੀਨ, ਕੈਫੇ, ਰਜਿਸਟਰਾਰ ਦਫ਼ਤਰ, ਪੀਣ ਵਾਲੇ ਪਾਣੀ ਦੇ ਕੂਲਰ ਕੂਲਰ, ਪੈਖਾਨੇ ਸਭ ਬੰਦ ਕਰ ਦਿੱਤਾ ਗਿਆ।ਜਿਸ ਦੇ ਚਲਦਿਆਂ ਵਿਦਿਆਰਥੀਆਂ ਨੇ ਧਰਨੇ ਦੀ ਥਾਂ ਬਦਲੀ ਅਤੇ ਯੂਨੀਵਰਸਿਟੀ ਦੇ ਮੁੱਖ ਗੇਟ ਉੱਤੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ।

**ਵਿਦਿਆਰਥੀਆਂ ਦੇ ਇਲਜ਼ਾਮ**

ਬੀਬੀਸੀ ਨਾਲ ਗੱਲਬਾਤ ਦੌਰਾਨ ਵਿਦਿਆਰਥਣਾਂ ਨੇ ਕਿਹਾ, ÷ਸਾਡੇ ਨਾਮ, ਪਛਾਣ ਜਨਤਕ ਨਾ ਕੀਤੀ ਜਾਣ, ਨਹੀਂ ਤਾਂ ਸਾਡੇ ਉੱਤੇ ਕਾਰਵਾਈ ਕੀਤੀ ਜਾ ਸਕਦੀ ਹੈ। ਸਾਡੇ ਨੰਬਰ ਕੱਟੇ ਜਾ ਸਕਦੇ ਹਨ, ਸਾਨੂੰ ਸਸਪੈਂਡ ਕੀਤਾ ਜਾ ਸਕਦਾ ਹੈ। ਯਾਨੀ ਇਸ ਘਟਨਾਕ੍ਰਮ ਦਾ ਸਾਡੇ ਭਵਿੱਖ ਉੱਤੇ ਅਸਰ ਪੈ ਸਕਦਾ ਹੈ।ਇੱਕ ਵਿਦਿਆਰਥਣ ਨੇ ਰੋਂਦਿਆਂ ਹੋਇਆਂ ਆਪਣਾ ਤਜ਼ਰਬਾ ਦੱਸਦਿਆਂ ਕਿਹਾ, ÷ਇਹ ਕੋਈ ਪਹਿਲੀ ਵਾਰ ਨਹੀਂ ਹੈ ਕਿ ਵਿਦਿਆਰਥੀ ਵੀ ਸੀ ਜੈ ਸ਼ੰਕਰ ਖ਼ਿਲਾਫ਼ ਗੁੱਸੇ ਵਿੱਚ ਆਏ ਹੋਣ। ਇੱਕ ਵਾਰ ਮੈਂ 1 ਲੱਖ 40 ਹਜ਼ਾਰ ਰੁਪਏ ਫੀਸ ਭਰਨੀ ਸੀ ਕਿਸੇ ਕਾਰਨ ਫੀਸ ਦੇਣ ਵਿੱਚ ਦੇਰੀ ਹੋ ਗਈ ਤਾਂ ਮੈਨੂੰ ਪੂਰੀ ਕਲਾਸ ਦੇ ਸਾਹਮਣੇ ਸੁਣਾਇਆ ਗਿਆ ਕਿ ਤੁਸੀਂ ਫੀਸ ਕਿਉਂ ਨਹੀਂ ਭਰੀ।ਇਸ ਤੋਂ ਇਲਾਵਾ ਪ੍ਰਦਰਸ਼ਨ ਕਰਦੀਆਂ ਵਿਦਿਆਰਥਣਾਂ ਨੇ ਤਾਜ਼ਾ ਘਟਨਾ ਬਾਰੇ ਕਿਹਾ, ਹੋਸਟਲ ਦੇ ਅੰਦਰ ਕਿਸੇ ਵੀ ਪੁਰਸ਼ ਨੂੰ ਆਉਣ ਦੀ ਇਜਾਜ਼ਤ ਨਹੀਂ ਹੈ। ਸਾਡੇ ਮਾਪਿਆਂ ਨੂੰ ਵੀ ਨਹੀਂ, ਕੋਈ ਕੰਮ ਹੋਵੇ ਤਾਂ ਵਾਰਡਨ ਦੀ ਨਿਗਰਾਨੀ ਵਿੱਚ ਮਕੈਨਿਕ ਜਾਂ ਕੋਈ ਹੋਰ ਕੰਮ ਕਰਨ ਵਾਲਾ ਵਿਅਕਤੀ ਜਰੂਰ ਆਉਂਦਾ ਹੈ। ਪਰ ਇਸ ਤਰ੍ਹਾਂ ਵੀ ਕਿਸੇ ਦੇ ਆਉਣ ਤੋਂ ਪਹਿਲਾਂ ਸਾਨੂੰ ਸੂਚਿਤ ਕੀਤਾ ਜਾਂਦਾ ਹੈ।ਉਨ੍ਹਾਂ ਦਾ ਇਲਜ਼ਾਮ ਹੈ ਕਿ, ਪਰ ਇਸ ਵਾਰ ਉਪ ਕੁਲਪਤੀ ਜੈ ਸ਼ੰਕਰ ਸਿੰਘ ਨੇ ਹੋਸਟਲ ਦੌਰੇ ਬਾਰੇ ਪਹਿਲਾਂ ਕੋਈ ਸੂਚਨਾ ਨਹੀਂ ਦਿੱਤੀ ਸੀ। ਉਨ੍ਹਾਂ ਕਿਹਾ ਕਿ ਵੀਸੀ ਦੇ ਹੋਸਟਲ ਵਿੱਚ ਆਉਣ ਤੋਂ ਬਾਅਦ ਕੁੜੀਆਂ ਦੀ ਅਸਹਿਜ ਮਹਿਸੂਸ ਕੀਤਾ ਅਤੇ ਇਸ ਅਸਹਿਜਤਾ ਵਿੱਚੋਂ ਹੀ ਰੋਸ ਉਪਜਿਆ।ਹੁਣ ਵਿਦਿਆਰਥੀ ਉਪ-ਕੁਲਪਤੀ ਜੈ ਸ਼ੰਕਰ ਸਿੰਘ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਹਨ ਅਤੇ ਨਾਲ ਹੀ ਵੀਸੀ ਵਲੋਂ ਜਨਤਕ ਤੌਰ ਉੱਤੇ ਮੁਆਫ਼ੀ ਦੀ ਵੀ ਮੰਗ ਕਰ ਰਹੇ ਹਨ।

**ਇਲਜ਼ਾਮਾਂ ਉੱਤੇ ਉਪ-ਕੁਲਪਤੀ ਜੈ ਸ਼ੰਕਰ ਸਿੰਘ ਨੇ ਕੀ ਕਿਹਾ**

ਵੀਸੀ ਜੈ ਸ਼ੰਕਰ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਸਾਡਾ ਪਹਿਲਾ ਕੰਮ ਹੈ। ਇਹ ਛੋਟੇ ਬੱਚੇ ਹਨ, ਇਨ੍ਹਾਂ ਦਾ ਚੰਗਾ ਭਵਿੱਖ ਹੈ। 22-23 ਸਾਲ ਦੀ ਉਮਰ ਦੇ ਬੱਚੇ ਹਨ। ਅਸੀਂ ਬੱਚਿਆਂ ਦੀ ਸੁਰੱਖਿਆ, ਉਨ੍ਹਾਂ ਦੀ ਅਕਾਦਮਿਕ ਪੜ੍ਹਾਈ ਨੂੰ ਬਿਹਤਰੀਨ ਬਣਾਵਾਂਗੇ।ਉਨ੍ਹਾਂ ਕੁੜੀਆਂ ਦੇ ਹੋਸਟਲ ਵਿੱਚ ਜਾਣ ਦੇ ਇਲਜ਼ਾਮਾਂ ਨੂੰ ਨਕਾਰਦਿਆਂ ਕਿਹਾ ਕਿ, ਮੈਂ ਕਦੇ ਕੁੜੀਆਂ ਦੇ ਹੋਸਟਲ ਨਹੀਂ ਗਿਆ। ਲਾਅ ਦੇ ਪਹਿਲੇ ਸਾਲ ਵਿੱਚ ਕੁੜੀਆਂ ਦੀ ਗਿਣਤੀ ਮੁੰਡਿਆਂ ਦੇ ਮੁਕਾਬਲੇ ਵੱਧ ਹੈ। ਅਸੀਂ ਮਜ਼ਬੂਰੀਵਸ ਇੱਕ ਵਿਦਿਆਰਥਣ ਦੀ ਸਮਰੱਥਾ ਵਾਲੇ ਕਮਰੇ ਵਿੱਚ 2 ਵਿਦਿਆਰਥਣਾਂ ਨੂੰ ਰੱਖ ਰਹੇ ਹਾਂ।

ਉਨ੍ਹਾਂ ਬੱਚਿਆਂ ਦੀ ਮੇਜ਼ ਅਤੇ ਅਲਮਾਰੀ ਦੀ ਸਮੱਸਿਆ ਸੀ ਅਤੇ ਉਨ੍ਹਾਂ ਨੇ ਹੀ ਕਿਹਾ ਸੀ ਕਿ ਸਰ ਆ ਕੇ ਦੇਖੋ ਕਿ ਅਸੀਂ ਇਹ ਸਮਾਨ ਰੱਖੀਏ ਕਿੱਥੇ, ਜਦੋਂ ਇੱਥੇ ਜਗ੍ਹਾ ਹੀ ਨਹੀਂ ਹੈ ? ਉਨ੍ਹਾਂ ਬੱਚੀਆਂ ਦੀ ਲਗਾਤਾਰ ਸ਼ਿਕਾਇਥ ਆ ਰਹੀ ਸੀ। ਅਸੀਂ ਹੋਸਟਲ ਦੀ ਮੁੱਖ-ਵਾਰਡਨ ਅਤੇ ਮਹਿਲਾ ਸੁਰੱਖਿਆ ਕਰਮੀ ਦੇ ਨਾਲ ਉਨ੍ਹਾਂ ਕਮਰਿਆਂ ਵਿੱਚ ਹੀ ਗਏ ਜਿਨ੍ਹਾਂ ਦੀ ਸ਼ਿਕਾਇਤ ਆ ਰਹੀ ਸੀ। ਉਹ ਕੁੜੀਆਂ ਵੀ ਨਾਲ ਮੌਜੂਦ ਸਨ। ਖ਼ੁਦ ਸਾਨੂੰ ਲੈ ਕੇ ਗਈਆਂ ਅਤੇ ਉਨ੍ਹਾਂ ਦੇ ਕਮਰਿਆਂ ਤੋਂ ਇਲਾਵਾ ਅਸੀਂ ਕਿਸੇ ਹੋਰ ਕਮਰੇ ਵਿੱਚ ਨਹੀਂ ਗਏ। ਉਨ੍ਹਾਂ ਕਿਹਾ ਕਿ ਉਹ ਦੁਪਿਹਰ ਦੇ ਸਮੇਂ ਗਏ ਹਨ ਨਾ ਕਿ ਰਾਤ ਨੂੰ ਅਤੇ ਵਿਦਿਆਰਥੀਆਂ ਦੇ ਬੁਲਾਏ ਉੱਤੇ ਉਨ੍ਹਾਂ ਦੀ ਸਮੱਸਿਆ ਸਮਝਣ ਲਈ ਉਨ੍ਹਾਂ ਦੇ ਕਮਰੇ ਵਿੱਚ ਜਾਣਾ ਕਿਸੇ ਵੀ ਰੂਪ ਵਿੱਚ ਗੁਨਾਹ ਨਹੀਂ ਹੈ।ਵੀਸੀ ਨੇ ਕਿਹਾ ਕਿ, ਅਸੀਂ ਵਿਦਿਆਰਥੀਆਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਉਨ੍ਹਾਂ ਵਿਦਿਆਰਥੀਆਂ ਵਲੋਂ ਜਨਤਕ ਤੌਰ ਉੱਤੇ ਮੁਆਫ਼ੀ ਦੀ ਮੰਗ ਬਾਰੇ ਕਿਹਾ, ਮੁਆਫ਼ੀ ਦਾ ਕੋਈ ਸੁਆਲ ਹੀ ਨਹੀਂ ਹੈ।

## ਧਰਨੇ ਉੱਤੇ ਕਿਉਂ ਬੈਠੇ ਹਨ ਵਿਦਿਆਰਥੀ

ਉਪ-ਕੁਲਪਤੀ ਜੈ ਸ਼ੰਕਰ ਸਿੰਘ ਖ਼ਿਲਾਫ਼ ਵਿਦਿਆਰਥੀਆਂ ਦਾ ਧਰਨਾ ਜੈ ਸ਼ੰਕਰ ਦੇ ਐਤਵਾਰ ਨੂੰ ਯੂਨੀਵਰਸਿਟੀ ਦੇ ਕੁੜੀਆਂ ਦੇ ਇੱਕ ਹੋਸਟਲ ਵਿੱਚ ਤਲਾਸ਼ੀ ਲਈ ਪਹੁੰਚਣ ਤੋਂ ਬਾਅਦ ਸ਼ੁਰੂ ਹੋਇਆ ਸੀ।

ਵਿਦਿਆਰਥੀਆਂ ਦਾ ਦਾਅਵਾ ਹੈ ਕਿ ਉਪ-ਕੁਲਪਤੀ ਕੋਲ ਇਹ ਸ਼ਿਕਾਇਤ ਪਹੁੰਚੀ ਸੀ ਕਿ ਹੋਸਟਲ ਵਿੱਚ ਇੱਕ ਵਿਦਿਆਰਥੀ ਦੀ ਸਮਰੱਥਾ ਵਾਲੇ ਕਮਰਿਆਂ ਵਿੱਚ ਇੱਕ ਤੋਂ ਵੱਧ ਵਿਦਿਆਰਥੀ ਰਹਿ ਰਹੇ ਹਨ।

ਬੀਬੀਸੀ ਨਾਲ ਗੱਲਬਾਤ ਕਰਦਿਆਂ ਇੱਕ ਵਿਦਿਆਰਥਣ ਨੇ ਨਾਮ ਨਾ ਜ਼ਾਹਰ ਕਰਨ ਦੀ ਸ਼ਰਤ ਉੱਤੇ ਦੱਸਿਆ, ÷ਪਹਿਲਾਂ ਉਪ-ਕੁਲਪਤੀ ਹੋਸਟਲ ਵਿੱਚ ਆਏ ਸਨ। ਕਰੀਬ 3 ਵਜੇ ਉਹ ਹੋਸਟਲ ਦੀ ਮੈੱਸ ਵਿੱਚ ਦੇਖੇ ਗਏ ਸਨ। ਜਿੱਥੇ ਉਨ੍ਹਾਂ ਨੇ ਮੈੱਸ ਦਾ ਖਾਣਾ ਚੈੱਕ ਕੀਤਾ।

ਉਸਤੋਂ ਬਾਅਦ ਉਹ ਇੱਕ ਹੋਸਟਲ ਵਿੱਚ ਗਏ, ਜਿੱਥੇ ਜਾਣਾ ਪਹਿਲਾਂ ਤੈਅ ਨਹੀਂ ਸੀ। ਹੋਸਟਲ ਅੰਦਰ ਕੁੜੀਆਂ ਨੂੰ ਨਹੀਂ ਪਤਾ ਸੀ ਕਿ ਵਾਈਸ ਚਾਂਸਲਰ ਅਚਾਨਕ ਇਸ ਤਰ੍ਹਾਂ ਜਾਂਚ ਲਈ ਆਉਣਗੇ।÷

ਵਿਦਿਆਰਥੀਆਂ ਦਾ ਇਲਜ਼ਾਮ ਹੈ ਕਿ, ਦਿੱਕਤ ਦੀ ਗੱਲ ਇਹ ਵੀ ਸੀ ਕਿ ਜਦੋਂ ਉਹ ਆਏ ਤਾਂ ਉਨ੍ਹਾਂ ਨਾਲ ਕੋਈ ਮਹਿਲਾ ਕਰਮੀ ਜਾਂ ਹੋਸਟਲ ਵਾਰਡਨ ਵੀ ਮੌਜੂਦ ਨਹੀਂ ਸੀ ਬਲਕਿ ਇੱਕ ਹੋਰ ਪੁਰਸ਼ ਸੁਰੱਖਿਆ ਕਰਮੀ ਨਾਲ ਸੀ।÷

ਵਿਦਿਆਰਥਣਾ ਦਾ ਇਹ ਵੀ ਦਾਅਵਾ ਹੈ ਕਿ, ÷ਹੋਸਟਲ ਵਿੱਚ ਵਾਈਸ ਚਾਂਸਲਰ ਨੇ ਕੁੜੀਆਂ ਦੇ ਇੱਕ ਕਮਰੇ ਦੇ ਦਰਵਾਜ਼ੇ ਨੂੰ ਖੜਕਾਇਆ। ਜਦੋਂ ਤੱਕ ਕੋਈ ਜਵਾਬ ਆਉਂਦਾ ਉਦੋਂ ਤੱਕ ਉਹ ਅੰਦਰ ਦਾਖ਼ਲ ਹੋ ਚੁੱਕੇ ਸਨ।

ਫ਼ਿਰ ਉਨ੍ਹਾਂ ਨੇ ਕਮਰੇ ਅੰਦਰ ਮੌਜੂਦ ਕੁੜੀਆਂ ਬਾਰੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ। ਵਿਦਿਆਰਥਣਾਂ ਦੇ ਕੱਪੜਿਆਂ ਬਾਰੇ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ।

ਵਿਦਿਆਰਣਥਾਂ ਦਾ ਕਹਿਣਾ ਹੈ ਕਿ ਵੀਸੀ ਦੀ ਅਜਿਹੀ ਗਤੀਵਿਧੀ ਉਨ੍ਹਾਂ ਦੀ ਨਿੱਜਤਾ ਦੇ ਅਧਿਕਾਰ ਦੀ ਉਲੰਘਣਾ ਹੈ। ਅਤੇ ਇਸ ਤੋਂ ਬਾਅਦ ਹੀ ਵਿਦਿਆਰਥਣਾਂ ਨੇ ਵੀਸੀ ਦੇ ਅਸਤੀਫ਼ੇ ਦੀ ਮੰਗ ਕਰਦਿਆਂ 22 ਸਤੰਬਰ ਨੂੰ ਉਨ੍ਹਾਂ ਖ਼ਿਲਾਫ਼ ਧਰਨਾ ਲਾਇਆ ਸੀ।

ਸੋਮਵਾਰ ਜਦੋਂ ਬੀਬੀਸੀ ਦੀ ਟੀਮ ਧਰਨਾ ਸਥਲ ਉੱਤੇ ਪਹੁੰਚੀ ਉਸ ਸਮੇਂ ਵਿਦਿਆਰਥੀ ਯੂਨੀਵਰਸਿਟੀ ਦੇ ਅੰਦਰ ਹੀ ਪ੍ਰਦਰਸ਼ਨ ਕਰ ਰਹੇ ਸਨ, ਯੂਨੀਵਰਸਿਟੀ ਦੇ ਮੇਨ ਗੇਟ ਉੱਤੇ ਸੁੰਨ ਪਸਰੀ ਹੋਈ ਸੀ। ਮੀਡੀਆ ਨੂੰ ਅੰਦਰ ਜਾਣ ਦੀ ਇਜ਼ਾਜਤ ਨਹੀਂ ਸੀ ਦਿੱਤੀ ਜਾ ਰਹੀ।

ਇੰਨਾ ਹੀ ਨਹੀਂ ਵਿਦਿਆਰਥੀਆਂ ਨੂੰ ਵੀ ਬਾਹਰ ਆਉਣ ਤੋਂ ਮਨਾਂ ਕੀਤਾ ਜਾ ਰਿਹਾ ਸੀ ਹਾਲਾਂਕਿ ਬਾਅਦ ਵਿੱਚ ਇਸ ਦੀ ਇਜ਼ਾਜਤ ਦੇ ਦਿੱਤੀ ਗਈ ਸੀ।

# ਭਾਰਤ ਦੀ ਇੰਡੋ-ਪੈਸੇਫ਼ਿਕ ਖੇਤਰ ਦੇ ਵਿਦਿਆਰਥੀਆਂ ਨੂੰ ਵੱਡੀ ਸੌਗਾਤ

ਵਿਲਮਿੰਗਟਨ: ਭਾਰਤ ਨੇ ਇੰਡੋ-ਪੈਸੇਫ਼ਿਕ ਖੇਤਰ ਦੇ ਵਿਦਿਆਰਥੀਆਂ ਨੂੰ ਪੰਜ ਲੱਖ ਅਮਰੀਕੀ ਡਾਲਰ ਦੀ ਕੀਮਤ ਦੇ 50 ਕਵਾਡ ਵਜ਼ੀਫ਼ੇ ਪ੍ਰਦਾਨ ਕਰਨ ਦੀ ਨਵੀਂ ਪਹਿਲਕਦਮੀ ਦਾ ਐਲਾਨ ਕੀਤਾ ਹੈ। ਚੌਥੇ ਕਵਾਡ ਸੰਮੇਲਨ ਤੋਂ ਬਾਅਦ ਜਾਰੀ ਕੀਤੇ ਗਏ ਵਿਲਮਿੰਗਟਨ ਐਲਾਨਨਾਮੇ ’ਚ ਕਿਹਾ ਗਿਆ ਹੈ ਕਿ ਇਹ ਵਜ਼ੀਫ਼ੇ ਵਿਦਿਆਰਥੀਆਂ ਨੂੰ ਭਾਰਤ ਸਰਕਾਰ ਦੁਆਰਾ ਫ਼ੰਡ ਪ੍ਰਾਪਤ ਤਕਨੀਕੀ ਸੰਸਥਾਨ ’ਚ ਚਾਰ ਸਾਲ ਦੇ ਅੰਡਰ-ਗ੍ਰੈਜੂਏਟ ਇੰਜੀਨੀਅਰਿੰਗ ਕੋਰਸ ’ਚ ਸ਼ਾਮਿਲ ਹੋਣ ਦੇ ਯੋਗ ਬਣਾਉਣਗੇ।ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਮੇਜ਼ਬਾਨੀ ਕੀਤੀ ਗਈ ਕਵਾਡ ਨੇਤਾਵਾਂ ਦਾ ਸੰਮੇਲਨ ਉਨ੍ਹਾਂ ਦੇ ਜੱਦੀ ਸ਼ਹਿਰ ਵਿਲਮਿੰਗਟਨ, ਡੈਲਾਵੇਅਰ ’ਚ ਹੋਇਆ। ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਐਲਬਨੀਜ਼ ਅਤੇ ਜਾਪਾਨ ਦੇ ਪ੍ਰਧਾਨ ਮੰਤਰੀ ਫ਼ੂਮਿਓ ਕਿਸ਼ਿਦਾ ਨੇ ਇਸ ’ਚ ਹਿੱਸਾ ਲਿਆ। ਘੋਸ਼ਣਾ ’ਚ ਕਿਹਾ ਗਿਆ ਹੈ, “ਭਾਰਤ ਨੇ ਭਾਰਤ-ਪ੍ਰਸ਼ਾਂਤ ਖੇਤਰ ਦੇ ਵਿਦਿਆਰਥੀਆਂ ਨੂੰ ਭਾਰਤ ਸਰਕਾਰ ਦੁਆਰਾ ਫ਼ੰਡ ਪ੍ਰਾਪਤ ਤਕਨੀਕੀ ਸੰਸਥਾ ’ਚ ਚਾਰ ਸਾਲਾਂ ਦੇ ਅੰਡਰਗ੍ਰੈਜੂਏਟ ਇੰਜੀਨੀਅਰਿੰਗ ਕੋਰਸਾਂ ਨੂੰ ਅੱਗੇ ਵਧਾਉਣ ਲਈ ਪੰਜ ਲੱਖ ਅਮਰੀਕੀ ਡਾਲਰ ਦੀ 50 ਕਵਾਡ ਸਕੌਲਰਸ਼ਿਪਸ ਪ੍ਰਦਾਨ ਕਰਨ ਲਈ ਇੱਕ ਨਵੀਂ ਪਹਿਲਕਦਮੀ ਦੀ ਘੋਸ਼ਣਾ ਕੀਤੀ ਹੈ।” ਇਸ ’ਚ ਕਿਹਾ ਗਿਆ ਹੈ, “ਕਵਾਡ ਸਕੌਲਰਸ਼ਿਪ



ਜ਼ਰੀਏ, ਅਸੀਂ ਵਿਗਿਆਨ, ਤਕਨਾਲੋਜੀ ਅਤੇ ਨੀਤੀ ਨਿਰਮਾਤਾਵਾਂ ਦੀ ਅਗਲੀ ਪੀੜ੍ਹੀ ਦਾ ਇੱਕ ਨੈੱਟਵਰਕ ਬਣਾ ਰਹੇ ਹਾਂ।” ਪੁਲਾੜ ਖੇਤਰ ’ਚ ਕਵਾਡ ਨੇਤਾਵਾਂ ਨੇ ਸਪੇਸ-ਸਬੰਧਤ ਐਪਲੀਕੇਸ਼ਨਾਂ ਅਤੇ ਤਕਨਾਲੋਜੀਆਂ ਦੇ ਜ਼ਰੂਰੀ ਯੋਗਦਾਨ ਨੂੰ ਸਵੀਕਾਰ ਕੀਤਾ। ਘੋਸ਼ਣਾ ਪੱਤਰ ’ਚ ਕਿਹਾ ਗਿਆ ਹੈ, “ਸਾਡੇ 34 ਦੇਸ਼ ਜਲਵਾਯੂ-ਸੰਬੰਧੀ ਸ਼ੁਰੂਆਤੀ ਚਿਤਾਵਨੀ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਅਤੇ ਮੌਸਮ ਨਾਲ ਸਬੰਧਤ ਘਟਨਾਵਾਂ ਦੇ ਪ੍ਰਭਾਵਾਂ ਨਾਲ ਬਿਹਤਰ ਢੰਗ ਨਾਲ ਨਜਿੱਠਣ ਲਈ ਇੰਡੋ-ਪੈਸੇਫ਼ਿਕ ਖੇਤਰ ’ਚ ਦੇਸ਼ਾਂ ਦੀ ਸਹਾਇਤਾ ਲਈ ਧਰਤੀ ਨਿਰੀਖਣ ਡੇਟਾ ਅਤੇ ਹੋਰ ਪੁਲਾੜ-ਸੰਬੰਧੀ ਐਪਲੀਕੇਸ਼ਨਾਂ ਦੀ ਵਰਤੋਂ ਜਾਰੀ ਰੱਖਣ ਦਾ ਇਰਾਦਾ ਰੱਖਦੇ ਹਨ।”

# ਜਹਾਜ਼ ’ਚ ਬਜ਼ੁਰਗ ਜੋੜੇ ਦੇ ਸ਼ਰਮਨਾਕ ਕਾਰੇ ਲਈ ਏਅਰਲਾਈਨ ਨੇ ਸਫ਼ਰ ਕਰਨ ’ਤੇ ਲਾਈ ਪਾਬੰਦੀ

ਲੰਡਨ: ਹਵਾਈ ਯਾਤਰਾ ਇੱਕ ਮੁਟਿਆਰ ਲਈ ਸਿਰਦਰਦੀ ਸਾਬਤ ਹੋਈ ਕਿਉਂਕਿ ਉਸ ਨੂੰ 15 ਘੰਟੇ ਤਕ ਆਪਣੀ ਸੀਟ ਦੇ ਪਿੱਛੇ ਬੈਠੇ ਬਜ਼ੁਰਗ ਜੋੜੇ ਵਲੋਂ ਲਗਾਤਾਰ ਤੰਗ ਕੀਤਾ ਜਾਂਦਾ ਰਿਹਾ। ਇਹ ਘਟਨਾ ਕੈਥੇ ਪੈਸੇਫ਼ਿਕ ਏਅਰਲਾਈਨ ’ਤੇ ਵਾਪਰੀ ਜੋ ਹੌਂਗ ਕੌਂਗ ਤੋਂ ਲੰਡਨ ਲਈ ਉਡਾਣ ਭਰ ਰਹੀ ਸੀ। ਹੁਣ ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ।

ਲੜਕੀ ਨੇ ਆਪਣੀ ਰਿਕਲਾਈਨਰ ਸੀਟ ਨੂੰ ਪਿੱਛੇ ਹਟਾਇਆ ਸੀ ਤਾਂ ਕਿ ਉਹ ਆਰਾਮ ਕਰ ਸਕੇ, ਪਰ ਪਿੱਛੇ ਬੈਠੀ ਔਰਤ ਨੇ ਇਸ ’ਤੇ ਇਤਰਾਜ਼ ਜਤਾਇਆ ਅਤੇ ਉਸ ਨੂੰ ਆਪਣੀ ਸੀਟ ਸਿੱਧੀ ਕਰਨ ਲਈ ਕਿਹਾ ਕਿਉਂਕਿ ਉਹ ਸਾਹਮਣੇ TV ਸਕਰੀਨ ਠੀਕ ਤਰ੍ਹਾਂ ਨਹੀਂ ਸੀ ਦੇਖ ਸਕਦੀ। ਜਦੋਂ ਲੜਕੀ ਨੇ ਆਪਣੀ ਸੀਟ ਸਿੱਧੀ ਨਹੀਂ ਕੀਤੀ ਤਾਂ ਪਤੀ-ਪਤਨੀ ਨੇ ਉਸ ਦੀ ਸੀਟ ’ਤੇ ਲੱਤਾਂ ਮਾਰੀਆਂ, ਹੱਥਾਂ ਨਾਲ ਉਸ ਨੂੰ ਧੱਕਾ ਮਾਰਿਆ ਤੇ ਅਸ਼ਲੀਲ ਇਸ਼ਾਰੇ ਕਰਨੇ ਸ਼ੁਰੂ ਕਰ ਦਿੱਤੇ।ਲੜਕੀ ਨੇ ਇਸ ਘਟਨਾ ਦੀ ਵੀਡੀਓ ਬਣਾਈ ਜੋ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਗਈ। ਵੀਡੀਓ ’ਚ ਬਜ਼ੁਰਗ ਔਰਤ ਨੂੰ ਸੀਟ ਨੂੰ ਲੱਤਾਂ ਮਾਰਦੇ ਅਤੇ ਅਸ਼ਲੀਲ ਇਸ਼ਾਰੇ ਕਰਦੇ ਦੇਖਿਆ ਜਾ ਸਕਦਾ ਹੈ। ਇਸ ਵੀਡੀਓ ਨੂੰ ਲੱਖਾਂ ਲੋਕਾਂ ਨੇ ਦੇਖਿਆ ਅਤੇ ਏਅਰਲਾਈਨ ਦੀ ਆਲੋਚਨਾ ਕੀਤੀ।ਜਦੋਂ ਮਾਮਲਾ ਵਧਿਆ ਤਾਂ ਏਅਰਲਾਈਨ ਨੇ ਜਾਂਚ ਸ਼ੁਰੂ ਕਰ ਦਿੱਤੀ ਅਤੇ ਜੋੜੇ ਨੂੰ ਆਪਣੀ ਏਅਰਲਾਈਨ ’ਤੇ ਉਡਾਣ ਭਰਨ ’ਤੇ ਪਾਬੰਦੀ ਲਗਾ ਦਿੱਤੀ। ਸੋਸ਼ਲ ਮੀਡੀਆ ’ਤੇ ਲੋਕਾਂ ਨੇ ਲੜਕੀ ਦੇ ਹੌਂਸਲੇ ਦੀ ਤਾਰੀਫ਼ ਕੀਤੀ ਅਤੇ ਬਜ਼ੁਰਗ ਜੋੜੇ ਦੀ ਨਿੰਦਾ ਕੀਤੀ।



# ਓਕੇ ਰਿਪੋਰਟਾਂ ਨਾਲ ਧਮਾਲਾਂ ਪਾਉਣ ਲਈ ਤਿਆਰ ਰਣਜੀਤ ਮਣੀ

ਅਮਰਬੀਰ ਸਿੰਘ ਚੀਮਾ
98889-40211

ਪਿਛਲੇ 33-34 ਸਾਲਾਂ ਤੋਂ ਆਪਣੀ ਦਮਦਾਰ ਆਵਾਜ਼ ਨਾਲ ਲਗਾਤਾਰ ਸਰੋਤਿਆਂ ਦੇ ਰੂਬਰੂ ਹੋ ਕੇ ਨਿਰੰਤਰ ਹਾਜ਼ਰੀ ਲਵਾਉਂਦਾ ਆ ਰਿਹਾ ਹੈ ਪੰਜਾਬੀ ਲੋਕ ਗਾਇਕ ਰਣਜੀਤ ਮਣੀ। ਬਚਪਨ ਚੋਂ ਹੀ ਲੱਗੀ ਗਾਇਕੀ ਦੀ ਚਿਣਗ ਤੇ ਆਪਣੇ ਜਨੂੰਨ ਨੂੰ ਉਡਾਣ ਦੇਣ ਲਈ ਮਹਿਜ਼ 17-18 ਸਾਲਾਂ ਦੀ ਉਮਰ ਵਿੱਚ ਆਪਣਾ ਚੁੱਪਕੀਤੀ ਪਿੰਡ ਛੱਡ ਲੁਧਿਆਣੇ ਆ ਕੇ ਪੰਜਾਬੀ ਗਾਇਕ ਸਵ. ਅਮਰ ਸਿੰਘ ਚਮਕੀਲਾ ਨੂੰ ਆਪਣਾ ਉਸਤਾਦ ਧਾਰ ਲਿਆ ਪਰ ਉਸ ਦੀ ਬੇਵਕਤੀ ਮੌਤ ਕਾਰਨ ਇਹ ਸਾਥ ਸਾਲ ਭਰ ਹੀ ਨਸੀਬ ਹੋਇਆ। ਉਸ ਤੋਂ ਬਾਅਦ ਸਵ. ਕੁਲਦੀਪ ਮਾਣਕ ਦੇ ਦਫਤਰ ਵਿਖੇ ਬੁਕਿੰਗ ਕਲਰਕ ਵਜੋਂ ਕੰਮ ਕੀਤਾ। ਕਈ ਵਾਰ ਕਿਸੇ ਦੀ ਸਹਿਜ ਸੁਭਾਅ ਕਹੀ ਗੱਲ ਦਿਲੋਂ ਦਿਮਾਗ ਤੇ ਇਸ ਕਦਰ ਅਸਰ ਕਰ ਜਾਂਦੀ ਹੈ ਕਿ ਜ਼ਿੰਦਗੀ ਦੇ ਮਾਇਨੇ ਹੀ ਬਦਲ ਜਾਂਦੇ ਹਨ। ਰਣਜੀਤ ਮਣੀ ਨੂੰ ਬਚਪਨ ਤੋਂ ਹੀ ਗਾਇਕੀ ਤੇ ਫ਼ਿਲਮਾਂ @ਚ ਜਾਣ ਦਾ ਸ਼ੌਕ ਸੀ। ਅਜਿਹਾ ਪਤਾ ਲੱਗਣ ਤੇ ਕਿਸੇ ਪਿੰਡ ਵਾਸੀ ਨੇ ਉਸਨੂੰ ਟਾਂਚ ਕਰਦਿਆਂ ▾ਆਇਆ ਵੱਡਾ ਧਰਮਿੰਦਰ@ ਕਹਿ ਦਿੱਤਾ। ਇਹੀ ਟਾਂਚ ਉਸ ਲਈ ਇੱਕ ਭਵਿੱਖੀ ਵਰਦਾਨ ਸਾਬਿਤ ਹੋਈ।

ਰਣਜੀਤ ਮਣੀ ਨੇ ਦੇਵ ਥਰੀਕਿਆਂ ਵਾਲਾ, ਬਾਬੂ ਸਿੰਘ ਮਾਨ, ਸ਼ਮਸ਼ੇਰ ਸੰਧੂ, ਕਾਲਾ ਨਿਜ਼ਾਮਪੁਰੀ ਬਚਨ ਬੇਦਿਲ, ਬੰਤ ਰਾਮਪੁਰੀਆ, ਅਲਬੇਲਾ ਬਰਾੜ, ਵੀਤ ਬਲਜੀਤ ਅਤੇ ਹੋਰ ਨਾਮਵਰ ਗੀਤਕਾਰਾਂ ਦੀ ਕਲਮ ਨੂੰ ਆਪਣੀ ਆਵਾਜ਼ ਦਿੱਤੀ ਪਰ ਸਭ ਤੋਂ ਵੱਧ ਗੀਤ ਉਸਨੇ ਬਚਨ ਬੇਦਿਲ ਦੇ ਲਿਖੇ ਗਾਏ। ਇੱਕ ਸਮਾਂ ਸੀ ਜਦੋਂ ਪੰਜਾਬ ਵਿੱਚ ਉਦਾਸ ਗੀਤਾਂ ਦਾ ਬੋਲਬਾਲਾ ਸੀ। ਉਸੇ ਸਮੇਂ ਦੌਰਾਨ ਆਪਣੇ ਸਮਕਾਲੀ ਗਾਇਕਾਂ ਦਵਿੰਦਰ ਕੋਹੇਨੂਰ, ਸਵ. ਧਰਮਪ੍ਰੀਤ ਹਰਦੇਵ ਮਾਹੀਨੰਗਲ, ਸਵ. ਮੇਜਰ ਰਾਜਸਥਾਨੀ ਦੇ ਅੱਗੜ ਪਿੱਛੜ ਹੀ ਰਣਜੀਤ ਮਣੀ ਦੀ ਵੀ ਪੰਜਾਬੀ ਗਾਇਕੀ 'ਚ ਆਮਦ ਹੋਈ। ਉਦੋਂ ਹੋਸਟਲਾਂ, ਅਖਾੜਿਆਂ ਤੇ ਮੇਲਿਆਂ ਵਿਚ ਇਹਨਾਂ ਦੇ ਗੀਤ ਵੱਜਣ ਤੋਂ ਇਲਾਵਾ ਵਿਆਹਾਂ ਵਿੱਚ ਵੀ ਉਦਾਸ ਗੀਤਾਂ ਦੀ ਫਰਮਾਇਸ਼ ਕੀਤੀ ਜਾਂਦੀ ਸੀ। ਉਸਨੇ ਆਪਣੀ ਦਮਦਾਰ ਆਵਾਜ਼ ਵਿੱਚ ਹਿੱਟ ਗੀਤਾਂ ਦੀ ਝੜੀ ਲਾ ਦਿੱਤੀ, ਜਿਨਾਂ ਵਿੱਚੋਂ @ਪਾਸਪੋਰਟ@ ਤੇ @ਰਾਂਝੇ ਦਾ ਪ੍ਰਿੰਸੀਪਲ@ ਵਰਗੇ ਗੀਤਾਂ ਨੂੰ ਲੋਕ ਗੀਤ ਦਾ ਰੁਤਬਾ ਮਿਲ ਚੁੱਕਿਆ ਹੈ।

ਅੱਜ ਰਣਜੀਤ ਮਣੀ ਕਿਸੇ ਜਾਣ-ਪਹਚਾਣ ਦਾ ਮੁਹਤਾਜ ਨਹੀਂ ਹੈ। ਲਗਭਗ ਤਿੰਨ ਸਾਢੇ ਤਿੰਨ ਦਹਾਕਿਆਂ ਤੋਂ ਉਹ ਪੰਜਾਬੀ ਗੀਤਾਂ ਦੇ ਸੂਝਵਾਨ ਸਰੋਤਿਆਂ ਦੇ ਦਿਲਾਂ 'ਤੇ ਰਾਜ ਕਰ ਰਿਹਾ ਹੈ ਤੇ ਉਸ ਦੀ ਆਵਾਜ਼ ਦਾ ਜਾਦੂ ਅੱਜ ਵੀ ਬਰਕਰਾਰ ਹੈ।ਰਣਜੀਤ ਮਣੀ ਆਪਣੀ ਧਰਮ ਪਤਨੀ ਕਮਲਪ੍ਰੀਤ ਕੌਰ, ਬੇਟੇ ਸਾਹਿਬ ਓਂਕਾਰ ਸਿੰਘ ਤੇ ਬੇਟੀ ਹਰਸਿਮਰਨਪ੍ਰੀਤ ਕੌਰ ਸਮੇਤ ਲੁਧਿਆਣਾ ਵਿਖੇ ਜਦਕਿ ਉਸ ਦੀ ਮਾਤਾ ਭਗਵਾਨ ਕੌਰ ਆਪਣੇ ਜੱਦੀ ਪਿੰਡ ਚੁੱਪਕੀਤੀ ਵਿਖੇ ਰਹਿ ਰਹੀ ਹੈ।

ਬਚਨ ਬੇਦਿਲ ਦੇ ਪਾਸਪੋਰਟ'ਤੋਂ ਤੁਰੰਤ ਮਗਰੋਂ 'ਤੇਰੇ ਵਿਆਹ ਦਾ ਕਾਰਡ'ਕੈਸਟ ਆਈ ਤੇ ਫੇਰ ਮਣੀ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਸ ਦੇ ਗਾਏ ਹਿੱਟ ਗੀਤਾਂ ਦੀ ਸੂਚੀ ਬਹੁਤ ਲੰਬੀ ਹੈ; ਜਿਵੇਂ ਕਿ 'ਮੈਂ ਲੰਡਨ ਦੇ ਵਿੱਚ ਦਿਨ ਕੱਟੂੰ, 'ਮੇਰੇ ਸੋਹਣਿਆ ਸੱਜਣਾਂ ਵੇ ਮੁੜ ਵਤਨੀ ਆ, 'ਮੁੰਡਾ ਰੋ ਪਿਆ ਕੁੜੀ ਦੀ ਬਾਂਹ ਫੜ ਕੇ, 'ਤੇਰੇ ਵਿਆਹ ਦਾ ਕਾਰਡ, 'ਤੇਰੇ ਬਿਨਾਂ, 'ਕਦੇ ਵਾਅਦੇ ਚੇਤੇ ਆਉਂਦੇ', ਜਵਾਨੀ ਦੀਆ ਮੁਬਾਰਕਾਂ, ਉਹ ਛਮਛਮ ਰੋ ਪਈ ਆਦਿ ਪ੍ਰਮੁੱਖ ਹਨ। ਅੱਜਕੱਲ੍ਹ ਲਿਪਸਿੰਗ ਦੇ ਚੱਲ ਰਹੇ ਰੁਝਾਨ ਨਾਲੋਂ ਉਹ ਹਮੇਸ਼ਾ ਲਾਈਵ ਗਾਇਕੀ ਨੂੰ ਹੀ ਤਰਜੀਹ ਦਿੰਦਾ ਹੈ। ਜਿਨ੍ਹਾਂ ਸੰਗੀਤਕਾਰਾਂ ਨੇ ਮਣੀ ਦੇ ਬੋਲਾਂ ਨੂੰ ਆਪਣੇ ਸੰਗੀਤ ਨਾਲ ਸ਼ਿੰਗਾਰਿਆ ਇਹਨਾਂ ਵਿੱਚੋਂ ਕ੍ਰਮਵਾਰ ਅਤੱਲ ਸ਼ਰਮਾ, ਸੁਰਿੰਦਰ ਬਚਨ, ਵਰਿੰਦਰ ਬਚਨ, ਸੁਰਿੰਦਰ ਸੋਢੀ (ਮੁੰਬਈ), ਸੁਰਿੰਦਰ ਕੋਹਲੀ (ਮੁੰਬਈ), ਆਰ. ਗੁਰੂ ਦੇ ਨਾਂ ਵਰਣਨਯੋਗ ਹਨ। ਰਣਜੀਤ ਮਣੀ ਦੀਆਂ ਸੋਲੋ ਦੇ ਨਾਲ-ਨਾਲ ਚਾਰ-ਪੰਜ ਡਿਊਟ ਕੈਸੇਟਾਂ ਵੀ ਮਾਰਕੀਟ ਵਿੱਚ ਆਈਆਂ ਹਨ। ਇਹਨਾਂ ਵਿੱਚ ਉਸ ਦਾ ਸਾਥ ਪ੍ਰਵੀਨ ਭਾਰਟਾ, ਸੁਦੇਸ਼ ਕੁਮਾਰੀ ਤੇ ਮਿਸ ਪੂਜਾ ਨੇ ਦਿੱਤਾ ਅਤੇ ਇਹ ਸਾਰੀਆਂ ਕੈਸਟਾਂ ਵੀ ਬਹੁਤ ਮਕਬੂਲ ਰਹੀਆਂ। ਆਪਣੇ ਗੀਤਾਂ ਵਿੱਚੋਂ 'ਅਸੀਂ ਰੋਜ਼ੇ ਰੱਖੇ ਤੇਰੇ ਲਈ ਤੂੰ ਈਦ ਮਨਾਵੇਂ ਹੋਰਾਂ ਨਾਲ' ਉਸ ਦਾ ਪਸੰਦੀਦਾ ਗੀਤ ਹੈ। ਤਵਿਆਂ ਦੇ ਯੁੱਗ ਨੂੰ ਵਾਚਦਿਆਂ ਹੋਇਆਂ ਕੈਸਟਾਂ ਤੋਂ ਸ਼ੁਰੂਆਤ ਕੀਤੀ ਤੇ ਕੈਸਟਾਂ ਦਾ ਅਖੀਰਲਾ ਸਮਾਂ ਵਾਚਿਆ ਤੇ ਹੰਢਾਇਆ, ਫੇਰ ਸੀ.ਡੀਜ਼. ਤੇ ਡੀ.ਵੀ.ਡੀਜ਼. ਵੀ ਰਿਲੀਜ਼ ਕਰਵਾਈਆਂ। ਉਸ ਤੋਂ ਬਾਅਦ ਗੀਤ ਪੈਨ-ਡਰਾਈਵਾਂ ਤੇ ਮੈਮਰੀ ਕਾਰਡਾਂ ਵਿੱਚ ਸਿਮਟਦੇ ਦੇਖੇ ਅਤੇ ਅੱਜ ਯੂਟੀਊਬ ਤੇ ਸਿੰਗਲ ਟਰੈਕ ਦਾ ਜਮਾਨਾ ਵੀ ਮਾਣ ਰਿਹਾ ਹੈ।

ਰਣਜੀਤ ਮਣੀ ਤੇ ਸੁਦੇਸ਼ ਕੁਮਾਰੀ ਵੱਲੋਂ ਗਾਇਆ ਤੇ ਕਮਲ ਮਹਿਤਾ ਯੂਕੇ ਵੱਲੋਂ ਲਿਖਿਆ ਉਦਾਸ ਗੀਤ ਤੇਰਾ ਸ਼ੀਸ਼ਿਆਂ ਦਾ ਸ਼ਹਿਰ ਯੂਟੀਊਬ ਤੇ ਪੂਰਾ ਹਿੱਟ ਚੱਲ ਰਿਹਾ ਹੈ। ਇਸ ਦੇ ਨਾਲ ਹੀ ਰੋਮੀ ਮਿਊਜ਼ਿਕ ਕੰਪਨੀ ਦੀ ਪੇਸ਼ਕਸ਼, ਕਮਲ ਮਹਿਤਾ ਯੂਕੇ ਵੱਲੋਂ ਹੀ ਲਿਖਿਆ ਅਤੇ ਰਣਜੀਤ ਮਣੀ ਤੇ ਸੁਦੇਸ਼ ਕੁਮਾਰੀ ਦੀ ਆਵਾਜ਼ ਵਿੱਚ ਬੀਟ ਸੌਂਗ ਓਕੇ ਰਿਪੋਰਟਾਂ ਬਹੁਤ ਜਲਦ ਮਾਰਕੀਟ ਵਿੱਚ ਵੱਡੇ ਪੱਧਰ ਤੇ ਰਿਲੀਜ਼ ਕੀਤਾ ਜਾ ਰਿਹਾ ਹੈ, ਜਿਸ ਨੂੰ ਸੰਗੀਤਕਾਰ ਪ੍ਰਿੰਸ ਨੇ ਆਪਣੀਆਂ ਧੁਨਾਂ ਨਾਲ ਸ਼ਿੰਗਾਰਿਆ ਹੈ। ਰਣਜੀਤ ਮਣੀ ਕਹਿੰਦਾ ਹੈ ਕਿ ਬਾਕੀ ਗੀਤਾ ਵਾਂਗ ਇਸ ਗੀਤ ਲਈ ਵੀ ਬਹੁਤ ਮਿਹਨਤ ਕੀਤੀ ਹੈ ਤੇ ਉਮੀਦ ਹੈ ਕਿ ਇਹ ਗੀਤ ਆਉਣ ਵਾਲੇ ਵਿਆਹਾਂ ਦੇ ਸੀਜ਼ਨ ਵਿੱਚ ਡੀਜਿਆਂ ਉੱਤੇ ਵੀ ਲੰਮੇ ਸਮੇਂ ਤੱਕ ਵੱਜਦਾ ਰਹੇਗਾ।

ਰਣਜੀਤ ਮਣੀ ਲਈ ਦਿਲੋਂ ਦੁਆ ਹੈ ਕਿ ਉਹਦੀ ਦਮਦਾਰ ਤੇ ਸੁਰੀਲੀ ਆਵਾਜ਼ ਨਵੇਂ-ਨਵੇਂ ਗੀਤਾਂ ਰਾਹੀਂ ਸਾਡੇ ਕੰਨਾਂ ਵਿੱਚ ਰਸ ਘੋਲਦੀ ਰਹੇ।

# ਕਵੀਆਂ ਦਾ ਹਾਲ

ਅੱਜ ਕੱਲ੍ਹ ਨਵੇਂ ਜ਼ਮਾਨੇ ਵਿੱਚ ਨਵਾਂ ਕੁਝ ਹੀ ਸੁਣਨ ਵੇਖਣ ਨੂੰ ਦਿਨੋਂ ਦਿਨ ਆ ਰਿਹਾ ਹੈ ਕੋਈ ਚੰਗੇ ਮਾੜੇ ਦੀ ਪਛਾਣ ਬਹੁਤ ਘੱਟ ਹੋ ਰਹੀ ਹੈ ਸੋ ਚੰਗੇ ਲਿਖਾਰੀ ਚੰਗੀਆਂ ਕਵਿਤਾਵਾਂ ਚੰਗੇ ਲਿਟਰੇਚਰ ਵੱਲ ਕੋਈ ਧਿਆਨ ਨਹੀਂ ਦੇ ਰਿਹਾ ਕਿਉਂਕਿ ਅੱਜ ਕੱਲ੍ਹ ਗੰਦੀ ਗਾਇਕੀ ਮਾੜੇ ਗੀਤਾਂ ਨੇ ਬਹੁਤ ਜ਼ਿਆਦਾ ਅੱਜ ਦੀ ਨਵੀਂ ਪੀੜ੍ਹੀ ਨੂੰ ਆਪਣੇ ਵੱਲ ਖਿੱਚ ਲਿਆ ਹੈ ।ਅੱਜ ਕੱਲ੍ਹ ਅਖ਼ਬਾਰਾਂ ਵਿੱਚ ਚੰਗੇ ਲਿਖੇ ਲੇਖ ਜਾਂ ਚੰਗੀਆਂ ਲਿਖੀਆਂ ਕਵਿਤਾਵਾਂ ਲਾਇਬ੍ਰੇਰੀਆਂ ਵਿਚ ਪਈਆਂ ਹੀ ਰਹਿ ਗਈਆਂ ਹਨ ਕਿਉਂਕਿ ਸਮੇਂ ਦੇ ਹਿਸਾਬ ਨਾਲ ਇੱਕ ਤਾਂ ਲੋਕਾਂ ਕੋਲੋਂ ਪੜ੍ਹਨ ਦਾ ਟਾਈਮ ਹੀ ਨਹੀਂ ਰਹਿ ਗਿਆ ਦੂਸਰੇ ਪਾਸੇ ਸਾਡੇ ਇੰਟਰਨੈੱਟ ਨੇ ਵੀ ਤੋਬਾ ਤੋਬਾ ਕਰਾ ਕੇ ਰੱਖ ਦਿੱਤੀ ਹੈ ਵਾਟਸਐਪ, ਟੈੱਕ ਟੋਕ ,ਫੇਸਬੁੱਕ ਇਸ ਤਰ੍ਹਾ ਦੀਆਂ ਕਈ ਇੰਟਰਨੈੱਟ ਤੇ ਐਪਸ ਬਣ ਚੁੱਕੀਆਂ ਹਨ ਜਿਸ ਵਿੱਚ ਦੁਨੀਆਂ ਦਾ ਬੱਚੇ ਤੋਂ ਲੱਗ ਕੇ ਬਜ਼ੁਰਗ ਤੱਕ ਹਰ ਕੋਈ ਬਿਜ਼ੀ ਹੋਇਆ ਪਿਆ ਹੈ ਅੱਜ ਕੱਲ੍ਹ ਕੋਈ ਵਧੀਆ ਚੀਜ਼ ਸੁਣਨ ਵਾਸਤੇ ਤਿਆਰ ਹੀ ਨਹੀਂ ਅਤੇ ਨਾ ਕੋਈ ਵਧੀਆ ਲੇਖ ਕਹਾਣੀ ਪੜ੍ਹ ਕਿ ਅਖ਼ਬਾਰ ਵਿੱਚ ਖ਼ੁਸ਼ ਹੈ ਟੀਵੀ ਚੈਨਲਾਂ ਦੇ ਉੱਤੇ ਵੀ ਲੋਕ ਗਾਣੇ ਸੁਣ ਕੇ ਹੀ ਗੰਦੇ ਮੰਦੇ ਖ਼ੁਸ਼ ਹਨ । ਅੱਜ ਕੱਲ੍ਹ ਦੇਸ ਪ੍ਰਦੇਸਾਂ ਦੀ ਧਰਤੀ ਦੇ ਉੱਤੇ ਜਾਂ ਇੰਡੀਆ ਦੇ ਵਿੱਚ ਵੀ ਕਈ ਥਾਵਾਂ ਤੇ ਚੰਗੇ ਸੱਭਿਆਚਾਰ ਕਵੀ ਦਰਬਾਰ ਕਰਾਏ ਜਾਂਦੇ ਹਨ ਪਰ ਉਨ੍ਹਾਂ ਥਾਵਾਂ ਤੇ ਵੇਖਣ ਨੂੰ ਲੋਕ ਬਹੁਤ ਘੱਟ ਦਿਸਦੇ ਹਨ ਕਿਉਂਕਿ ਅੱਜ ਕੱਲ੍ਹ ਲੱਚਰ ਗਾਇਕੀ ਦਾ ਬੋਲਬਾਲਾ ਹੈ , ਟੀ ਵੀ ਚੈਨਲਾਂ ਦੇ ਉੱਤੇ ਗੰਦੇ ਮੰਦੇ ਗਾਣੇ ਦਿਖਾਏ ਜਾਂਦੇ ਹਨ ਗੰਦੇ ਮੰਦੇ ਨਾਟਕ ਫਲਿਮਾਂ ਦਿਖਾਈਆਂ ਜਾ ਰਹੀਆਂ ਹਨ ਪਰ ਲੋਕਾਂ ਦਾ ਉਸ ਪਾਸੇ ਵੱਲ ਨੂੰ ਹੀ ਧਿਆਨ ਹੋਇਆ ਪਿਆ ਹੈ ਬਹੁਤ ਘੱਟ ਥਾਵਾਂ ਤੇ ਖ਼ਬਰ ਮਿਲਦੀ ਹੈ ਕਿ ਉੱਥੇ ਬਹੁਤ ਵਧੀਆ ਕਵੀ ਦਰਬਾਰ ਜ਼ੋਰਾਂ ਸ਼ੋਰਾਂ ਨਾਲ ਸਮਾਪਤ ਹੋਇਆ ਇਸ ਤਰ੍ਹਾਂ ਦੀਆਂ ਚੰਗੀਆਂ ਖ਼ਬਰਾਂ ਬਹੁਤ ਘੱਟ ਦੇਖਣ ਨੂੰ ਮਿਲਦੀਆਂ ਹਨ ਕਿਉਂਕਿ ਪਿੱਛੇ ਜਿਹੇ ਅਮਰੀਕਾ ਦੇ ਫ਼ਰਜ਼ ਨੂੰ ਸ਼ਹਿਰ ਵਿੱਚ ਜੁੱਸੇ ਰੇਲਵੇ ਵੱਲੋਂ ਕਵੀ ਦਰਬਾਰ ਕਰਵਾਇਆ ਗਿਆ ਪਰ ਉੱਥੇ ਜੋ ਵੀਡੀਓ ਦੇਖਣ ਨੂੰ ਮਿਲੀਆਂ ਬਹੁਤ ਘੱਟ ਲੋਕ ਇਹ ਪ੍ਰੋਗਰਾਮ ਸੁਣਨ ਵਾਸਤੇ ਪਹੁੰਚੇ ਸਨ ਕਿਉਂਕਿ ਜੋ ਪਹੁੰਚੇ ਸਨ ਬਸ ਉਹ ਕਵੀ ਹੀ ਸਨ ਉਹ ਵੀ ਆਪਣੇ ਦਿਲਾਂ ਨੂੰ ਹੌਂਸਲਾ ਦਿਵਾਉਣ ਵਾਸਤੇ ਇੱਕ ਦੂਜੇ ਨੂੰ ਆਪਣੀਆਂ ਕਵਿਤਾਵਾਂ ਸੁਣਾਉਣ ਵਾਸਤੇ ਪਹੁੰਚੇ ਸਨ ਕਿਉਂਕਿ ਅੱਜ ਕੱਲ੍ਹ ਕੋਈ ਗਾਇਕ ਆਉਂਦਾ ਹੈ ਤਾਂ ਉਸ ਦੀ ਡੇਢ ਦੋ ਸੌ ਡਾਲਰਾਂ ਤੋਂ ਤੱਕ ਅੱਗੇ ਵਾਲੀਆਂ ਕੁਰਸੀਆਂ ਦੀ ਟਿਕਟ ਦੀ ਫੀਸ ਰੱਖੀ ਜਾਂਦੀ ਹੈ ਨਾਲੇ ਤਾਂ ਉਹ ਗੰਦੇ ਮੰਦੇ ਗੀਤ ਸੁਣਾ ਕੇ ਜਾਂਦੇ ਹਨ ਨਾਲੇ ਸਾਡੀਆਂ ਮਾਵਾਂ ਭੈਣਾਂ ਧੀਆਂ ਦੀਆਂ ਲੱਕ ਮਿਣ ਕੇ ਜਾਂਦੇ ਹਨ, ਪੁਰਜੇ ਪਟੋਲੇ ਕਹਿ ਕੇ ਜਾਂਦੇ ਹਨ, ਪੈਰਾਂ ਦੀਆਂ ਜੁੱਤੀਆਂ ਦੇ ਨਾਲ ਤੁਲਨਾ ਕਰਕੇ ਜਾਂਦੇ ਹਨ ਇੱਦਾਂ ਦੇ ਗੰਦੇ ਮੰਦੇ ਗਾਇਕਾਂ ਤੇ ਗਾਉਣ ਵਾਲਿਆਂ ਦੀ ਅਸੀਂ ਸਪੋਰਟ ਕਰਦੇ ਹਾਂ ਹੱਸ ਹੱਸ ਕੇ ਤਾੜੀਆਂ ਮਾਰਦੇ ਹਾਂ ਕਿ ਬਹੁਤ ਵਧੀਆ ਸੱਭਿਆਚਾਰ ਸਾਨੂੰ ਸੁਣਾ ਰਹੇ ਹਨ ਨਾਲੇ ਸਾਡੀ ਬੇਇਜ਼ਤੀ ਕਰ ਜਾਂਦੇ ਹਨ ਅਤੇ ਨਾਲੇ ਬੋਰੀਆਂ ਡਾਲਰਾਂ ਦੀਆਂ ਭਰ ਭਰ ਕੇ ਜਾਣ ਲੱਗਿਆਂ ਲੈ ਜਾਂਦੇ ਹਨ ਸਾਡੀ ਕਮਿਊਨਿਟੀ ਦਾ ਇਹ ਹਾਲ ਹੈ ।ਚੰਗੀਆਂ ਕਵਿਤਾਵਾਂ ਤੇ ਚੰਗੀਆਂ ਲਿਖਾਰੀਆਂ ਦਾ ਤਾਂ ਘਰ ਦੀ ਕੁੱਕੜੀ ਦਾਲ ਬਰਾਬਰ ਨਾਲੋਂ ਵੀ ਮਾੜਾ ਹਾਲ ਹੈ ਕਿਉਂਕਿ ਸਪੋਰਟ ਮਾੜੇ ਤੇ ਚੰਗੇ ਗੀਤਾਂ ਨੂੰ ਹੀ ਪ੍ਰਮੋਟ ਕੀਤਾ ਜਾ ਰਿਹਾ ਹੈ ।ਇੱਕ ਹਾਸੇ ਵਾਲੀ ਗੱਲ ਚੇਤਾ ਆਈ ਇੱਕ ਕਵੀ ਦੇ ਘਰ ਦੇ ਵੀ ਉਹਨੂੰ ਚੰਗੀ ਤਰ੍ਹਾਂ ਪ੍ਰਮੋਟ ਉਸ ਦੀਆਂ ਕਵਿਤਾਵਾਂ ਨਹੀਂ ਸੁਣਦੇ ਸਨ ਉਸ ਨੇ ਕਮਰਾ ਬੰਦ ਕਰਕੇ ਖਿੜਕੀ ਖੋਲ੍ਹ ਕੇ ਆਪਣਾ ਕਵਿਤਾ ਸੁਣਾਉਣੀ ਸ਼ੁਰੂ ਕਰ ਦਿੱਤੀ ਨਾਲ ਹੀ ਲੰਘਦੇ ਹੋਏ ਰਾਹੀ ਨੇ ਪੁੱਛਿਆ ਕਿ ਇਹ ਕੀ ਰੌਲਾ ਪਾ ਰੱਖਿਆ ਹੈ ਤਾਂ ਅੱਗੋਂ ਉਸ ਕਵੀ ਨੇ ਜਵਾਬ ਦਿੱਤਾ ਕਿ ਜੋ ਮੇਰੀ ਕਵਿਤਾ ਸੁਣੇਗਾ ਉਸ ਨੂੰ ਮੈਂ ਪੰਜਾਹ ਰੁਪਏ ਦੇਵਾਂਗਾ ਇਸ ਤਰ੍ਹਾਂ ਉੱਥੇ ਸੁਣਨ ਵਾਲਿਆਂ ਦੀ ਲਾਈਨ ਲੱਗ ਗਈ ।ਇਸ ਤਰ੍ਹਾਂ ਦੀ ਕਹਾਵਤ ਹੈ ਕਿ ਅੱਜ ਕੱਲ ਚੰਗੇ ਕਵੀਆਂ ਨੂੰ ਆਪਣੀਆਂ ਕਵਿਤਾਵਾਂ ਗੀਤ ਸੁਣਾਉਣ ਵਾਸਤੇ ਪੱਲਿਓਂ ਪੈਸੇ ਖਰਚਣੇ ਪੈ ਰਹੇ ਹਨ ।ਦੂਸਰੇ ਪਾਸੇ ਜੇ ਅਸੀਂ ਗੁਰੂ ਘਰਾਂ ਵੱਲ ਵੀ ਨਿਗ੍ਹਾ ਮਾਰੀਏ ਤਾਂ ਚੰਗੇ ਪ੍ਰਚਾਰਕ ਚੰਗੇ ਰਾਗੀਆਂ ਨੂੰ ਲੋਕ ਕਿੰਨਾ ਕੋ ਸੁਣ ਰਹੇ ਹਨ ਕੋਈ ਵਧੀਆ ਪ੍ਰਚਾਰਕ ਜਾਂ ਰਾਗੀ ਸਿੰਘ ਗੁਰੂ ਘਰ ਆਉਂਦੇ ਜਾਂਦੇ ਰਹਿੰਦੇ ਹਨ ਤਾਂ ਇੱਕ ਅੱਧਾ ਡਾਲਰ ਹੀ ਉਨ੍ਹਾਂ ਨੂੰ ਮੱਥਾ ਟੇਕਦੇ ਹਾਂ ਕਿਉਂਕਿ ਉਨ੍ਹਾਂ ਨੇ ਸਾਨੂੰ ਜੀਂਦਗੀ ਜਿਊਣ ਲਈ ਕੁਝ ਚੰਗੀ ਸੇਧ ਦੇ ਕੇ ਜਾਣੀ ਹੈ ਗੁਰਬਾਣੀ ਜਾਂ ਇਤਿਹਾਸ ਬਾਰੇ ਕੋਈ ਵਧੀਆ ਗੱਲਾਂ ਸੁਣਾ ਕੇ ਜਾਣੀਆਂ ਹਨ ਕੋਈ ਗੁਰੂਆਂ ਪੀਰਾਂ ਦੀਆਂ ਜੀਵਨੀਆਂ ਬਾਰੇ ਸਾਨੂੰ ਗਿਆਨ ਦੇ ਕੇ ਜਾਣਾ ਹੈ ਪਰ ਅਸੀਂ ਇਹ ਗੱਲਾਂ ਉਨ੍ਹਾਂ ਦੇ ਚੰਗੇ ਪ੍ਰਚਾਰ ਨੂੰ ਅਣਗੌਲਿਆ ਹੀ ਕਰ ਜਾਂਦੇ ਹਾਂ ਤੇ ਗੰਦੇ ਗੀਤ ਗਾਉਣ ਵਾਲਿਆਂ ਨੂੰ ਅਸੀਂ ਲੱਖਾਂ ਡਾਲਰ ਦੋ ਦੋ ਸੌ ਦੀ ਟਿਕਟ ਲਾ ਕੇ ਅੱਗੇ ਬੈਠ ਕੇ ਸੁਣਦੇ ਹਾਂ ਸੋ ਆਓ ਆਪਣੇ ਚੰਗੇ ਜੀਵਨ ਦੀ ਸ਼ੁਰੂਆਤ ਕਰੀਏ ਚੰਗਾ ਕੁਝ ਸੁਣਨਾ ਪਸੰਦ ਕਰੀਏ ਕੁਝ ਚੰਗੇ ਲਿਖਾਰੀਆਂ ਦੀ ਚੰਗੀਆਂ ਕਵਿਤਾਵਾਂ ਚੰਗੇ ਲੇਖਕਾਂ ਦੀ ਕਦਰ ਕਰੀਏ ਤੇ ਪੜ੍ਹ ਕੇ ਉਨ੍ਹਾਂ ਤੇ ਅਮਲ ਕਰੀਏ ।



ਸਿੰਦਰ ਸਿੰਘ ਮੀਰਪੁਰੀ 5592850841

# ਪਿਆਰ ਦੇ ਅਰਥ . . .

ਪਿਆਰ ਦੀ ਪ੍ਰੀਭਾਸ਼ਾ ਅੱਜ ਤੱਕ ਕੋਈ ਨਹੀਂ ਦੇ ਸਕਿਆ ।ਇਸ ਨੂੰ ਕੋਈ ਵਿਸਥਾਰ ਪੂਰਵਕ ਸਮਝਾ ਨਹੀਂ ਸਕਿਆ, ਇਹ ਕਿੰਨਾ ਕੀਤਾ, ਇਸਦੀ ਨਾ ਗਹਿਰਾਈ ਨਾਪੀ ਗਈ ਤੇ ਨਾ ਤੋਲਿਆ ਨਾਪਿਆ ਗਿਆ ।ਆਪਾਂ ਸਿੱਧੇ ਜਿਹੇ ਤਰੀਕੇ ਨਾਲ ਕਹਿ ਲਈਏ ਤਾਂ ਪਿਆਰ ਭਾਵਨਾਵਾਂ ਦਾ ਵੇਗ ਹੈ,ਜਿਸ ਨੂੰ ਅਸੀਂ ਪਿਆਰ ਕਰਦੇ ਹਾਂ ਉਸ ਤੋਂ ਸਦਕੇ ਜਾਂਦੇ ਹਾਂ ।ਪਿਆਰ ਹਰ ਰਿਸ਼ਤੇ ਵਿੱਚ ਮਾਇਨੇ ਰੱਖਦਾ ਹੈ ।ਜੰਮਦੇ ਬੱਚੇ ਨੂੰ ਮਾਂ ਦਾ ਪਿਆਰ ਮਿਲਦਾ ਹੈ ।ਮਾਂ ਆਪਣੇ ਬੱਚੇ ਤੋਂ ਵਾਰੀ ਵਾਰੀ ਜਾਂਦੀ ਹੈ ।ਜਨੇਪੇ ਦੀਆਂ ਪੀੜਾਂ ਉਸ ਨੂੰ ਕਦੇ ਯਾਦ ਨਹੀਂ ਆਉਂਦੀਆਂ, ਰਾਤਾਂ ਦੀ ਨੀਂਦ ਦੀ ਉਹ ਪਰਵਾਹ ਨਹੀਂ ਕਰਦੀ ।ਮਾਂ ਦਾ ਪਿਆਰ ਨਿਰਸਵਾਰਥ ਹੁੰਦਾ ਹੈ,ਮਾਂ ਦੇ ਪਿਆਰ ਦਾ ਕੋਈ ਬਦਲ ਨਹੀਂ ਹੁੰਦਾ ।ਮਾਂ ਦੇ ਪਿਆਰ ਤੇ ਕੁਰਬਾਨੀ ਦੀ ਕੋਈ ਕੀਮਤ ਨਹੀਂ ਚੁਕਾ ਸਕਦਾ ।ਮੁਨਸ਼ੀ ਪ੍ਰੇਮ ਚੰਦ ਨੇ ਲਿਖਿਆ ਹੈ,"ਮਾਂ ਦੀ ਕੁਰਬਾਨੀ ਦਾ ਮੁੱਲ ਕੋਈ ਵੀ ਨਹੀਂ ਦੇ ਸਕਦਾ ।ਚਾਹੇ ਉਹ ਸਾਰੀ ਧਰਤੀ ਦਾ ਮਾਲਕ ਕਿਉਂ ਨਾ ਹੋਵੇ ।"ਬਾਪ ਦੇ ਪਿਆਰ ਤੇ ਕੁਰਬਾਨੀਆਂ ਨੂੰ ਅੱਖੋ ਪਰੋਖੇ ਕਿਵੇਂ ਕੀਤਾ ਜਾ ਸਕਦਾ ਹੈ ।ਇੱਕ ਬਾਪ ਹੀ ਹੈ ਜੋ ਆਪਣੇ ਬੇਟੇ ਤੋਂ ਹਾਰ ਕੇ ਖ਼ੁਸ਼ ਹੁੰਦਾ ਹੈ ।ਬਾਪ ਦੇ ਖਰਚੇ ਪੈਸੇ ਦਾ ਕੋਈ ਹਿਸਾਬ ਨਹੀਂ ਕਰ ਸਕਦਾ ਤੇ ਨਾ ਹੀ ਦੇ ਸਕਦਾ ਹੈ ।ਹੁਣ ਜਦੋਂ ਮਾਪਿਆਂ ਨੂੰ ਪਿਆਰ ਚਾਹੀਦੀ ਹੁੰਦਾ ਹੈ,ਬੁਢਾਪੇ ਵਿੱਚ ਪੁੱਤ ਮਾਪਿਆਂ ਨੂੰ ਬ੍ਰਿਧ ਆਸ਼ਰਮ ਵਿੱਚ ਛੱਡਣ ਲੱਗ ਗਏ ਹਨ ।ਮਾਪੇ ਤਾਂ ਪਿਆਰ ਚਾਹੁੰਦੇ ਹਨ,ਕੁਝ ਪਲਾਂ ਦਾ ਸਾਥ ਹੀ ਚਾਹੁੰਦੇ ਹਨ ।ਪਿਆਰ ਇੱਕ ਅਜਿਹੀ ਦਵਾਈ ਹੈ ਜੋ ਜ਼ਖਮਾ ਨੂੰ ਠੀਕ ਹੋਣ ਵਿੱਚ ਮਦਦਗਾਰ ਹੁੰਦੀ ਹੈ ।ਭੈਣ ਭਰਾਵਾਂ ਦਾ ਪਿਆਰ ਵੀ ਇਵੇਂ ਦਾ ਹੀ ਹੁੰਦਾ ਹੈ ਪਰ ਸਮੇਂ ਦੇ ਬਦਲਾ ਨੇ ਬਹੁਤ ਕੁਝ ਬਦਲ ਦਿੱਤਾ ।ਭੈਣਾਂ ਭਰਾਵਾਂ ਦੀ ਸੁਖ ਮੰਗਦੀਆਂ,ਭਰਾਵਾਂ ਦੇ ਆਉਣ ਦੀ ਉਡੀਕ ਕਰਦੀਆਂ, ਭਰਾ ਵੀ ਭੈਣਾਂ ਦੇ ਦੁੱਖ ਸੁੱਖ ਵਿੱਚ ਪੂਰੀ ਤਰ੍ਹਾਂ ਆਪਣੀ ਜ਼ੁਮੇਵਾਰੀ ਨਿਭਾਉਂਦੇ ।ਪਿਆਰ ਦੇ ਅਰਥ ਵੀ ਸਮੇਂ ਨੇ ਬਦਲ ਦਿੱਤੇ ।ਰੱਖੜੀ ਦੇ ਤਿਉਹਾਰ ਤੇ ਬਹੁਤ ਸਾਰਾ ਪੜ੍ਹਨ ਨੂੰ ਮਿਲਿਆ ।ਭੈਣ ਭਰਾ ਦੇ ਪਿਆਰ ਦਾ ਪ੍ਰਤੀਕ, ਜਿੰਨੀ ਦੇਰ ਮਾਪਿਆਂ ਨੇ ਰੱਖੜੀ ਦੇ ਪੈਸੇ ਦੇਣੇ ਹੁੰਦੇ ਹਨ ਉਦੋਂ ਤੱਕ ਹੀ ਪਿਆਰ ਦਾ ਪ੍ਰਤੀਕ ਹੁੰਦੀ ਹੈ ।ਜਦੋਂ ਮਾਪੇ ਬਜ਼ੁਰਗ ਹੋ ਜਾਂਦੇ ਨੇ ਤੇ ਭਰਾਵਾਂ ਨੂੰ ਏਹ ਰਸਮ ਨਿਭਾਉਣੀ ਪੈਂਦੀ ਹੈ ਤਾਂ ਬਹੁਤ ਵਾਰ ਬੋਝ ਹੀ ਹੋ ਜਾਂਦਾ ਹੈ ।ਬਾਪ ਦੇ ਸਿਵੇ ਠੰਡੇ ਵੀ ਨਹੀਂ ਹੋਏ ਹੁੰਦੇ ਕਿ ਭਰਾ,ਜ਼ਮੀਨ ਦੀ ਵੰਡ ਲਈ ਕਾਹਲੇ ਪੈ ਜਾਂਦੇ ਨੇ ।ਕਿੰਨਾ ਪਿਆਰ ਹੈ ਭੈਣ ਜ਼ਮੀਨ ਨਾ ਦੇਵੇ ਤਾਂ ਵੀ ਮਿਲਣਾ ਛੱਡ ਦਿੰਦੇ ਨੇ, ਦੇ ਦੇਵੇ ਤਾਂ ਵੀ ਛੱਡ ਦਿੰਦੇ ਨੇ ।ਬੜੀ ਅਜੀਬ ਸੋਚ ਹੈ,ਭਰਾ ਭੈਣ ਦਾ ਹਿੱਸਾ ਲੈਣਾ ਆਪਣਾ ਹੱਕ ਸਮਝਦਾ ਹੈ ਤੇ ਭੈਣ ਆਪਣੇ ਬਾਪ ਦੀ ਜਾਇਦਾਦ ਵਿੱਚੋਂ ਹਿੱਸਾ ਲੈ ਲਵੇ ਤਾਂ ਗਲਤ ।ਪਿਆਰ ਕਿਥੇ ਤੇ ਕਿਵੇਂ ਦਾ ਹੈ,ਸਮਝ ਨਹੀਂ ਆਇਆ ।ਅਗਿਆਤ ਨੇ ਲਿਖਿਆ ਹੈ,"ਦੌਲਤ ਦੀ ਹਨੇਰੀ ਵਿੱਚ ਅਸੀਂ ਮੁਹੱਬਤ ਦੇ ਰਸਤੇ ਤੋਂ ਭਟਕ ਗਏ ਹਾਂ" ।ਅੱਜ ਵੀ ਪਿਆਰ ਨੌਜਵਾਨ ਕੁੜੀਆਂ ਮੁੰਡਿਆਂ ਦਾ ਬਹੁਤ ਵਾਰ ਸਮਾਜ ਨੂੰ ਹਜ਼ਮ ਨਹੀਂ ਹੁੰਦਾ ।ਅੱਜ ਵੀ ਕੁੜੀਆਂ ਮੁੰਡਿਆਂ ਦਾ ਕਤਲ ਕਰ ਦਿੱਤਾ ਜਾਂਦਾ ਹੈ ।ਕਦੇ ਅਮੀਰ ਗਰੀਬ ਦੀ ਦੁਹਾਈ ਪੈਂਦੀ ਹੈ,ਕਦੇ ਜਾਤ ਪਾਤ ਦੀ,ਗੱਲ ਕੀ ਮੁਸੀਬਤ ਖੜੀ ਹੋ ਜਾਂਦੀ ਹੈ ।ਹਕੀਕਤ ਏਹ ਹੈ ਕਿ ਪਿਆਰ ਤੇ ਰਿਸ਼ਤਿਆਂ ਵਿੱਚ ਜਦੋਂ ਪੈਸੇ ਦੀ ਗੱਲ ਹੁੰਦੀ ਹੈ ਤਾਂ ਸੱਭ ਦੀ ਸੋਚ ਤਕਰੀਬਨ ਇੱਕ ਹੀ ਹੁੰਦੀ ਹੈ ।ਵਾਲਟੇਅਰ ਨੇ ਕਿਹਾ ਹੈ,"ਜਦੋਂ ਪੈਸੇ ਦਾ ਸਵਾਲ ਉੱਠਦਾ ਹੈ ਤਾਂ ਸੱਭ ਦਾ ਧਰਮ ਇੱਕ ਹੋ ਜਾਂਦਾ ਹੈ ।"ਕੁਦਰਤ ਨੇ ਪਿਆਰ ਨੂੰ ਸਮਝਣ ਦੀ ਬੁੱਧੀ ਕੁੱਝ ਹੱਦ ਤੱਕ ਜਾਨਵਰਾਂ ਨੂੰ ਵੀ ਦਿੱਤੀ ਹੈ ।ਜਾਨਵਰ ਵੀ ਪਿਆਰ ਦੀ ਛੋਹ,ਅੱਖਾਂ ਵਿੱਚੋਂ ਪਿਆਰ ਸਮਝ ਜਾਂਦਾ ਹੈ ।ਪਿਆਰ ਤਾਂ ਪਿਆਰ ਹੈ ਏਹ ਸੋਚਕੇ ਨਹੀਂ ਕੀਤਾ ਜਾ ਸਕਦਾ ।ਏਹ ਭਾਵਨਾਵਾਂ ਦੀ ਸਾਂਝ ਹੈ ।ਜੋ ਇੱਕ ਦੂਸਰੇ ਦੀਆਂ ਭਾਵਨਾਵਾਂ ਨੂੰ ਸਮਝਣ,ਕਦਰ ਕਰਨ,ਉਥੇ ਪਿਆਰ ਵੱਧਦਾ ਫੁੱਲਦਾ ਹੈ ।ਜਿਥੇ ਵਾਧੇ ਘਾਟੇ, ਨਫੇ ਨੁਕਸਾਨ, ਅਮੀਰੀ ਗਰੀਬੀ, ਲਾਲਚ ਤੇ ਸਵਾਰਥ ਹੋਵੇ, ਉਥੇ ਪਿਆਰ ਨਹੀਂ ਹੋ ਸਕਦਾ ।ਤੇ ਫੇਰ ਪਿਆਰ ਦੇ ਅਰਥ ਤਾਂ ਬਹੁਤ ਗਹਿਰੇ ਨੇ ।ਹੰਕਾਰੀ ਬੰਦਾ ਪਿਆਰ ਨਹੀਂ ਕਰ ਸਕਦਾ,ਪੈਸੇ ਦਾ ਫਤੂਰ ਜਦੋਂ ਸਿਰ ਚੜ੍ਹ ਬੋਲਦਾ ਹੈ ਤਾਂ ਉਹ ਕਿਸੇ ਨੂੰ ਆਪਣੀ ਮੁੱਠੀ ਵਿੱਚ ਕਰਨਾ ਚਾਹੁੰਦਾ ਹੈ,ਪਰ ਪਿਆਰ ਵਿਹੂਣੇ ਰਿਸ਼ਤੇ ਇੱਕ ਇੱਕ ਕਰਕੇ, ਰੇਤ ਵਾਂਗ ਉਸਦੀ ਮੁੱਠੀ ਵਿੱਚੋਂ ਕਿਰ ਜਾਂਦੇ ਹਨ ।ਪੈਸੇ ਨਾਲ ਪਿਆਰ ਕਰਨ ਵਾਲਾ ਤੇ ਪੈਸੇ ਕਰਕੇ ਹੰਕਾਰ ਕਰਨ ਵਾਲਾ, ਜੋ ਵੀ ਕਰੇਗਾ ਸਿਰਫ ਪੈਸੇ ਲਈ ਕਰੇਗਾ ।ਬੈਂਜਾਮਿਨ ਫਰੈਂਕਲਿਨ ਨੇ ਲਿਖਿਆ ਹੈ,"ਜਿਹੜਾ ਵਿਅਕਤੀ ਇਹ ਸੋਚਦਾ ਹੈ ਕਿ ਪੈਸਿਆਂ ਨਾਲ ਹੀ ਸਾਰਾ ਕੁੱਝ ਕੀਤਾ ਜਾ ਸਕਦਾ ਹੈ,ਉਸ ਦੇ ਬਾਰੇ ਇਹ ਸ਼ੱਕ ਕਰਨਾ ਗਲਤ ਨਹੀਂ ਹੋਵੇਗਾ ਕਿ ਉਹ ਸਾਰਾ ਕੁਝ ਪੈਸਿਆਂ ਲਈ ਹੀ ਕਰਦਾ ਹੈ ।" ਤੇ ਫਿਰ ਪਿਆਰ ਦੇ ਅਰਥ ਤਾਂ ਕਿਸੇ ਨੇ ਸਮਝੇ ਹੀ ਨਹੀਂ ।ਪਿਆਰ ਦੇ ਅਰਥ ਬਹੁਤ ਜ਼ਰੂਰੀ ਨੇ ਸਮਝਣੇ ।ਸਮਾਜ ਤਰੱਕੀ ਦੀ ਗੱਲ ਕਰਦਾ ਹੈ ਆਧੁਨਿਕਤਾ ਦੀ ਬਾਤ ਪਾਉਂਦਾ ਹੈ,ਬੁੱਧੀਮਾਨ ਹੋਣ ਦੀ ਗੱਲ ਕਰਦਾ ਹੈ ਤੇ ਪਿਆਰ ਦੇ ਅਰਥ ----।

ਪ੍ਰਭਜੋਤ ਕੌਰ ਢਿੱਲੋਂ ਮੁਹਾਲੀ,ਮੋਬਾਈਲ ਨੰਬਰ
9815030221

# ਸ਼ਕਰਗੰਜ ਬਾਬਾ ਸ਼ੇਖ ਫ਼ਰੀਦ ਜੀ



ਬਾਬਾ ਸ਼ੇਖ ਫ਼ਰੀਦ ਜੀ ਚਿਸ਼ਤੀ-ਸੂਫੀ ਸਿਲਸਿਲੇ ਦੇ ਮੋਢੀ ਤੇ ਪਿਤਾਮਾ ਸਨ। ਆਪ ਜੀ ਦਾ ਜਨਮ 1173 ਈ. ਵਿੱਚ ਪਿਤਾ ਸ਼ੇਖ ਜਮਾਲੁੱਦੀਨ ਸੁਲੇਮਾਨ ਤੇ ਮਾਤਾ ਮਰੀਅਮ ਬੀਬੀ (ਕਰਸੂਮ ਬੀਬੀ) ਦੇ ਘਰ ਰਮਜਾਨ ਦੇ ਮਹੀਨੇ ਮੁਲਤਾਨ ਤੋਂ ਦਸ ਕਿਲੋਮੀਟਰ ਦੂਰ ਪਿੰਡ ਕੋਠੀਵਾਲ ਵਿਖੇ ਹੋਇਆ। ਬਾਬਾ ਫ਼ਰੀਦ ਜੀ ਛੋਟੀ ਉਮਰ ਦੇ ਹੀ ਸਨ ਜਦੋਂ ਇਨ੍ਹਾਂ ਦੇ ਪਿਤਾ ਜੀ ਪਰਲੋਕ ਸੁਧਾਰ ਗਏ। ਮਾਤਾ ਕਰਸੂਮ ਬੀਬੀ ਨੇ ਇਨ੍ਹਾਂ ਦੀ ਪਾਲਣਾ ਪੋਸ਼ਣਾ ਕੀਤੀ। ਕਰਸੂਮ ਬੀਬੀ ਨੇ ਬਾਲਕ ਫ਼ਰੀਦ ਨੂੰ ਧਰਮ ਦੇ ਸਿਧਾਂਤਾਂ ਵਿੱਚ ਵਿਚਰਨ ਦੀ ਸਿੱਖਿਆ ਦਿੱਤੀ। ਮਾਤਾ ਕਰਸੂਮ ਬੀਬੀ ਬਾਲਕ ਫ਼ਰੀਦ ਨੂੰ ਨਮਾਜ਼ ਲਈ ਪ੍ਰੇਰਿਤ ਕਰਨ ਵਾਸਤੇ ਉਹਨਾਂ ਦੇ ਮੁਸੱਲੇ ਹੇਠਾਂ ਸ਼ਕਰ ਦੀ ਪੋਟਲੀ ਰੱਖ ਦਿਆ ਕਰਦੇ ਸਨ ਜਿਹੜੀ ਕਿ ਉਹ ਨਮਾਜ਼ ਪੜ੍ਹਨ ਤੋਂ ਬਾਅਦ ਖੁਸ਼ੀ ਨਾਲ ਖਾ ਲਿਆ ਕਰਦੇ ਸਨ। ਜ਼ਿਕਰ ਆਉਂਦਾ ਹੈ ਕਿ ਇਕ ਦਿਨ ਮਾਤਾ ਕਰਸੂਮ ਜੀ ਮੁਸੱਲੇ ਹੇਠਾਂ ਸ਼ਕਰ ਰੱਖਣੀ ਭੁੱਲ ਗਏ ਪਰ ਬਾਬਾ ਫ਼ਰੀਦ ਜੀ ਦੇ ਪਵਿੱਤਰ ਜੀਵਨ ਸਦਕਾ ਅਤੇ ਰੱਬ ਦੀ ਬਖਸ਼ਿਸ਼ ਸਦਕਾ ਜਦੋਂ ਬਾਬਾ ਫ਼ਰੀਦ ਜੀ ਨੇ ਮੁਸੱਲੇ ਹੇਠਾਂ ਹੱਥ ਮਾਰਿਆ ਤਾਂ ਰੋਜ਼ਾਨਾ ਵਾਂਗ ਸ਼ਕਰ ਦੀ ਪੋਟਲੀ ਪਈ ਹੋਈ ਮਿਲੀ। ਜਦੋਂ ਪਤਾ ਲੱਗਿਆ ਤਾਂ ਇਸਨੂੰ ਇਕ ਕਰਾਮਾਤ ਸਮਝਿਆ ਗਿਆ ਤੇ ਉਸ ਦਿਨ ਤੋਂ ਹੀ ਬਾਬਾ ਫ਼ਰੀਦ ਜੀ @ਸ਼ਕਰਗੰਜ@ ਦੀ ਉਪਾਧੀ ਨਾਲ ਮਸ਼ਹੂਰ ਹੋਏ। ਇਨ੍ਹਾਂ ਦੇ ਨਾਂ ਨਾਲ @ਸ਼ਕਰਗੰਜ@ ਲਕਬ ਉਨ੍ਹਾਂ ਦੇ ਮੁਰਸ਼ਦ ਖ੍ਵਾਜਾ ਕੁਤਬਦੀਨ ਬਖਤੀਆਰ ਕਾਕੀ ਨੇ ਜੋੜਿਆ ਸੀ ਤੇ ਉਨ੍ਹਾਂ ਬਾਬਾ ਫ਼ਰੀਦ ਜੀ ਬਾਰੇ ਕਿਹਾ ਸੀ ਕਿ @ਹਮਚੂੰ ਸ਼ਕਰ ਸ਼ੀਰੀ ਖਾਹਦ ਸ਼ੁਦ@ ਭਾਵ ਕਿ ਤੁਸੀ ਸ਼ਕਰ ਸਮਾਨ ਮਿਠਬੋਲੜੇ ਹੋਵੋਗੇ।

ਬਾਬਾ ਸ਼ੇਖ ਫ਼ਰੀਦ ਜੀ ਅਰਬੀ ਅਤੇ ਫਾਰਸੀ ਦੇ ਬਹੁਤ ਵੱਡੇ ਵਿਦਵਾਨ ਸਨ। ਪਰ ਪੰਜਾਬੀ ਲੋਕਾਂ ਦੇ ਭਲੇ ਹਿਤ ਆਪ ਨੇ ਸਾਰੀ ਰਚਨਾ ਠੇਠ ਪੰਜਾਬੀ ਵਿੱਚ ਕੀਤੀ। ਆਪ ਜੀ ਦੀ ਸਮੁੱਚੀ ਰਚਨਾ ਪੰਜਾਬੀ ਜੀਵਨ ਅਤੇ ਵਾਤਾਵਰਣ ਦੀ ਮੂੰਹ ਬੋਲਦੀ ਤਸਵੀਰ ਹੈ।ਇਹੀ ਕਾਰਨ ਹੈ ਕਿ ਬਾਬਾ ਸ਼ੇਖ ਫ਼ਰੀਦ ਜੀ ਨੂੰ ਪੰਜਾਬੀ ਬੋਲੀ ਦੇ ਆਦਿ ਕਵੀ ਵਜੋਂ ਵੀ ਜਾਣਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਬਾਬਾ ਫ਼ਰੀਦ ਜੀ ਦੇ ਬਚਨਾ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਆਪ ਜੀ ਉਨ੍ਹਾਂ ਦੇ ਗੱਦੀ-ਨਸ਼ੀਨ ਨੂੰ ਮਿਲਣ ਵਾਸਤੇ ਪਾਕਪਟਨ ਗਏ ਅਤੇ ਗੱਦੀ-ਨਸ਼ੀਨ ਸ਼ੇਖ ਇਬਰਾਹਿਮ ਫ਼ਰੀਦ ਸਾਨੀ ਕੋਲੋ ਬਾਬਾ ਫ਼ਰੀਦ ਜੀ ਜੀ ਰਚਨਾ, ਸ਼ਬਦ ਅਤੇ ਸਲੋਕ ਪ੍ਰਾਪਤ ਕੀਤੇ। ਜਿਨ੍ਹਾਂ ਨੂੰ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਹਮੇਸ਼ਾਂ ਲਈ ਅਮਰ ਕਰ ਦਿੱਤਾ।

ਬਾਬਾ ਫ਼ਰੀਦ ਜੀ ਅਨੁਸਾਰ ਮਨੁੱਖ ਦਾ ਸਭ ਤੋਂ ਉਚਾ ਕਰਮ ਇਹ ਹੈ ਕਿ ਉਹ ਕਿਸੇ ਦੇ ਦਿਲ ਨੂੰ ਠੇਸ ਨਾ ਪਹੁੰਚਾਏ। ਆਪਣੇ ਸਲੋਕਾਂ ਵਿੱਚ ਉਨ੍ਹਾਂ ਲਿਖਿਆ ਹੈ :- ਸਭਨਾ ਮਨ ਮਾਣਿਕ ਠਾਹੁਣ ਮੂਲਿ ਮਚਾਂਗਵਾ॥ ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥ ਭਾਵ ਕੇ ਸਭ ਮਨੁੱਖਾਂ ਦੇ ਹਿਰਦੇ ਮਾਣਿਕ ਮੋਤੀ ਦੀ ਨਿਆਈਂ ਹਨ ਇਸ ਲਈ ਕਿਸੇ ਦੇ ਦਿਲ ਨੂੰ ਤੋੜਨਾ ਮੁਨਾਸਿਬ ਨਹੀਂ। ਜੇ ਤੇਰੇ ਅੰਦਰ ਪਿਆਰੇ ਪ੍ਰਭੂ ਨੂੰ ਮਿਲਣ ਦੀ ਤਾਂਘ ਹੈ ਤਾਂ ਕਿਸੇ ਦਾ ਦਿਲ ਨਾ ਦੁਖਾ। ਇਸੇ ਤਰ੍ਹਾਂ ਬਾਬਾ ਫ਼ਰੀਦ ਜੀ ਦਾ ਹੋਰ ਫੁਰਮਾਨ ਹੈ:- ਫਰੀਦਾ ਦੇ ਤੂੰ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥ ਆਪਨੜੇ ਗਿਰੀਵਾਨ ਮਹਿ ਸਿਰ ਨੀਵਾਂ ਕਰਿ ਦੇਖੁ॥

ਭਾਵ ਕਿ ਜੇ ਤੂੰ ਸਿਆਣਾ ਤੇ ਸਮਝਦਾਰ ਹੈ ਤਾਂ ਕਿਸੇ ਬਾਰੇ ਮਾੜਾ ਸ਼ਬਦ ਨਾ ਬੋਲ, ਆਪਣੇ ਅੰਦਰ ਝਾਤੀ ਮਾਰ ਤੇ ਵੇਖ ਕਿ ਤੂੰ ਕਿੰਨਾ ਕੁ ਚੰਗਾ ਹੈ। ਬਾਬਾ ਫ਼ਰੀਦ ਜੀ ਏਥੋਂ ਤੱਕ ਕਹਿੰਦੇ ਹਨ ਕਿ:- ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨਾ ਮਾਰੇ ਘੁੰਮਿ॥ ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥

ਭਾਵ ਕਿ ਜੇ ਕੋਈ ਤੈਨੂੰ ਮਾਰਦਾ ਵੀ ਹੈ ਤਾਂ ਤੂੰ ਅਗੋਂ ਉਸ ਨੂੰ ਨਾ ਮਾਰ ਸਗੋਂ ਉਸਦੇ ਘਰ ਜਾ ਕੇ ਉਸਦੇ ਪੈਰ ਚੁੰਮ। ਬਲਕਿ ਪੈਰਾਂ ਹੇਠ ਆਈ ਮਿੱਟੀ ਨੂੰ ਵੀ ਮੰਦਾ ਬੋਲਣ ਤੋਂ ਸੰਕੋਚ ਕਰ ਕਿਉਂਕਿ ਇਹੋ ਮਿੱਟੀ ਜੋ ਅੱਜ ਤੇਰੇ ਪੈਰਾਂ ਹੇਠ ਹੈ ਮਰਨ ਪਿੱਛੋਂ ਇਸ ਨੇ ਤੇਰੇ ਉਪਰ ਪੈਣਾ ਹੈ। ਬਾਬਾ ਫਰੀਦ ਜੀ ਭਾਵੇਂ ਮੁਸਲਮਾਨ ਸਨ ਅਤੇ ਉਨ੍ਹਾਂ ਦੀ ਸਾਰੀ ਰਚਨਾ ਅੰਦਰ ਮੁਸਲਮਾਨੀ ਰਸਮਾਂ-ਗੀਤਾਂ ਦੇ ਹਵਾਲੇ ਜਿਵੇਂ ਕਿ ਨਮਾਜ਼ਾਂ ਦੀ ਅਦਾਇਗੀ, ਮਸੀਤ ਅੰਦਰ ਮੁਸਲਮਾਨ ਸ਼ਰਹ ਅਨੁਸਾਰ ਹਾਜ਼ਰ ਹੋ ਕੇ ਨਮਾਜ਼ ਵਿੱਚ ਸ਼ਾਮਿਲ ਹੋਣਾ ਤੇ ਹੋਰ ਪ੍ਰਵਾਣਿਤ ਰਸਮਾ-ਰੀਤਾਂ ਨੂੰ ਵਡਿਆਈ ਪ੍ਰਾਪਤ ਹੈ ਪਰ ਹਰ ਰਸਮ ਤਾਂ ਹੀ ਪ੍ਰਵਾਣ ਚੜ੍ਹਦੀ ਮੰਨੀ ਜਾਂਦੀ ਹੈ ਜੇਕਰ ਅੰਦਰ ਖੁਦਾਵੰਦ ਕਰੀਮ ਨਾਲ ਸੱਚੇ ਪਿਆਰ ਤੇ ਇਸ਼ਕ ਦਾ ਜਜ਼ਬਾ ਕਾਇਮ ਹੈ। ਜੇਕਰ ਇਹ ਨਹੀਂ ਤਾਂ ਸਭ ਵਿਖਾਵਾ ਹੈ ਤੇ ਅਜਿਹਾ ਕਰਨ ਕਰਨ ਨਾਲ ਉਹ ਰੱਬ ਦੀ ਹਜ਼ੂਰੀ ਵਿੱਚ ਪ੍ਰਵਾਣ ਨਹੀਂ ਚੜ੍ਹ ਸਕਦੇ। ਆਪ ਜੀ ਦਾ ਫੁਰਮਾਨ ਹੈ:- ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥ ਜਿਨ ਮਨਿ ਹੋਰ ਮੁਖਿ ਹੋਰੁ ਸਿ ਕਾਂਢੇ ਕਚਿਆ॥ ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥ ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ॥ ਬਾਬਾ ਫ਼ਰੀਦ ਜੀ ਦੇ ਗੁਰੂ ਗ੍ਰੰਥ ਸਾਹਿਬ ਵਿੱਚ ਚਾਰ ਸ਼ਬਦ ਅਤੇ 112 ਸਲੋਕ ਦਰਜ਼ ਹਨ।

ਭਾਰਤ ਵਿੱਚ ਪੰਜਾਬ ਦੇ ਨਗਰ ਫ਼ਰੀਦਕੋਟ ਵਿੱਚ ਬਾਬਾ ਫਰੀਦ ਜੀ ਆਏ ਸਨ। ਬਾਬਾ ਸ਼ੇਖ ਫ਼ਰੀਦ ਜੀ ਦੇ ਸਮੇਂ ਇਹ ਨਗਰ ਦਿੱਲੀ-ਹਾਂਸੀ ਮੁਲਤਾਨ ਦੀ ਜਰਨੈਲੀ ਸੜਕ ਉਤੇ ਸਥਿਤ ਸੀ। ਇਸ ਨਗਰ ਦਾ ਸੰਬੰਧ ਰਿਵਾਇਤਾਂ ਅਨੁਸਾਰ ਬਾਬਾ ਸ਼ੇਖ ਫ਼ਰੀਦ ਜੀ ਦੇ ਨਾਲ ਬਣਦਾ ਹੈ। ਇਹ ਵੀ ਮੰਨਿਆ ਗਿਆ ਹੈ ਕਿ ਫ਼ਰੀਦਕੋਟ ਜਿਸਦਾ ਅਰਥ @ਫ਼ਰੀਦ ਦਾ ਕਿਲ੍ਹਾ ਹੈ@ ਬਾਬਾ ਫ਼ਰੀਦ ਜੀ ਨਾਲ ਸੰਬੰਧਤ ਹੋਣ ਕਰਕੇ ਇਸ ਜਗ੍ਹਾਂ ਦਾ ਨਾਂ ਫ਼ਰੀਦਕੋਟ ਪਿਆ। ਇਹ ਕਿਲ੍ਹਾ ਜਬਰੀ ਵੰਗਾਰ ਨਾਲ ਉਸਾਰਿਆ ਜਾ ਰਿਹਾ ਸੀ, ਬਾਬਾ ਸ਼ੇਖ ਫ਼ਰੀਦ ਜੀ ਨੂੰ ਵੀ ਉੱਥੇ ਜਬਰੀ ਮਜ਼ਦੂਰੀ ਕਰਨੀ ਪਈ। ਇਹ ਇਸ ਇਲਾਕੇ ਦੇ ਰਾਜੇ ਮੋਕਲ ਦਾ ਕਿਲ੍ਹਾ ਸੀ। ਜਦੋਂ ਬਾਬਾ ਸ਼ੇਖ ਫ਼ਰੀਦ ਜੀ ਆਪਣੇ ਕੁਝ ਕੁ ਮੁਰੀਦਾਂ ਨਾਲ ਇਥੇ ਆਏ ਤਾਂ ਜ਼ਬਰੀ ਮਜ਼ਦੂਰੀ ਵਿੱਚ ਫੜ੍ਹੇ ਗਏ। ਉਨ੍ਹਾਂ ਨੂੰ ਸਿਰਾਂ @ਤੇ ਟੋਕਰੀਆਂ ਵਿੱਚ ਇਟਾਂ ਰੋੜੇ ਕਿਲ੍ਹੇ ਦੀ ਫਸੀਲ ਉਤੇ ਲੈ ਕੇ ਜਾਣੇ ਪੈਂਦੇ ਸਨ। ਜਦੋਂ ਬਾਬਾ ਜੀ ਟੋਕਰੀ ਮਿੱਟੀ ਦੀ ਭਰ ਕੇ ਸਿਰ ਉਤੇ ਰੱਖਕੇ ਤੁਰਦੇ ਸਨ ਤਾਂ ਕਹਿੰਦੇ ਹਨ ਕਿ ਟੋਕਰੀ ਇਕ ਹੱਥ ਸਿਰ ਤੋਂ ਉੱਚੀ ਹੀ ਰਹਿੰਦੀ ਸੀ। ਇਹ ਵੇਖ ਕੇ ਰਾਜੇ ਸਣੇ ਬਹੁਤ ਸਾਰੇ ਲੋਕ ਉੱਥੇ ਆ ਗਏ ਤੇ ਬਾਬਾ ਸ਼ੇਖ ਫ਼ਰੀਦ ਜੀ ਦੇ ਪੈਰੀ ਪੈ ਕੇ ਭੁੱਲ ਬਖਸ਼ਾਉਣ ਲੱਗੇ। ਸ਼ੇਖ ਫ਼ਰੀਦ ਜੀ ਨੇ ਸਾਰੇ ਨਗਰ ਨੂੰ ਦੁਆਵਾਂ ਦਿੱਤੀਆਂ ਅਤੇ ਆਪਣੀਆਂ ਸ਼ੁਭ ਇਛਾਵਾਂ ਵੀ ਪ੍ਰਗਟਾਈਆਂ। ਉਸ ਦਿਨ ਤੋਂ ਹੀ ਇਸ ਨਗਰ ਦਾ ਨਾਮ ਫ਼ਰੀਦਕੋਟ ਹੋ ਗਿਆ। ਫ਼ਰੀਦਕੋਟ ਅਜੋਕੇ ਸਮੇਂ ਵਿੱਚ ਪੰਜਾਬ ਦਾ ਇਕ ਜਿਲ੍ਹਾਂ ਹੈ। ਫਰੀਦਕੋਟ ਵਿੱਚ ਬਾਬਾ ਫ਼ਰੀਦ ਜੀ ਨਾਲ ਸੰਬੰਧਤ ਦੇ ਦੋ ਅਸਥਾਨ ਹਨ। ਇਕ @ਚਿਲ੍ਹਾ@ ਹੈ, ਜਿੱਥੇ ਬਾਬਾ ਜੀ ਨੇ ਚਲੀਹਾ ਕੱਟਿਆ ਸੀ। ਦੂਜਾ ਅਸਥਾਨ ਹੈ @ਲੀਰ-ਮਾਰ@, ਇਸ ਅਸਥਾਨ @ਤੇ ਇਕ ਰੁੱਖ ਹੇਠਾਂ ਬਾਬਾ ਜੀ ਕੁਝ ਸਮਾਂ ਠਹਿਰੇ ਸਨ। ਅਜੋਕੇ ਸਮੇਂ ਇਨ੍ਹਾਂ ਅਸਥਾਨਾਂ @ਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਪ੍ਰਕਾਸ਼ ਹੈ। ਹਰ ਸਾਲ ਫ਼ਰੀਦਕੋਟ ਵਿਖੇ ਇਨ੍ਹਾਂ ਅਸਥਾਨਾਂ @ਤੇ ਬਾਬਾ ਫ਼ਰੀਦ ਜੀ ਨੂੰ ਸਮਰਪਿਤ ਸਾਲਾਨਾ ਜੋੜ-ਮੇਲਾ ਬੜੀ ਧੂਮ-ਧੂਮ ਮਨਾਇਆ ਜਾਂਦਾ ਹੈ। ਹਜ਼ਾਰਾਂ ਦੀ ਤਦਾਦ ਵਿੱਚ ਦੂਰੋਂ-ਨੇੜਿਓ ਸੰਗਤਾਂ ਇਨ੍ਹਾਂ ਅਸਥਾਨਾਂ @ਤੇ ਨਤਮਸਤਕ ਹੋ ਕੇ ਅਰਦਾਸਾਂ ਬੇਨਤੀਆਂ ਕਰਦੀਆਂ ਹੋਈਆਂ ਬਾਬਾ ਫ਼ਰੀਦ ਜੀ ਨੂੰ ਯਾਦ ਕਰਦੀਆਂ ਹਨ।

**ਸੁਰਜੀਤ ਸਿੰਘ ਦਿਲਾ ਰਾਮ**
**ਖੋਜਾਰਥੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ**
**ਸੰਪਰਕ 99147-22933**

# ਫਰੀਦਾ ਬੁਰੇ ਦਾ ਭਲਾ ਕਰਿ

ਪ੍ਰੋ. ਨਵ ਸੰਗੀਤ ਸਿੰਘ
9417692015

ਸੂਫੀ ਦਰਵੇਸ਼ਾਂ ਵਿਚ ਬਾਬਾ ਸ਼ੇਖ ਫ਼ਰੀਦ ਸਭ ਤੋ ਸ਼੍ਰੋਮਣੀ ਹੋ ਗੁਜ਼ਰੇ ਹਨ। ਉਨ੍ਹਾਂ ਨੂੰ ਪੰਜਾਬੀ ਦੇ ਆਦਿ-ਕਵੀ ਹੋਣ ਦਾ ਮਾਣ ਪ੍ਰਾਪਤ ਹੈ। ਪੰਜਾਬੀ ਦੇ ਸੂਫ਼ੀ ਕਵੀਆਂ ਵਿੱਚ ਵੀ ਉਨ੍ਹਾਂ ਦਾ ਸਥਾਨ ਸਭ ਤੋਂ ਪਹਿਲਾ ਹੈ। ਆਪ ਦੇ ਜੀਵਨ-ਕਾਲ ਬਾਰੇ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ, ਪਰ ਸਰਬਸੰਮਤੀ ਨਾਲ ਉਨ੍ਹਾਂ ਦਾ ਸਮਾਂ 1173 ਤੋਂ 1266 ਈ. ਮੰਨਿਆ ਗਿਆ ਹੈ। ਆਪ ਦਾ ਜਨਮ ਖੋਤਵਾਲ/ਕੋਠੇਵਾਲ, ਮੁਲਤਾਨ (ਪਾਕਿਸਤਾਨ) ਵਿਖੇ ਸ਼ੇਖ ਜਮਾਲੁਦੀਨ ਦੇ ਘਰ ਬੀਬੀ ਕੁਰਸੁਮ ਦੀ ਕੁੱਖੋਂ ਹੋਇਆ। ਇਤਿਹਾਸਕ ਹਵਾਲਿਆਂ ਅਨੁਸਾਰ ਆਪਦੀਆਂ ਤਿੰਨ ਬੇਗਮਾਂ ਸਨ- ਬੀਬੀ ਹਜ਼ਬਰਾ (ਸੁਲਤਾਨ ਬਲਬਨ ਦੀ ਬੇਟੀ), ਬੀਬੀ ਸ਼ਾਰਦਾ ਅਤੇ ਬੀਬੀ ਸ਼ਕਰ। ਆਪ ਦੇ ਪੰਜ ਪੁੱਤਰਾਂ ਅਤੇ ਤਿੰਨ ਧੀਆਂ ਦਾ ਜ਼ਿਕਰ ਵੀ ਵਿਦਵਾਨਾਂ ਨੇ ਕੀਤਾ ਹੈ, ਜਿਨ੍ਹਾਂ ਵਿੱਚ ਖਵਾਜਾ ਨਸੀਰੂਦੀਨ, ਖਵਾਜਾ ਸਿਹਾਬੂਦੀਨ, ਸ਼ੇਖ ਬਦਰੂਦੀਨ ਸੁਲੇਮਾਨ, ਸ਼ੇਖ ਨਿਜ਼ਾਮੂਦੀਨ, ਸ਼ੇਖ ਯਾਕੂਬ (ਸਾਰੇ ਪੁੱਤ) ਬੀਬੀ ਮਸਤੂਰਾ, ਬੀਬੀ ਸ਼ਰੀਫਾ ਅਤੇ ਬੀਬੀ ਫ਼ਾਤਿਮਾ (ਸਾਰੀਆਂ ਧੀਆਂ) ਦਾ ਨਾਂ ਸ਼ਾਮਲ ਹੈ। ਬਾਬਾ ਫ਼ਰੀਦ ਜੀ ਦੇ ਬੇਟੇ-ਬੇਟੀਆਂ ਨੇ ਵੀ ਸੂਫ਼ੀ ਦਰਵੇਸ਼ੀ ਜੀਵਨ ਧਾਰਨ ਕੀਤਾ ਅਤੇ ਅਧਿਆਤਮਕ ਮਾਰਗ ਦੇ ਪਾਂਧੀ ਬਣ ਕੇ ਇਸ ਜੀਵਨ-ਜਾਚ ਦੇ ਪ੍ਰਚਾਰ-ਪ੍ਰਸਾਰ ਲਈ ਕਾਰਜਸ਼ੀਲ ਰਹੇ।

ਸ਼ੇਖ ਫ਼ਰੀਦ ਦਾ ਪੂਰਾ ਨਾਂ ਸ਼ੇਖ ਫ਼ਰੀਦੁਦੀਨ ਮਸਊਦ ਗੰਜ- ਏ-ਸ਼ਕਰ ਸੀ। ਆਪ ਦੀ ਮਾਤਾ, ਜੋ ਖ਼ੁਦ ਧਾਰਮਿਕ ਬਿਰਤੀ ਵਾਲੀ ਨੇਕਦਿਲ ਔਰਤ ਸੀ, ਨੇ ਆਪ ਨੂੰ ਪੰਜ ਵੇਲੇ ਦੀ ਨਮਾਜ਼ ਅਦਾ ਕਰਨ ਦੀ ਚੇਟਕ ਲਾਈ। ਆਪਨੇ ਮੁੱਢਲੀ ਵਿੱਦਿਆ ਪਿੰਡ ਦੇ ਮਦਰੱਸੇ ਤੋਂ ਹਾਸਲ ਕੀਤੀ ਅਤੇ ਪਿੱਛੋਂ ਅਠਾਰਾਂ ਸਾਲ ਦੀ ਉਮਰ ਵਿਚ ਮੁਲਤਾਨ ਆ ਕੇ ਅਰਬੀ, ਫ਼ਾਰਸੀ, ਕੁਰਾਨ, ਹਦੀਸ ਬਾਰੇ ਵਿਸਤ੍ਰਿਤ ਜਾਣਕਾਰੀ ਹਾਸਲ ਕੀਤੀ। ਆਪਨੇ ਛੇਤੀ ਹੀ ਕੁਰਾਨ ਸ਼ਰੀਫ ਜ਼ਬਾਨੀ ਯਾਦ ਕਰ ਲਈ। ਮੁਲਤਾਨ ਰਹਿੰਦਿਆਂ ਹੀ ਉਹ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਦੇ ਮੁਖੀ ਖਵਾਜਾ ਕੁਤਬੁਦੀਨ ਬਖ਼ਤਿਆਰ ਕਾਕੀ ਨੂੰ ਮਿਲੇ ਅਤੇ ਪਿੱਛੋਂ ਇਸ ਸੰਪਰਦਾਇ ਦੀ ਵਾਗਡੋਰ ਸੰਭਾਲ ਲਈ।

ਸ਼ੇਖ ਫਰੀਦ ਜੀ ਦੀ ਪ੍ਰਮਾਣਿਕ ਬਾਣੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਪਾਕਪਟਨ ਤੋਂ ਸ਼ੇਖ ਬ੍ਰਹਮ ਪਾਸੋਂ ਹਾਸਲ ਕੀਤਾ ਅਤੇ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ (1604 ਈ.) ਸਮੇਂ ਇਸ ਨੂੰ ਢੁਕਵਾਂ ਸਥਾਨ ਪ੍ਰਦਾਨ ਕੀਤਾ। ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੇ ਰਚੇ ਚਾਰ ਸ਼ਬਦ (ਦੋ ਰਾਗ ਆਸਾ ਵਿੱਚ, ਪੰਨਾ 488; ਅਤੇ ਦੋ ਰਾਗ ਸੂਹੀ ਵਿੱਚ, ਪੰਨਾ 794) ਅਤੇ @ਸਲੋਕ ਸੇਖ ਫਰੀਦ ਕੇ@ (ਪੰਨੇ 1377 ਤੋਂ 1384 ਤਕ) ਸਿਰਲੇਖ ਹੇਠ 130 ਸ਼ਲੋਕ ਪ੍ਰਾਪਤ ਹੁੰਦੇ ਹਨ। ਇਨ੍ਹਾਂ ਚੋਂ 112 ਸ਼ਲੋਕ ਫ਼ਰੀਦ ਜੀ ਦੇ ਆਪਣੇ ਲਿਖੇ ਹੋਏ ਹਨ, ਜਦਕਿ 18 ਸ਼ਲੋਕ ਵੱਖ-ਵੱਖ ਗੁਰੂ ਸਾਹਿਬਾਨ ਦੁਆਰਾ ਰਚੇ ਹੋਏ ਹਨ। ਇਨ੍ਹਾਂ ਅਠਾਰਾਂ ਸ਼ਲੋਕਾਂ ਦਾ ਮੁਕੰਮਲ ਵੇਰਵਾ ਇਸ ਤਰ੍ਹਾਂ ਹੈ:

* ਗੁਰੂ ਨਾਨਕ ਦੇਵ ਜੀ (ਚਾਰ ਸ਼ਲੋਕ) : ਨੰ. 32, 113, 120, 124.
* ਗੁਰੂ ਅਮਰਦਾਸ ਜੀ (ਪੰਜ ਸ਼ਲੋਕ) : ਨੰ. 13, 52, 104, 122, 123.
* ਗੁਰੂ ਰਾਮਦਾਸ ਜੀ (ਇੱਕ ਸ਼ਲੋਕ) : ਨੰ.121.
* ਗੁਰੂ ਅਰਜਨ ਦੇਵ ਜੀ (ਅੱਠ ਸ਼ਲੋਕ) : ਨੰ. 75, 82, 83, 105, 108, 109, 110, 111.

ਫ਼ਰੀਦ ਜੀ ਦੇ ਬਹੁਤ ਸ਼ਲੋਕ ਤਾਂ ਦੋ-ਦੋ ਪੰਕਤੀਆਂ ਵਾਲ਼ੇ ਹੀ ਹਨ, ਪਰ ਕੁਝ ਇੱਕ ਸ਼ਲੋਕਾਂ ਵਿੱਚ ਪੰਕਤੀਆਂ ਦੀ ਗਿਣਤੀ ਵਧ ਵੀ ਹੈ, ਜਿਵੇਂ ਸ਼ਲੋਕ ਨੰ. 1 (ਅੱਠ ਪੰਕਤੀਆਂ), ਸ਼ਲੋਕ ਨੰ. 100 (ਛੇ ਪੰਕਤੀਆਂ), ਸ਼ਲੋਕ ਨੰ. 98, 99 (ਚਾਰ-ਚਾਰ ਪੰਕਤੀਆਂ), ਸ਼ਲੋਕ ਨੰ. 49, 97 (ਤਿੰਨ-ਤਿੰਨ ਪੰਕਤੀਆਂ)। ਇਵੇਂ ਹੀ ਇਨ੍ਹਾਂ ਸ਼ਲੋਕਾਂ ਦੇ ਅੰਤਰਗਤ ਦਰਜ ਵਿਭਿੰਨ ਗੁਰੂ ਸਾਹਿਬਾਨਾਂ ਦੇ ਸ਼ਲੋਕ ਵੀ ਦੋ ਜਾਂ ਦੋ ਤੋਂ ਵੱਧ ਪੰਕਤੀਆਂ ਦੇ ਮਿਲਦੇ ਹਨ। ਇਸੇ ਸਿਲਸਿਲੇ ਵਿਚ ਸੂਹੀ ਰਾਗ ਵਿੱਚ ਦਰਜ ਗੁਰੂ ਨਾਨਕ ਦੇਵ ਜੀ (ਪੰਨਾ 729) ਅਤੇ ਬਾਬਾ ਫ਼ਰੀਦ ਜੀ (ਪੰਨਾ 794) ਜੀ ਦੇ ਸ਼ਬਦ ਵੀ ਵੇਖਣਯੋਗ ਹਨ। ਜਿੱਥੇ ਬਾਬਾ ਫ਼ਰੀਦ ਜੀ ਆਪਣੇ ਸ਼ਬਦ (ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ...) ਵਿੱਚ ਸਮੱਸਿਆ ਦਾ ਜ਼ਿਕਰ ਕਰ ਰਹੇ ਹਨ, ਉੱਥੇ ਗੁਰੂ ਨਾਨਕ ਦੇਵ ਜੀ ਨੇ (ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ...) ਵਿੱਚ ਸਮੱਸਿਆ ਤੋਂ ਉਬਰਨ ਦੀ ਜਾਚ ਦੱਸੀ ਹੈ।

ਬੇਸ਼ੱਕ ਬਾਬਾ ਫਰੀਦ ਜੀ ਇਸਲਾਮ ਧਰਮ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਦੀ ਰਚਨਾ ਵਿਚ ਇਸਲਾਮਕ ਸ਼ਬਦਾਵਲੀ ਦੀ ਬਹੁਤਾਤ ਹੈ, ਜਿਵੇਂ ਮਲਕੁ (ਮਲਕੁਲਮਉਤ), ਸ਼ੈਤਾਨ, ਨਮਾਜ਼, ਉਜੂ (ਵੁਜ਼ੂ), ਦੋਜ਼ਕ, ਸਬਰ, ਰਜ਼ਾ, ਜੀਰਾਣ, ਗੋਰ, ਮੁਸੱਲਾ, ਸੂਫ਼, ਦਰਵੇਸ਼, ਅਜ਼ਰਾਈਲ, ਖ਼ੁਦਾਇ ਆਦਿ, ਪਰ ਉਨ੍ਹਾਂ ਦੇ ਉਪਦੇਸ਼ ਅਤੇ ਸਿੱਖਿਆਵਾਂ ਸਮੁੱਚੀ ਲੋਕਾਈ ਵਾਸਤੇ ਹਨ। ਉਨ੍ਹਾਂ ਦੀ ਬਾਣੀ ਵਿਚ ਇਸ਼ਕ, ਬ੍ਰਿਹਾ, ਸਬਰ- ਸੰਤੋਖ, ਸਹਿਣਸ਼ੀਲਤਾ, ਨਿਮਰਤਾ, ਖਿਮਾ, ਮਿੱਠਾ ਬੋਲਣਾ, ਪ੍ਰਭੂ ਭਗਤੀ, ਜੀਵਨ ਦੀ ਨਾਸ਼ਮਾਨਤਾ, ਪਰਿਪੱਕਤਾ, ਨੇਕੀ, ਸਮੇਂ ਦੀ ਸਾਰਥਿਕਤਾ ਆਦਿ ਵਿਸ਼ਿਆਂ ਨੂੰ ਪ੍ਰਮੁੱਖਤਾ ਪ੍ਰਾਪਤ ਹੈ ਅਤੇ ਇਨ੍ਹਾਂ ਦੀ ਵਿਸ਼ਿਆਂ ਨੂੰ ਸਾਕਾਰ ਕਰਨ ਲਈ ਉਨ੍ਹਾਂ ਨੇ ਵਿਭਿੰਨ ਸ਼ਲੋਕਾਂ ਦੀ ਸਿਰਜਣਾ ਕੀਤੀ ਹੈ। ਇਹੋ ਜਿਹੇ ਵਿਸ਼ਿਆਂ ਨੂੰ ਪ੍ਰਸਤੁਤ ਕਰਨ ਵਾਲੇ ਆਪ ਦੇ ਕੁਝ ਸ਼ਲੋਕਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ:

ਨੇਕੀ : - ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥ (ਸ਼ਲੋਕ 7) -
ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥ ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ (ਸ਼ਲੋਕ 78) ਸਬਰ ਸੰਤੋਖ :
- ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥(ਸ਼ਲੋਕ29)
- ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ॥
ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥ (ਸ਼ਲੋਕ 116)
ਮਿੱਠਾ ਬੋਲਣਾ :
- ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥(ਸ਼ਲੋਕ 129) -
ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥ (ਸਲੋਕ 130) ਭੇਖ ਤੋਂ ਮੁਕਤੀ :
- ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥
ਬਾਹਰ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥(ਸਲੋਕ 50) -
ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥ (ਸ਼ਲੋਕ 61)

ਫ਼ਰੀਦ-ਬਾਣੀ ਦੀ ਇਹ ਵਿਲੱਖਣਤਾ ਹੈ ਕਿ ਅੱਜ ਵੱਖ-ਵੱਖ ਵਿਚਾਰਧਾਰਾ ਤੋਂ ਪ੍ਰਭਾਵਿਤ ਅਤੇ ਵੱਖ-ਵੱਖ ਵਿਸ਼ਿਆਂ ਸਬੰਧੀ ਲਿਖਣ ਵਾਲੇ ਲੇਖਕ ਆਪਣੀਆਂ ਰਚਨਾਵਾਂ ਦੇ ਨਾਮਕਰਨ ਲਈ ਫ਼ਰੀਦ-ਬਾਣੀ ਵਿਚਲੇ ਵਾਕੰਸ਼ਾਂ ਨੂੰ ਸਭ ਤੋਂ ਢੁਕਵਾਂ ਅਤੇ ਪ੍ਰਮਾਣਿਕ ਸਮਝ ਕੇ ਇਨ੍ਹਾਂ ਦੀ ਵਰਤੋਂ ਕਰਦੇ ਵੇਖੇ ਜਾ ਸਕਦੇ ਹਨ। ਵਧੇਰੇ ਵਿਸਥਾਰ ਵਿੱਚ ਨਾ ਜਾਂਦਿਆਂ ਅਸੀਂ ਇੱਥੇ ਕੁਝ ਅਜਿਹੀ ਹੀ ਪੁਸਤਕਾਂ ਅਤੇ ਲੇਖਕਾਂ ਦੇ ਨਾਂ ਦੇ ਕੇ ਆਪਣੀ ਗੱਲ ਸਪਸ਼ਟ ਕਰਨ ਦੀ ਕੋਸ਼ਿਸ਼ ਕਰਦੇ ਹਾਂ: ਏਹੁ ਹਮਾਰਾ ਜੀਵਣਾ, ਖੜਾ ਪੁਕਾਰੇ ਪਾਤਣੀ, ਦੁਨੀ ਸੁਹਾਵਾ ਬਾਗ਼ (ਦਲੀਪ ਕੌਰ ਟਿਵਾਣਾ), ਬਿਰਹਾ ਤੂ ਸੁਲਤਾਨ (ਸ਼ਿਵ ਕੁਮਾਰ ਬਟਾਲਵੀ), ਬੇੜਾ ਬੰਧਿ ਨ ਸਕਿਓ (ਸੰਤ ਸਿੰਘ ਸੇਖੋਂ), ਰੁੱਖਾਂ ਦੀ ਜੀਰਾਂਦ (ਗੁਰਬਖ਼ਸ਼ ਸਿੰਘ ਪ੍ਰੀਤਲੜੀ), ਸੁਕ ਗਏ ਕੁਮਲਾਇ (ਗੁਰਦਿਆਲ ਸਿੰਘ ਫੁੱਲ), ਕੰਧੀ ਉੱਤੇ ਰੁਖੜਾ (ਸੁਰਜੀਤ ਸਿੰਘ ਸੇਠੀ), ਬਾਰਿ ਪਰਾਇ ਬੈਸਣਾ (ਪਾਂਧੀ ਨਨਕਾਣਵੀ), ਵਣ ਕੰਬਿਆ (ਸੁਖਪਾਲਵੀਰ ਸਿੰਘ ਹਸਰਤ) ਅਤੇ ਇਸੇ ਸਾਲ (2022 ਵਿੱਚ) ਪ੍ਰਕਾਸ਼ਿਤ ਪੁਸਤਕ ਰੁਤਿ ਫਿਰੀ ਵਣੁ ਕੰਬਿਆ (ਜਗਜੀਤ ਸਿੰਘ ਲੋਹਟਬੱਦੀ) ਆਦਿ।

ਬਾਬਾ ਫ਼ਰੀਦ ਜੀ ਦੇ ਪਾਵਨ ਚਰਨਾਂ ਨਾਲ ਵਰੋਸਾਈ ਧਰਤੀ ਫ਼ਰੀਦਕੋਟ ਵਿਖੇ ਪਿਛਲੇ ਕਈ ਵਰ੍ਹਿਆਂ ਤੋਂ ਬਾਬਾ ਫਰੀਦ ਆਗਮਨ ਪੁਰਬ ਹਰ ਸਾਲ 19 ਸਤੰਬਰ ਤੋਂ 23 ਸਤੰਬਰ ਤੱਕ ਮਨਾਇਆ ਜਾਂਦਾ ਹੈ। ਦੱਸਿਆ ਜਾਂਦਾ ਹੈ ਕਿ ਕਰੀਬ ਅੱਠ ਸਦੀਆਂ ਪਹਿਲਾਂ ਇਸ ਇਲਾਕੇ ਤੇ ਮੋਹਕਲ ਨਾਂ ਦਾ ਰਾਜਾ ਰਾਜ ਕਰਦਾ ਸੀ। ਉਹਨੇ ਮੋਹਕਲਗੜ੍ਹ ਨਾਂ ਦਾ ਇੱਕ ਕਿਲ੍ਹਾ ਬਣਵਾਇਆ, ਜਿਸ ਦੀ ਉਸਾਰੀ ਸਮੇਂ ਉਸ ਦੇ ਸਿਪਾਹੀਆਂ ਨੇ ਇਸ ਪਾਸਿਉਂ ਲੰਘ ਰਹੇ ਬਾਬਾ ਫਰੀਦ ਜੀ ਨੂੰ ਫੜ ਕੇ ਵਗਾਰ ਦੇ ਕੰਮ @ਤੇ ਲਾ ਦਿੱਤਾ। ਇਕ ਦਰਵੇਸ਼ ਨੂੰ ਵਗਾਰੀ ਦੇ ਕੰਮ @ਤੇ ਲਾਇਆ ਵੇਖ ਕੇ ਜਨਤਾ ਨੇ ਰਾਜੇ ਨੂੰ ਦੱਸਿਆ ਤਾਂ ਰਾਜੇ ਨੇ ਆਪਣੀ ਗਲਤੀ ਦੀ ਖਿਮਾ ਮੰਗੀ ਅਤੇ ਉਸਨੇ ਇਸ ਸ਼ਹਿਰ ਦਾ ਨਾਂ ਫ਼ਰੀਦ ਜੀ ਦੇ ਨਾਂ ਤੇ ਫ਼ਰੀਦਕੋਟ ਰੱਖ ਦਿੱਤਾ।ਫਰੀਦਕੋਟ ਵਿਖੇ ਫ਼ਰੀਦ ਜੀ ਦੇ ਆਗਮਨ ਦੀ ਯਾਦ ਨੂੰ ਮਨਾਉਣ ਲਈ ਹਰ ਵਰ੍ਹੇ ਕੌਮੀ ਪੱਧਰ ਦੇ ਸਮਾਗਮ ਕਰਵਾਏ ਜਾਂਦੇ ਹਨ, ਜਿਸ ਵਿੱਚ ਸੈਮੀਨਾਰ, ਕਵੀ ਦਰਬਾਰ, ਕੁਸ਼ਤੀਆਂ, ਹਾਕੀ, ਪੁਸਤਕ ਮੇਲਾ ਆਦਿ ਦਾ ਆਯੋਜਨ ਹੁੰਦਾ ਹੈ। ਇੱਥੇ ਕਿਲ੍ਹੇ ਦੇ ਬਿਲਕੁਲ ਨੇੜ ? ਚਿੱਲਾ ਬਾਬਾ ਫਰੀਦ ਸੁਭਾਇਮਾਨ ਹੈ, ਜਿੱਥੇ ਹਰ ਵੀਰਵਾਰ ਲੋਕੀਂ ਆਪਣੀਆਂ ਮਨੋਕਾਮਨਾਵਾਂ ਦੀ ਪੂਰਤੀ ਹਿੱਤ ਸਿਜਦਾ ਕਰਦੇ ਹਨ। ਇਸ ਅਸਥਾਨ ਤੇ ਇੱਕ ਗੁਰਦੁਆਰਾ, ਮਸਜਿਦ, ਲੰਗਰ ਹਾਲ ਅਤੇ ਵਣ ਦਾ ਪੁਰਾਤਨ ਰੁੱਖ ਮੌਜੂਦ ਹੈ। ਵਣ ਬਾਰੇ ਮਾਨਤਾ ਹੈ ਕਿ ਬਾਬਾ ਜੀ ਨੇ ਗਾਰੇ ਨਾਲ ਲਿੱਬੜੇ ਹੱਥ ਇਸ ਰੁੱਖ ਨਾਲ ਪੂੰਝੇ ਸਨ। ਸ਼ਹਿਰੋਂ ਬਾਹਰਵਾਰ ਫ਼ਰੀਦਕੋਟ-ਕੋਟਕਪੂਰਾ ਸੜਕ ਉੱਤੇ ਗੁਰਦੁਆਰਾ ਗੋਦੜੀ ਸਾਹਿਬ ਦੀ ਸੁੰਦਰ ਇਮਾਰਤ ਹੈ, ਜਿਸ ਬਾਰੇ ਲੋਕ-ਵਿਸ਼ਵਾਸ ਹੈ ਕਿ ਬਾਬਾ ਜੀ ਨੇ ਲੀਰਾਂ ਦੀ ਬਣੀ ਗੋਦੜੀ ਤੇ ਇੱਥੇ ਵਿਸ਼ਰਾਮ ਕੀਤਾ ਸੀ। ਇੱਥੇ ਇੱਕ ਸਰੋਵਰ ਅਤੇ ਬਹੁਤ ਵਿਸ਼ਾਲ ਖੁੱਲ੍ਹਾ ਹਾਲ ਹੈ। ਇਨ੍ਹਾਂ ਅਸਥਾਨਾਂ ਦਾ ਪ੍ਰਬੰਧ ਸਥਾਨਕ ਕਮੇਟੀ ਕਰਦੀ ਹੈ, ਜਿਸ ਦੇ ਸਰਪ੍ਰਸਤ ਭਾਈ ਇੰਦਰਜੀਤ ਸਿੰਘ ਖਾਲਸਾ ਹਨ, ਜੋ ਹਰ ਸਾਲ ਨੇਕ ਕੰਮ ਕਰਨ ਵਾਲੇ ਲੋਕਾਂ ਨੂੰ ਇਨਾਮ-ਸਨਮਾਨ ਪ੍ਰਦਾਨ ਕਰਦੇ ਹਨ। ਆਗਮਨ ਪੁਰਬ ਵਾਲੇ ਦਿਨੀਂ ਚਿੱਲਾ ਬਾਬਾ ਫ਼ਰੀਦ ਤੋਂ ਗੋਦੜੀ ਸਾਹਿਬ ਤੱਕ ਵਿਸ਼ਾਲ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸਾਲ 2000 ਤੋਂ ਕਮੇਟੀ ਵੱਲੋਂ ÷ਬਾਬਾ ਫ਼ਰੀਦ ਇਮਾਨਦਾਰੀ ਅਵਾਰਡ÷ ਅਤੇ ÷ਭਗਤ ਪੂਰਨ ਸਿੰਘ ਮਾਨਵ ਸੇਵਾ ਅਵਾਰਡ÷ ਦਿੱਤੇ ਜਾ ਰਹੇ ਹਨ। ਇਸ ਸਾਲ @ਬਾਬਾ ਫ਼ਰੀਦ ਅਵਾਰਡ@ ਮੋਗਾ ਦੇ ਡੀਸੀ ਕੁਲਵੰਤ ਸਿੰਘ ਨੂੰ ਅਤੇ @ਮਾਨਵ ਸੇਵਾ ਅਵਾਰਡ@ ਸੁਸਾਇਟੀ ਫਾਰ ਇਕਾਲੋਜੀਕਲ ਐਂਡ ਐਨਵਾਇਰਮੈਂਟਲ ਰਿਸੋਰਸਜ਼ (SEER) ਨੂੰ ਬਾਬਾ ਫ਼ਰੀਦ ਆਗਮਨ ਪੁਰਬ ਦੇ ਆਖਰੀ ਦਿਨ, ਯਾਨੀ 23 ਸਤੰਬਰ ਨੂੰ ਦਿੱਤੇ ਜਾਣਗੇ ਭਾਵੇਂ ਬਾਬਾ ਫਰੀਦ ਜੀ ਅੱਜ ਤੋਂ ਅੱਠ ਸਦੀਆਂ ਪਹਿਲਾਂ ਪੰਜਾਬ ਦੀ ਧਰਤੀ ਤੇ ਆਏ ਸਨ, ਪਰ ਉਨ੍ਹਾਂ ਦੀ ਸ਼ਖ਼ਸੀਅਤ, ਦਰਸ਼ਨ ਅਤੇ ਬਾਣੀ ਨੇ ਪੰਜਾਬੀ ਜਨਜੀਵਨ ਤੇ ਜੋ ਪ੍ਰਭਾਵ ਪਾਇਆ ਹੈ, ਉਹ ਸਾਡੇ ਸਾਹਮਣੇ ਹੈ। ਇਹ ਆਪ ਦੀ ਬਾਣੀ ਦਾ ਹੀ ਯੋਗਦਾਨ ਹੈ ਕਿ ਪੰਜਾਬੀਆਂ ਨੇ ਆਪ ਦੀ ਰਚਨਾ ਨੂੰ ਆਪਣੇ ਜੀਵਨ ਦਾ ਅੰਗ ਬਣਾਇਆ ਹੋਇਆ ਹੈ ਅਤੇ ਰੋਜ਼-ਮੱਰਾ ਦੀ ਗੱਲਬਾਤ ਸਮੇਂ ਥਾਂ-ਥਾਂ @ਤੇ ਆਪ ਦੀ ਬਾਣੀ @ਚੋਂ ਹਵਾਲੇ ਦਿੱਤੇ ਜਾਂਦੇ ਹਨ।

# ਬੱਚਿਆਂ ਦਾ ਮਿਡ ਡੇ ਮੀਲ ਖਤਰੇ ਵਿੱਚ



ਭਾਰਤ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਗੈਰਸੰਵਧਾਨਿਕ ਢੰਗ ਨਾਲ ਲਿਆ ਕਿ ਸਿੱਧੇ ਰੂਪ ਵਿੱਚ ਕਾਰਪੋਰੇਟ ਦੀ ਹਮਾਇਤ ਅਤੇ ਭਾਰਤ ਦੀ 80 ਕਰੋੜ ਜਨਤਾ ਦੇ ਹੱਕਾਂ ਵਿਰੁੱਧ ਕਾਰਵਾਈ ਕੀਤੀ ਹੈ।ਖੇਤੀ ਰਾਜ ਸਰਕਾਰਾਂ ਦਾ ਵਿਸ਼ਾ ਹੋਣ ਦੇ ਬਾਵਜੂਦ ਇਸ ਨੂੰ ਕਾਮਰਸ ਅਤੇ ਟਰੇਡ ਦੀ ਚਾਸਨੀ ਚਾੜ੍ਹ ਕੇ ਰਾਜ ਸਰਕਾਰਾਂ ਤੇ ਥੋਪ ਦਿੱਤਾ ਗਿਆ। ਰਾਜ ਸਰਕਾਰਾਂ ਜੋ ਲੰਬੇ ਸਮੇਂ ਤੋਂ ਵੱਧ ਅਧਿਕਾਰਾਂ ਦੀ ਮੰਗ ਕਰ ਰਹੀਆਂ ਸਨ ,ਆਪਣੀ ਬਹੁਗਿਣਤੀ ਦੀ ਧੌਂਸ ਜਮਾਂ ਦੇ ਉਹਨਾਂ ਦੀ ਗੱਲ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ।ਹੋਰ ਵੀ ਹਾਸੋਹੀਣੀ ਗੱਲ ਇਹ ਸੀ ਕਿ ਜਿਨ੍ਹਾਂ ਕਾਨੂੰਨ ਨੂੰ ਕਿਸਾਨ ਆਪਣੀ ਮੌਤ ਦੇ ਵਾਰੰਟ ਦਸ ਰਹੇ ਸਨ, ਸਰਕਾਰ ਉਹਨਾਂ ਕਾਨੂੰਨ ਰਾਹੀਂ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦੀ ਜਿਦ ਕਰ ਰਹੀ ਹੈ।ਸਲਾਮ ; ਪੰਜਾਬ ਦੀ ਕਿਸਾਨ ਲੀਡਰਸਿਪ ਨੂੰ ਜਿਨ੍ਹਾਂ ਸਰਕਾਰ ਦੀ ਬਹੁਤ ਡੂੰਘੀ ਚਾਲ ਨੂੰ ਬਹੁਤ ਜਲਦੀ ਸਮਝਿਆ।ਲੀਡਰਸਿਪ ਨੇ ਆਪਣੇ ਕਾਰਡ ਨੂੰ ਸਮਝਾਇਆ ਅਤੇ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਨਾਲ ਲੈਣ ਦਾ ਯਤਨ ਕੀਤਾ। ਸਿਆਸੀ ਪਾਰਟੀਆਂ ਨੇ ਆਪਣੀ ਰਵਾਇਤੀ ਸੋਚ ਰਾਹੀਂ ਗੱਲ ਨੂੰ ਸਿਆਸੀ ਬਿਆਨਬਾਜੀ ਤੱਕ ਸੀਮਤ ਰੱਖਿਆ ਅਤੇ ਦਿਲੋਂ ਸਹਿਯੋਗ ਨਹੀਂ ਦਿੱਤਾ।

ਸਿਆਸੀ ਪਾਰਟੀਆਂ ਦਾ ਸਹਿਯੋਗ ਨਾ ਮਿਲਦਾ ਦੇਖ ਕੇ ਕਿਸਾਨ ਜਥੇਬੰਦੀਆਂ ਨੇ ਆਪਣੇ ਤੌਰ ਤੇ ਅੰਦੋਲਨ ਸ਼ੁਰੂ ਕਰ ਦਿੱਤਾ। ਕਿਸਾਨ ਜਥੇਬੰਦੀਆਂ ਦੇ ਨਿਰੋਲ ਗੈਰ ਸਿਆਸੀ ਰੋਲ ਨੂੰ ਲੋਕਾਂ ਦਾ ਪੰਜਾਬ ਅਤੇ ਹਰਿਆਣਾ ਵਿੱਚ ਵੱਡਾ ਸਮਰਥਨ ਮਿਲਿਆ ਅਤੇ ਸ਼ਘੰਰਸ਼ ਦਿਨੋ ਦਿਨ ਤੀਖਣ ਹੁੰਦਾ ਗਿਆ। ਪੰਜਾਬ ਦੀਆਂ ਸਿਆਸੀ ਧਿਰਾਂ ਘੋਲ ਨੂੰ ਦਿੱਲੀ ਲੈ ਜਾਣ ਦਾ ਤਾਆਨਾ ਮਾਰਦੀਆਂ ਰਹੀਆਂ।ਲੰਬੇ ਵਿਚਾਰ ਵਟਾਂਦਰੇ ਤੋਂ ਬਾਅਦ ਘੋਲ ਨੂੰ ਦਿੱਲੀ ਸ਼ਿਫਟ ਕਰਨ ਦਾ ਫੈਸਲਾ ਕੀਤਾ ਗਿਆ। ਹਰਿਆਣਾ ਸਰਕਾਰ ਨੇ ਹਰ ਕਦਮ ਤੇ ਅੜਿੱਕੇ ਲਾਉਣ ਦਾ ਯਤਨ ਕੀਤਾ ਪਰ ਲੋਕ ਸਕਤੀ ਅੱਗੇ ਸਰਕਾਰੀ ਮਸ਼ੀਨਰੀ ਟਿਕ ਨਾ ਸਕੀ।

ਕਿਸਾਨਾ ਦੇ ਗੈਰ ਸਿਆਸੀ ਰੋਲ ਨੂੰ ਜਿਥੇ ਭਾਰਤ ਭਰ ਵਿੱਚ ਹੁੰਗਾਰਾ ਮਿਲਿਆ ਉਹਨਾਂ ਹੀ ਮਿਲਵਰਤਣ ਬਾਹਰਲੇ ਦੇਸ਼ਾਂ ਅਤੇ ਐਨ ਆਰ ਆਈ ਦਾ ਵੀ ਮਿਲਿਆ। ਫੂਡ ਇੰਡਸਟਰੀ ਤੇ ਕਾਰਪੋਰੇਟ ਦੀ ਡੂੰਘੀ ਚਾਲ ਆਮ ਲੋਕਾਂ ਦੇ ਸਮਝ ਆਉਣ ਲੱਗੀ।ਕਿਸਾਨ ਅੰਦੋਲਨ ਨੇ ਇਨਕਲਾਬ ਦਾ ਰੂਪ ਧਾਰਨ ਲਿਆ ਅਤੇ ਸਰਕਾਰੀ ਹੱਥਕੰਡਿਆ ਦਾ ਬੜੀ ਦ੍ਰਿੜਤਾ ਨਾਲ ਟਾਕਰਾ ਕੀਤਾ ਗਿਆ। ਅੰਦੋਲਨ ਦੇ ਚਲਦਿਆਂ ਪੰਜ ਸੌ ਦੇ ਕਰੀਬ ਕਿਸਾਨ ਸ਼ਹੀਦ ਹੋ ਗਏ। ਕਿਸਾਨਾ ਨੇ ਅੱਤ ਠੰਡੇ ,ਅੱਤ ਗਰਮ ਮੌਸਮ ਅਤੇ ਹਨੇਰੀ ਝੱਖੜਾ ਦਾ ਸਾਹਮਣਾ ਕਰਦੇ ਹੋਏ ਆਪਣੇ ਮੋਰਚਿਆਂ ਤੇ ਡਟੇ ਰਹੇ।ਸਾਰੀਆਂ ਵਿਰੋਧੀ ਪਾਰਟੀਆਂ ਨੇ ਮਾਨਸੂਨ ਸ਼ੈਸ਼ਨ ਵਿੱਚ ਕਿਸਾਨਾ ਦਾ ਸਮਰਥਨ ਕਰਕੇ ਕਿਸਾਨੀ ਅੰਦੋਲਨ ਨੂੰ ਸਿਖਰ ਤੇ ਪਹੁੰਚਾ ਦਿੱਤਾ।

ਮਾਰੂ ਖੇਤੀ ਕਾਨੂੰਨ ਦਾ ਮਾਰੂ ਅਸਰ ਭਾਰਤ ਦੀ ਅੱਸੀ ਕਰੋੜ ਗਰੀਬ ਅਤੇ ਮਾਧਿਅਮ ਵਰਗ ਤੇ ਪੈਣਾ ਨਿਸਚਿਤ ਹੈ। ਕਿਸਾਨ ਦੇ ਨਾਲ ਹੀ ਮਜਦੂਰ,ਛੋਟੇ ਵਪਾਰੀ, ਬੇਰੁਜਗਾਰ ਨੌਜਵਾਨ ਅਤੇ ਸਕੂਲਾਂ ਦੇ ਬੱਚੇ ਵੀ ਇਹਨਾਂ ਕਾਨੂੰਨਾਂ ਦੀ ਮਾਰ ਹੇਠ ਆਉਣਗੇ। ਭਾਰਤ ਸਰਕਾਰ ਵੱਲੋਂ ਮਾਨਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਤੇ1995 ਵਿੱਚ ਸਕੂਲੀ ਬੱਚਿਆਂ ਲਈ ਮੁਫਤ ਮਿਡ ਡੇ ਮੀਲ ਅਤੇ 2013 ਵਿੱਚ ਨੈਸ਼ਨਲ ਫੂਡ ਸੈਫਟੀ ਬਿਲ ਰਾਹੀਂ ਗਰੀਬਾਂ ਲਈ ਨਾਮਾਤਰ ਰੇਟਾਂ ਤੇ ਅਨਾਜ ਸਪਲਾਈ ਕਰਨਾ ਨਿਸਚਿਤ ਕਰਵਾਇਆ ਗਿਆ ਸੀ। ਹੁਣ ਇਹਨਾਂ ਮਾਰੂ ਕਾਨੂੰਨਾਂ ਰਾਹੀਂ ਸਾਰਾ ਅਨਾਜ ਵੱਡੇ ਵਪਾਰੀ ਖਰੀਦ ਕੇ ਆਪਣੇ ਗੋਦਾਮਾਂ ਵਿੱਚ ਜਮਾਂ ਕਰ ਲੈਣਗੇ ਅਤੇ ਸਰਕਾਰ ਕੋਲ ਬਹਾਨਾ ਬਣਾ ਜਾਵੇਗਾ ਕਿ ਸਰਕਾਰ ਪਾਸ ਕੋਈ ਆਨਾਜ ਨਹੀਂ ਇਸ ਲਈ ਉਹ ਇਹਨਾਂ ਸਕੀਮਾਂ ਨੂੰ ਚਾਲੂ ਨਹੀ ਰੱਖ ਸਕਦੀ । ਭਾਰਤ ਸਾਇਦ ਦੁਨੀਆਂ ਦਾ ਪਹਿਲਾਂ ਦੇਸ਼ ਹੈ ਜਿਸ ਨੇ ਗਰੀਬਾਂ ਲਈ ਉਕਤ ਯੋਜਨਾਵਾਂ ਚਾਲੂ ਰੱਖੀਆਂ ਹੋਈਆਂ ਹਨ।ਭਾਰਤ ਸਰਕਾਰ ਇਹਨਾਂ ਯੋਜਨਾਵਾਂ ਤੇ ਹਰ ਸਾਲ ਅਰਬਾਂ ਰੁਪਾਂ ਖਰਚ ਰਹੀ ਹੈ।ਵਿਕਸਤ ਦੇਸ਼ ਵੀ ਇਸ ਤਰ੍ਹਾਂ ਦੀਆਂ ਯੋਜਨਾਵਾਂ ਆਪਣੇ ਦੇਸ਼ਾ ਵਿੱਚ ਨਹੀਂ ਚਲਾ ਸਕੇ।ਇਹਨਾਂ ਯੋਜਨਾਵਾਂ ਦੇ ਬੰਦ ਹੋਣ ਨਾਲ ਜਿਥੇ ਗਰੀਬ ਭਾਰਤ ਵਾਸੀ ਹੋਰ ਭੁੱਖਮਰੀ ਵੱਲ ਧੱਕੇ ਜਾਣਗੇ ਅਤੇ ਭਾਰਤ ਦਾ ਦਰਜਾ ਹੰਗਰ ਇੰਡੈਸਕ ਵਿੱਚ ਹੋਰ ਨੀਵਾਂ ਹੋ ਜਾਵੇਗਾ, ਉਥੇ ਭਾਰਤ ਦੇ ਕਰੋੜਾਂ ਸਕੂਲੀ ਬੱਚੇ ਮਿਡ ਡੇ ਮੀਲ ਤੋਂ ਵਾਂਝੇ ਹੋ ਜਾਣਗੇ।ਭਾਰਤ ਸਰਕਾਰ ਦੇ ਸਿਖਿਆ ਮੰਤਰੀ ਜੀ ਦੇ ਬਿਆਨ ਅਨੁਸਾਰ ਅਜੇ ਵੀ 15 ਕਰੋੜ ਬੱਚੇ ਸਕੂਲਾਂ ਵਿਚ ਨਹੀਂ ਆ ਸਕੇ। ਮਿਡ ਡੇ ਮੀਲ ਬੰਦ ਹੋ ਜਾਣ ਕਾਰਨ ਸਿਖਿਆ ਦੀ ਕੀ ਸਥਿਤੀ ਹੋਵੇਗੀ ਇਸ ਦਾ ਇੰਦਾਜਾ ਇਕ ਆਮ ਆਦਮੀ ਵੀ ਲਗਾ ਸਕਦਾ ਹੈ। ਭਾਵੇ ਭਾਰਤ ਸਰਕਾਰ ਨੇ ਸਟੋਰੇਜ ਲਿਮਟ ਨੂੰ ਕੁਝ ਹੱਦ ਤੱਕ ਸੋਧਿਆ ਹੈ ਪਰ ਇਸ ਨਾਲ ਵੱਡਾ ਫਰਕ ਨਹੀਂ ਪੈਂਣਾ।ਗੋਦਾਮਾਂ ਵਿੱਚੋ ਵਪਾਰੀ ਆਪਣੇ ਮੁਨਾਫੇ ਨੂੰ ਮੁੱਖ ਰੱਖ ਕੇ ਆਨਾਜ ਕੱਢ ਕੇ ਆਪਣੇ ਮਾਲਾਂ ਵੇਚੇਗਾ। ਮਾਲਾਂ ਵਿਚੋ ਖਾਦ ਪਦਾਰਥ ਖਰੀਦ ਕੇ ਖਾਣ ਦੀ ਭਾਰਤ ਦੇ 80ਕਰੋੜ ਲੋਕਾਂ ਦੀ ਸਮਰਥਾ ਨਹੀਂ ਹੈ।ਲੋਕ ਤੰਤਰ ਦੇ ਥੰਮ ਆਰ ਟੀ ਆਈ ਨੂੰ ਸੋਧਿਆ ਜਾ ਰਿਹਾ ਹੈ। ਸਿਖਿਆ ਦੇ ਥੰਮ ਆਰ ਟੀ ਈ ਅਜੇ ਅਧੂਰਾ ਹੈ। ਭਾਰਤ ਦੇਸ਼ ਦੀ ਜਿੰਨੀ ਵੱਡੀ ਆਬਾਦੀ ਇਹਨਾਂ ਕਾਨੂੰਨਾਂ ਦੇ ਮਾਰੂ ਅਸਰ ਹੇਠ ਆਉਣ ਦੀ ਸੰਭਾਵਨਾ ਹੈ,ਉਨੀ ਵੱਡੀ ਆਬਾਦੀ ਨੂੰ ਕਾਨੂੰਨਾਂ ਦੇ ਖਿਲਾਫ ਖੜ ਕੇ ਸੰਘਰਸ਼ ਵਿੱਚ ਹਿੱਸਾ ਪਾਉਣਾ ਬਣਦਾ ਹੈ।

**ਹਰਬੰਸ ਸਿੰਘ ਸੰਧੂ**
**ਮਲਬਰਨ ਅਸਟ੍ਰੇਲੀਆ** 0452640039

# ਵਾਤਾਵਰਨ ਨੂੰ ਸਾਫ ਰੱਖਣ ਲਈ ਪਰਾਲੀ ਨਾ ਜਲਾਓ



ਕੁਝ ਦਿਨਾਂ ਬਾਅਦ ਹੀ ਝੋਨੇ ਦੀ ਕਟਾਈ ਸੁਰੂ ਹੋ ਜਾਏਗੀ । ਕਿੱਥੇ ਕਿੱਥੇ ਤਾਂ ਕਟਾਈ ਸੁਰੂ ਹੋ ਚੁੱਕੀ ਹੈ।ਕੋਈ ਸਮਾਂ ਸੀ ਜਦੋਂ ਕਿਸਾਨ ਦਾਤੀ ਨਾਲ ਹੀ ਫਸਲਾਂ ਦੀ ਕਟਾਈ ਕਰਦੇ ਸਨ।ਅੱਜ ਕੱਲ ਮਸੀਨਾਂ(ਕੰਬਾਈਨਾਂ) ਰਾਹੀਂ ਝੋਨੇ ਦੀ ਕਟਾਈ ਕੀਤੀ ਜਾਂਦੀ ਹੈ।ਹਰ ਸਾਲ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਆ ਜਾਂਦਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਪਰਾਲੀ ਸਾੜਨ ਤੋਂ ਇਲਾਵਾ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਹੈ।ਪਿਛਲੇ ਸਾਲ 2020 ਵਿਚ ਅਸੀਂ ਦੇਖਿਆ ਕਿ ਜਦੋਂ ਕਰੋਨਾ ਕਰਕੇ ਪੂਰੇ ਭਾਰਤ ਵਿਚ ਲਾਕਡਾਊਨ ਲੱਗਾ ਤਾਂ ਵਾਤਾਵਰਣ ਸਾਫ ਹੋ ਚੁੱਕਿਆ ਸੀ।ਕਸਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤਕ ਹਵਾ ਸਾਫ ਹੋ ਚੁੱਕੀ ਸੀ। ਗੰਗਾ, ਜਮਨਾ ਤੋਂ ਲੈ ਕੇ ਬਿਆਸ ਦਰਿਆ ਵਿੱਚ ਪੰਛੀਆਂ ਅਠਖੇਲੀਆਂ ਕਰਦੇ ਨਜਰ ਆਏ ।ਕੁਦਰਤ ਨਵੀਂ ਨਵੇਲੀ ਵਹੁਟੀ ਦੀ ਤਰ੍ਹਾਂ ਸੱਜ ਗਈ।ਇਨਸਾਨ ਕੈਦ ਸੀ ਤੇ ਜੀਵ-ਜੰਤੂ ਆਜਾਦ ਸਨ।ਆਪਣੇ ਨਿੱਜੀ ਸਵਾਰਥਾਂ ਖਾਤਰ ਮਨੁੱਖ ਕੁਦਰਤ ਨਾਲ ਲਗਾਤਾਰ ਖਿਲਵਾੜ ਕਰ ਰਿਹਾ ਹੈ।ਜਿਸ ਦਾ ਖਮਿਆਜਾ ਉਸ ਨੂੰ ਹਮੇਸਾ ਭੁਗਤਣਾ ਪੈਂਦਾ ਹੈ।ਜਦੋਂ ਤਾਲਾਬੰਦੀ ਹੋਈ ਤਾਂ ਸਹਿਰੀ ਖੇਤਰਾਂ ਤੋਂ ਬਰਫ ਨਾਲ ਲੱਦੇ ਹੋਏ ਪਹਾੜ ਦੇਖੇ ਗਏ।ਸਾਰਾ ਵਾਤਾਵਰਣ ਮਹਿਕ ਚੁੱਕਿਆ ਸੀ।ਇਨਸਾਨ ਫਿਰ ਵੀ ਨਹੀਂ ਸੁਧਰਿਆ।ਕੁਦਰਤ ਲਗਾਤਾਰ ਇਨਸਾਨ ਨੂੰ ਇਸਾਰੇ ਕਰ ਰਹੀ ਹੈ। ਫੈਕਟਰੀਆਂ ਦੀ ਰਹਿੰਦ-ਖੂਹਿੰਦ ਨੂੰ ਦਰਿਆਵਾਂ ਵਿੱਚ ਸੁੱਟਿਆ ਜਾ ਰਿਹਾ ਹੈ।ਦਰਿਆ ਪ੍ਰਦੂਸਣ ਦੀ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ।ਫੈਕਟਰੀਆਂ ਦੀਆਂ ਚਿਮਨੀਆਂ ਵਿੱਚੋਂ ਨਿਕਲਣ ਵਾਲਾ ਜਹਿਰੀਲਾ ਧੂੰਆਂ ਵੀ ਪ੍ਰਦੂਸਣ ਦਾ ਮੁੱਖ ਕਾਰਨ ਹੈ।ਧੂੰਏਂ ਕਾਰਨ ਵਾਤਾਵਰਨ ਵਿੱਚ ਆਕਸੀਜਨ ਦੀ ਕਮੀ ਹੋ ਜਾਂਦੀ ਹੈ। ਕਰੋਨਾ ਅਜੇ ਖਤਮ ਨਹੀਂ ਹੋਇਆ ਹੈ। ਜਦੋਂ ਖੇਤਾਂ ਵਿੱਚ ਨਾੜ ਨੂੰ ਅੱਗ ਲਗਾਈ ਜਾਂਦੀ ਹੈ, ਤਾਂ ਇਹ ਧੂੰਆਂ ਫੇਫੜਿਆਂ ਲਈ ਨੁਕਸਾਨ ਦਾਇਕ ਹੁੰਦਾ ਹੈ, ਜਿਸ ਕਾਰਨ ਲੋਕ ਫੇਫੜਿਆਂ ਤੇ ਦਿਲ ਦੇ ਮਰੀਜ ਬਣ ਜਾਂਦੇ ਹਨ। ਜਦੋਂ ਖੇਤਾਂ ਵਿੱਚ ਪਰਾਲੀ ਦੇ ਨਾੜ ਨੂੰ ਫੂਕਿਆ ਜਾਂਦਾ ਹੈ ਤਾਂ ਕਈ ਲੋਕ ਸੜਕ ਦੁਰਘਟਨਾਵਾਂ ਦੇ ਸਕਿਾਰ ਹੋ ਜਾਂਦੇ ਹਨ।ਸੜਕਾਂ ਤੇ ਧੂੰਆਂ ਹੀ ਧੂੰਆਂ ਪਸਰ ਜਾਂਦਾ ਹੈ।ਜਮੀਨ ਦੀ ਉਪਜਾਊ ਸਕਤੀ ਵੀ ਘਟ ਜਾਂਦੀ ਹੈ।ਦੋ ਸਾਲ ਪਹਿਲਾਂ ਪੰਜਾਬ ਅਤੇ ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ 2500 ਰੁਪਏ ਪ੍ਰਤੀ ਏਕੜ ਮੁਆਵਜਾ ਦੇਣ ਦਾ ਐਲਾਨ ਕੀਤਾ ਸੀ। ਪਰ ਅਜੇ ਤੱਕ ਇਹ ਮੁਆਵਜਾ ਕਿਸਾਨਾਂ ਤੱਕ ਨਹੀਂ ਪਹੁੰਚਿਆ ਹੈ।ਕੇਂਦਰ ਅਤੇ ਸੂਬਾ ਸਰਕਾਰ ਦੋਵੇਂ ਹੀ ਪਰਾਲੀ ਦਾ ਹੱਲ ਲੱਭਣ ਵਿਚ ਨਾਕਾਮ ਸਿੱਧ ਹੋਈਆਂ ਹਨ। ਛੋਟੇ ਕਿਸਾਨ ਪਰਾਲੀ ਨੂੰ ਨਸਟ ਕਰਨ ਵਾਲੀਆਂ ਮਸੀਨਾਂ ਨਹੀਂ ਖਰੀਦ ਸਕਦੇ।ਚੰਗਾ ਹੋਵੇ ਜੇ ਸਰਕਾਰਾਂ ਰਾਹੀਂ ਕਿਸਾਨਾਂ ਨੂੰ ਬਣਦਾ ਮੁਆਵਜਾ ਦਿੱਤਾ ਜਾਵੇ, ਤਾਂ ਜੋ ਉਹ ਪਰਾਲੀ ਨੂੰ ਅੱਗ ਨਾ ਲਾਉਣ। ਜੁਰਮਾਨਾ ਤੇ ਸਜਾ ਕੋਈ ਮਸਲੇ ਦਾ ਹੱਲ ਨਹੀਂ ਹੈ।

**ਸੰਜੀਵ ਸਿੰਘ ਸੈਣੀ, ਮੋਹਾਲੀ।**

# ਮਨੁੱਖਾ ਜਨਮ ਅਤੇ ਸੁਭਾਅ

"ਗੁੜੁ ਸਾ ਮਖੀ ਖਾਇਆ" (ਅੰਗ# ੫੯੨) -ਗੁੜ ਦੀ ਭੇਲੀ ਦੀ ਸ਼ਕਲ ਤੇ ਗੋਬਰ ਦੇ ਉਪਲੇ ਦੀ ਸ਼ਕਲ ਇਕੋ ਹੁੰਦੀ ਹੈ।ਫ਼ਿਰ ਜਿਤਨੇ ਚਾਹੋ ਗੋਬਰ ਦੇ ਉਪਲੇ ਰਖ ਦੇਵੋ, ਮੱਖੀ ਉਹਨਾਂ ਨੇੜੇ ਨਹੀਂ ਆਵੇਗੀ ਪਰ ਗੁੜ ਦੀ ਭੇਲੀ 'ਤੇ ਇੱਕ ਦਮ ਪੁੱਜ ਜਾਵੇਗੀ।

ਇਸੇ ਤਰ੍ਹਾਂ "ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ" (ਅੰਗ# ੧੩੬੯) ਇੱਕ ਪਾਸੇ ਚੰਦਨ ਹੋਵੇ ਤੇ ਦੂਜੇ ਪਾਸੇ ਵਿਸ਼ਟਾ, ਇਹਨਾ ਦੋਨਾਂ 'ਚੋਂ ਮਖੀ ਜਾ ਕੇ ਬੈਠੇਗੀ ਤਾਂ ਵਿਸ਼ਟਾ 'ਤੇ, ਚੰਦਨ 'ਤੇ ਨਹੀਂ ਜਾਵੇਗੀ।

"ਜੈਸੇ ਮਧੁਪ ਮਖੀਰਾ (ਅੰਗ# ੪੯੭) ਸ਼ਹਿਦ ਦੀ ਮੱਖੀ ਨੂੰ ਵੀ ਸਮਝ ਹੈ, ਕਿਹੜੇ ਫੁਲ ਕਾਗਤ ਦੇ ਹਨ ਤੇ ਕਿਹੜੇ ਅਸਲੀ ਹਨ। ਭੰਵਰੇ ਨੂੰ ਲਵੋ! ਕਮਲ ਦੇ ਫੁਲ 'ਚ ਜ਼ਿੰਦਗੀ ਤਾਂ ਗੁਆ ਲਵੇਗਾ ਪਰ ਕਮਲ ਦੇ ਨਕਲੀ ਫੁਲ 'ਤੇ ਜਾ ਕੇ ਬੈਠਣ ਦਾ ਧੋਖਾ ਨਹੀਂ ਖਾਵੇਗਾ।ਚਾਤ੍ਰਿਕ ਨੇ ਸੁਆਂਤੀ ਬੂੰਦ ਹੀ ਲੈਣੀ ਹੁੰਦੀ ਹੈ। ਪਿਆਸੇ ਰਹਿ ਕੇ ਬੇਸ਼ਕ ਉਸਦੀ ਮੌਤ ਹੋ ਜਾਵੇ ਪਰ ਸਾਹਮਣੇ ਵਗਦੀ ਨਦੀ 'ਚੋਂ ਵੀ ਪਾਣੀ ਨਹੀਂ ਪੀਵੇਗਾ। ਗਧੇ ਨੂੰ ਚੰਦਨ ਦੇ ਲੇਪ ਕਰ ਦੇਵੋ, ਜਾ ਕੇ ਲੋਟ-ਪੋਟ ਹੋਵੇਗਾ ਤਾਂ ਮਿੱਟੀ 'ਚ ਹੀ। ਭਾਵ ਹਰੇਕ ਜੂਨੀ, ਆਪਣੀ ਤੱਤ ਵਸਤੂ (ਸੁਭਾਅ) ਦੀ ਪਰਖ ਰਖਦੀ ਹੈ, ਸਿਵਾਏ ਮਨੁੱਖ ਦੇ। ਇਸੇ ਤਰ੍ਹਾਂ ਮਨੁੱਖ ਨੂੰ ਵੀ ਟਿਕਾਅ ਮਿਲਨਾ ਹੁੰਦਾ ਹੈ "ਸਤਸੰਗਤਿ ਮਿਲਿ ਰਹੀਐ ਮਾਧਉ ।।" (ਅੰਗ# ੪੯੭) ਹੋਰ ਕਿਧਰੋਂ ਨਹੀਂ, ਫ਼ਿਰ ਵੀ ਇਸ ਨੂੰ ਆਪਣੀ ਤੱਤ ਵਸਤੂ ਦੀ ਪਹਿਚਾਣ ਨਹੀਂ ਆਉਂਦੀ, ਮਨੁੱਖ ਆਪਣਾ ਅਮੁਲਾ ਜਨਮ ਵਿਕਾਰਾਂ ਸੰਘ ਵਿਅਰਥ ਕਰਦਿਆ ਮੁੜ ਮੁੜ ਜੂਨਾਂ 'ਚ ਪੈਂਦਾ ਹੈ।

"ਸਤਿਗੁਰ ਕੈ ਜਨਮੇ"-ਕਿਸੇ ਜੂਨੀ 'ਚ ਕਿਸੇ ਵੀ ਜੀਵ ਨੇ ਆਪਣੀ ਮਰਜ਼ੀ ਨਾਲ ਜਨਮ ਨਹੀਂ ਲਿਆ ਹੁੰਦਾ। 'ਹੰਸ' ਹੋਵੇ ਜਾਂ 'ਬਗੁਲਾ', ਮਨੁੱਖਾ ਜਨਮ ਦੇ ਸੰਸਕਾਰਾਂ-ਕਰਮਾਂ ਅਨੁਸਾਰ ਸਾਰਿਆਂ ਦੇ ਜੂਨੀਆਂ ਤੇ ਸੁਭਾਅ ਵੀ ਉਹਨਾਂ ਦੇ ਗੁਣਾਂ ਵਲੋਂ ਹੀ ਨਿਸ਼ਚਤ ਹੁੰਦੇ ਹਨ। ਗੰਦਗੀ ਦੇ ਕੀੜੇ ਨੂੰ ਗੰਦਗੀ 'ਚ ਹੀ ਜ਼ਿੰਦਗੀ ਬਿਤਾਉਣੀ ਪਵੇਗੀ ਤੇ ਖੁੱਲੇ 'ਚ ਰਹਿਣ ਵਾਲਾ ਗੰਦਗੀ 'ਚ ਜਾਵੇਗਾ ਹੀ ਨਹੀਂ। ਇਸੇ ਤਰ੍ਹਾਂ ਮਨੁੱਖਾ ਜੂਨੀ ਦੀ ਤੱਤ ਵਸਤੂ (ਸੁਭਾਅ) ਵੀ ਨਿਸ਼ਚਤ ਹੈ ਤੇ ਇਹ ਹੈ "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ" (ਅੰਗ# ੧੨) ਭਾਵ ਪ੍ਰਭੂਗੁਣਾ ਦੇ ਮਿਲਾਪ ਲਈ ਅਵਸਰ।

ਜਿਵੇਂ ਬਾਕੀ ਜੂਨੀਆਂ 'ਚ ਜੀਵ ਨੂੰ ਜਦੋਂ ਤੀਕ ਸੁਭਾਅ ਤੇ ਜੂਨੀ ਮੁਤਾਬਕ ਤੱਤ ਵਸਤੂ ਦੀ ਪ੍ਰਾਪਤੀ ਨਹੀਂ ਹੁੰਦੀ, ਉਸਦੀ ਤ੍ਰਿਪਤੀ ਨਹੀਂ ਹੁੰਦੀ। ਉਸੇ ਤਰ੍ਹਾਂ ਮਨੁੱਖ ਨੂੰ ਵੀ ਜਦੋਂ ਤੀਕ ਆਪਣੀ ਤੱਤ ਵਸਤੂ, ਪ੍ਰਭੂ ਨਾਲ ਸਾਂਝ ਨਹੀਂ ਬਣ ਆਉਂਦੀ, ਇਸਦਾ ਜੀਵਨ ਵੀ ਭਟਕਿਆ ਤੇ ਉਖਾੜ 'ਚ ਹੀ ਰਹਿੰਦਾ ਹੈ। ਇਸ ਨੂੰ ਨਾ ਟਿਕਾਅ ਮਿਲਦਾ ਹੈ ਤੇ ਨਾ ਸ਼ਾਂਤੀ।



"ਮਨਿ ਸਾਂਤਿ ਆਈ ਵਜੀ ਵਧਾਈ" -ਫ਼ਰਕ ਹੁੰਦਾ ਹੈ, ਮਨੁੱਖਾ ਜਨਮ ਸਮੇਂ ਕੀਤੇ ਕਰਮਾਂ ਅਨੁਸਾਰ, ਕੇਵਲ ਕਰਮਾਂ-ਸੰਸਕਾਰਾਂ ਨੂੰ ਭੋਗਣ ਲਈ ਮਿਲਦੀਆਂ ਹਨ ਤੇ ਉਥੇ ਸੁਭਾਅ ਵੀ ਬਣਿਆ ਬਨਾਇਆ ਮਿਲਦਾ ਹੈ। ਜਦਕਿ ਮਨੁੱਖਾ ਜੂਨ ਸੰਸਕਾਰਾਂ-ਕਰਮਾਂ ਨੂੰ ਮੁਕਾਉਣ ਲਈ ਮਿਲਦੀ ਹੈ। ਇਸ ਮਕਸਦ ਦੀ ਪ੍ਰਾਪਤੀ ਲਈ ਮਨੁੱਖ ਨੂੰ ਮਿਲਦਾ ਹੈ 'ਮਨ' ਜੋ ਦੂਜੀਆਂ ਜੂਨਾਂ 'ਚ ਨਹੀਂ ਮਿਲਦਾ। ਖੂਬੀ ਇਹ, ਇੱਕ ਪਾਸੇ ਤਾਂ ਹਰੇਕ ਜੂਨੀ ਪ੍ਰਭੂ ਵਲੋਂ ਨਿਯਤ ਸੀਮਾ 'ਚ ਹੋਣ ਕਾਰਨ, ਆਪਣੀ ਤੱਤ ਵਸਤੂ-ਸੁਭਾਅ ਦੀ ਪਹਿਚਾਣ ਰਖਦੀ ਹੈ। ਜਦਕਿ ਮਨੁੱਖ ਦਾ ਹੀ ਦੁਖਾਂਤ ਹੈ ਕਿ ਮਨੁੱਖ, "ਗੁਰ ਪਰਸਾਦੀ ਏਕੋ ਜਾਣਹਿ, ਤਾਂ ਦੂਜਾ ਭਾਉ ਨ ਹੋਈ ॥ ਮਨਿ ਸਾਂਤਿ ਆਈ ਵਜੀ ਵਧਾਈ, ਤਾ ਹੋਆ ਪਰਵਾਣੁ ॥ ਇਉ ਕਹੈ ਨਾਨਕੁ, ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ" ਭਾਵ 'ਮਨ', ਜਿਹੜਾ ਕਿ ਮਨੁੱਖ ਨੂੰ ਮਿਲਿਆ ਹੀ 'ਆਪਣੀ ਆਪਣੀ ਤੱਤ ਵਸਤੂ ਦੀ ਪਹਿਚਾਣ ਲਈ ਸੀ। ਉਸੇ ਮਨ ਦੀ ਕੁਵਰਤੋਂ ਕਾਰਨ, ਮਨੁੱਖ ਆਪਣੀ ਤੱਤ ਵਸਤੂ ਪ੍ਰਭੂ ਨੂੰ ਸਾਰੀ ਉਮਰ ਨਹੀਂ ਪਹਿਚਾਣ ਸਕਦਾ। ਇਸੇ ਤੋਂ ਇਹ ਮਨੁੱਖਾ ਜਨਮ 'ਚ ਹੁੰਦਾ ਹੋਇਆ ਵੀ ਜੀਵਨ ਭਰ, ਦੂਜੀਆਂ ਜੂਨੀਆਂ 'ਚ ਹੀ ਭਟਕਦਾ ਰਹਿੰਦਾ ਹੈ।

'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ" (ਅੰਗ#੯੪੦) ਭਾਵ ਗੁਰੂ-ਗੁਰਬਾਣੀ ਨੂੰ "ਮਨੁ ਬੇਚੈ ਸਤਿਗੁਰ ਕੈ ਪਾਸਿ" (ਅੰਗ# ੨੯੬) ਵਾਲੀ ਗੱਲ ਨਹੀਂ ਬਣ ਜਾਂਦੀ। ਇਸੇ ਤੋਂ "ਤਿਸੁ ਸੇਵਕ ਕੇ ਕਾਰਜ ਰਾਸਿ" (ਅੰਗ# ੨੯੬) ਇਸ ਦੀ ਪ੍ਰਭੂ ਭਾਵ ਆਪਣੀ ਤੱਤ ਵਸਤੂ ਤੀਕ ਪਹੁੰਚ ਬਣ ਜਾਂਦੀ ਹੈ।

"ਕਰਤੂਤਿ ਪਸੂ ਕੀ ਮਾਨਸ ਜਾਤਿ" - (ਅੰਗ#੨੬੭) ਦੇਖਣਾ ਹੈ ਕਿ ਗੁਰਬਾਣੀ ਖਜ਼ਾਨੇ 'ਚ ਦੂਜੀਆਂ ਜੂਨੀਆਂ ਨਾਲ ਸੰਬੰਧਤ ਲਗਭਗ ਸਾਰੇ ਸ਼ਬਦਾਂ 'ਚ ਇਕੋ ਹੀ ਵਿਸ਼ਾ ਮੁੱਖ ਹੈ। ਵਿਸ਼ਾ ਹੈ ਕਿ "ਐ ਭਾਈ! ਪ੍ਰਭੂ ਨੇ ਤੈਨੂੰ ਮਨੁੱਖਾ ਜਨਮ ਬਖਸ਼ਿਆ ਹੈ; ਜੋ ਤੇਰੇ ਲਈ ਖਾਸ ਅਵਸਰ ਹੈ, ਕਿ ਤੂੰ ਆਪਣੇ ਅਸਲੇ, ਪ੍ਰਭੂ ਨਾਲ ਇਕ-ਮਿਕ ਹੋ ਕੇ ਉਸੇ 'ਚ ਸਮਾ ਸਕੇਂ। ਇਸ ਤੋਂ ਪਹਿਲਾਂ ਤੇਰੇ ਸੁਭਾਅ ਤੇ ਜੀਵਨ ਦੀ ਘਾੜਤ ਚਾਹੇ ਕੁੱਝ ਵੀ ਰਹੀ ਹੋਵੇ, ਜੇਕਰ ਇਸ ਜੂਨੀ ਦਾ ਲਾਭ ਲੈ ਕੇ, ਸਾਧਸੰਗਤ 'ਚ ਆ ਕੇ ਗੁਰਸ਼ਬਦ ਦੀ ਕਮਾਈ ਕਰੇਂਗਾ ਤਾਂ ਤੂੰ ਆਪਣੇ ਜੀਵਨ ਤੱਤ ਪ੍ਰਭੂ ਨੂੰ ਸਹਿਜੇ ਹੀ ਪਾ ਲਵੇਂਗਾ। ਗੁਣ ਰੂਪੀ ਪ੍ਰਭੂ ਤੇਰੇ ਹਿਰਦੇ 'ਚ ਵਸਦਾ ਹੈ, ਬਾਹਰੋਂ ਢੂੰਡਣ ਦੀ ਲੋੜ ਨਹੀਂ। ਇਸ ਮਕਸਦ ਦੀ ਪ੍ਰਾਪਤੀ ਲਈ ਕੇਵਲ ਮਨੁੱਖਾ ਜਨਮ ਹੀ ਹੈ ਹੋਰ ਕੋਈ ਵੀ ਜੂਨੀ ਨਹੀਂ। ਇਸ ਦੀ ਸੰਭਾਲ ਕਰ ਤਾ ਕਿ ਤੈਨੂੰ ਮੁੜ ਨਿਤ ਦੇ ਜਨਮ ਮਰਣ ਦੇ ਗੇੜ 'ਚ ਨਾ ਪੈਣਾ ਪਵੇ। ਜਦ ਤੀਕ ਤੂੰ ਮਨੁੱਖਾ ਜੀਵਨ ਦੀ ਸਚਾਈ ਨੂੰ ਗ੍ਰਿਹਣ ਨਹੀਂ ਕਰ ਲੈਂਦਾ ਤਦ ਤੀਕ ਤੇਰੇ ਕੋਲ ਜਨਮ ਭਾਵੇਂ ਮਨੁੱਖ ਦਾ ਹੀ ਕਿਉਂ ਨਾ ਹੋਵੇ ਪਰ ਤੇਰੇ ਜੀਵਨ 'ਚ ਦੂਜੀਆਂ ਜੂਨੀਆਂ ਦੇ ਪ੍ਰਭਾਵ-ਸੁਭਾਵ ਹੀ ਭਾਰੂ ਰਹਿਣਗੇ। ਸਾਧਸੰਗਤ ਤੇ ਗੁਰੂ-ਗੁਰਬਾਣੀ ਦੀ ਸਿੱਖਿਆ ਦੀ ਕਮਾਈ ਬਿਨਾ ਦੂਜੀਆਂ ਜੂਨੀਆਂ ਵਾਲੇ ਸੁਭਾਵਾਂ ਤੇ ਜਨਮ-ਮਰਣ ਦੇ ਗੇੜ 'ਚੋਂ ਨਿਕਲਣ ਲਈ ਦੂਜਾ ਕੋਈ ਰਸਤਾ ਨਹੀਂ।

**ਪ੍ਰਿਤਪਾਲ ਸਿੰਘ**
+971504977026

# ਹਵਾਲਾ ਕੀ ਹੈ ?

## ਇਹ ਧੰਦਾ ਸ਼ੁਰੂ ਕਿੱਥੋਂ ਹੋਇਆ ਤੇ ਕਿੰਨਾ ਵੱਡਾ ਹੈ ਇਸ ਦਾ ਕਾਰੋਬਾਰ





Demo Pic

**ਪੂਰਬੀ ਅਫ਼ਰੀਕਾ, ਖ਼ਾਸ ਤੌਰ 'ਤੇ ਸੋਮਾਲੀਆ 'ਚ ਹਥਿਆਰਾਂ ਦੇ ਤਸਕਰ ਹਵਾਲੇ ਦਾ ਇਸਤੇਮਾਲ ਕਰਕੇ ਲੱਖਾਂ ਡਾਲਰ ਇਧਰ-ਉਧਰ ਕਰਦੇ ਹਨ। ਵਰਲਡ ਬੈਂਕ ਮੁਤਾਬਕ ਵਿਕਾਸਸ਼ੀਲ ਦੇਸ਼ਾਂ ਵਿੱਚ ਰੇਮਿਟੇਂਸ (ਤੋਹਫ਼ੇ ਵਜੋਂ ਪੈਸਾ ਦੇਣਾ) ਰਾਹੀਂ ਆਪਣੇ ਪਰਿਵਾਰਾਂ ਦੀ ਮਦਦ ਲਈ ਪੈਸੇ ਭੇਜਣ ਵਾਲੇ ਪਰਵਾਸੀ ਕਾਮਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਕੋਵਿਡ-19 ਮਹਾਂਮਾਰੀ ਦੇ ਪ੍ਰਭਾਵ ਦੇ ਬਾਵਜੂਦ ਅਧਿਕਾਰਿਤ ਅੰਕੜਿਆਂ ਮੁਤਾਬਕ ਹੇਠਲੀ ਅਤੇ ਮੱਧ ਆਮਦਨੀ ਵਾਲੇ ਦੇਸ਼ਾਂ ਵਿੱਚ ਭੇਜੀ ਜਾਣ ਵਾਲੀ ਰੇਮਿਟੇਂਸ 2020 ਵਿੱਚ ਲਗਭਗ 400 ਅਰਬ ਖ਼ਰਬ ਰੁਪਏ ਸੀ।**

ਨਿਊਯਾਰਕ :ਕਿਸੇ ਦੇਸ਼ ਦੀ ਕਰੰਸੀ ਨੂੰ ਦੁਨੀਆਂ ਦੇ ਇੱਕ ਹਿੱਸੇ ਤੋਂ ਦੂਜੀ ਥਾਂ ਟਰਾਂਸਫ਼ਰ ਕਰਨਾ ਅਤੇ ਉਹ ਵੀ ਬਿਨਾਂ ਉਸ ਨੂੰ ਹਿਲਾਇਆਂ। ਇਸ ਦੇ ਲਈ ਨਾ ਤਾਂ ਬੈਂਕਾਂ ਦੀ ਲੋੜ ਹੈ ਨਾ ਹੀ ਕਰੰਸੀ ਐਕਸਚੇਂਜ ਦੀ, ਨਾ ਤਾਂ ਕੋਈ ਫਾਰਮ ਭਰਨਾ ਹੈ ਅਤੇ ਨਾ ਹੀ ਕੋਈ ਫੀਸ ਦੇਣੀ ਹੈ।

ਬਸ ਇੱਕ ਕਰੰਸੀ ਭੇਜਣ ਵਾਲਾ ਹੋਵੇਗਾ ਅਤੇ ਦੂਜਾ ਜਿਸ ਕੋਲ ਇਹ ਕਰੰਸੀ ਆਵੇਗੀ ਅਤੇ ਇਨ੍ਹਾਂ ਦੋਵਾਂ ਦਰਮਿਆਨ ਘੱਟੋ-ਘੱਟ ਦੋ ਵਿਚੋਲੀਏ।

ਇਹ ਹਵਾਲਾ ਕਾਰੋਬਾਰ ਹੈ, ਜੋ ਰਵਾਇਤੀ ਬੈਂਕਿੰਗ ਸਿਸਟਮ ਆਉਣ ਤੋਂ ਪਹਿਲਾਂ ਵੀ ਸੀ ਅਤੇ ਆਪਣੇ ਸੌਖੇ ਇਸਤੇਮਾਲ ਕਰਨ ਅਤੇ ਇਸ 'ਚ ਸ਼ਾਮਲ ਲੋਕਾਂ ਨੂੰ ਮਿਲਣ ਵਾਲੇ ਕਈ ਫ਼ਾਇਦਿਆਂ ਕਾਰਨ ਸਦੀਆਂ ਤੋਂ ਚੱਲਦਾ ਆ ਰਿਹਾ ਹੈ।

ਇਸ ਰਾਹੀਂ ਦੁਨੀਆਂ ਭਰ ਵਿੱਚ ਲੱਖਾਂ ਡਾਲਰ ਜਾਂ ਰੁਪਏ ਇੱਧਰ ਤੋਂ ਉੱਧਰ ਕੀਤੇ ਜਾ ਸਕਦੇ ਹਨ, ਇਹ ਜਾਣੇ ਬਿਨਾਂ ਕਿ ਰਾਸ਼ੀ ਕਿੰਨੀ ਹੈ ਅਤੇ ਇਸ ਨੂੰ ਕੰਟਰੋਲ ਕੌਣ ਕਰ ਰਿਹਾ ਹੈ।

ਰੁਪਏ ਨੂੰ ਦੁਨੀਆਂ ਦੀ ਇੱਕ ਥਾਂ ਤੋਂ ਦੂਜੀ ਥਾਂ 'ਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਟਰਾਂਸਫ਼ਰ ਕਰਨ ਦਾ ਨਾਮ ਹੀ ਹਵਾਲਾ ਹੈ ਅਤੇ ਇਸ ਵਿੱਚ ਸਭ ਤੋਂ ਅਹਿਮ ਭੂਮਿਕਾ ਏਜੰਟ ਜਾਂ ਵਿਚੋਲੀਏ ਦੀ ਹੁੰਦੀ ਹੈ। ਕਿਉਂਕਿ ਇਹ ਵਿਚੋਲੀਏ ਸ਼ਾਇਦ ਹੀ ਕਦੇ ਕਿਸੇ ਲੈਣ-ਦੇਣ ਦਾ ਰਿਕਾਰਡ ਛੱਡਦੇ ਹਨ।

ਇਹ ਵਿਚੋਲੀਏ ਉਹ ਹਨ ਜੋ ਹਵਾਲੇ ਰਾਹੀਂ ਰੁਪਈਆ ਕਿੱਥੋਂ ਨਿਕਲ ਕੇ ਕਿੱਥੇ ਪਹੁੰਚ ਰਿਹਾ ਹੈ, ਇਸ ਨੂੰ ਪਤਾ ਲਗਾਉਣ ਵਿੱਚ ਸਭ ਤੋਂ ਵੱਡੀ ਰੁਕਾਵਟ ਹੁੰਦੇ ਹਨ ਅਤੇ ਖ਼ੁਦ ਨੂੰ ਸੰਭਾਵਿਤ ਮਨੀ ਲੌਂਡਰਿੰਗ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਅੱਤਵਾਦੀ ਸੰਗਠਨਾਂ ਨੂੰ ਕਿਰਾਏ ਉੱਤੇ ਦੇ ਸਕਦੇ ਹਨ।

ਮੈਡ੍ਰਿਡ ਦੇ ਪੌਂਟਿਫਿਸਿਆ ਕੋਮਿਲਾ ਯੂਨੀਵਰਸਿਟੀ ਵਿੱਚ ਇੰਟਰਨੈਸ਼ਨਲ ਸਟੱਡੀਜ਼ ਦੇ ਪ੍ਰੋਫ਼ੈਸਰ ਅਲਬਰਟੋ ਪ੍ਰੀਗੋ ਮੋਰੇਨੋ ਨੇ ਦੱਸਿਆ, "ਹਾਲਾਂਕਿ ਹਵਾਲਾ ਖ਼ੁਦ ਇਨ੍ਹਾਂ ਗਤੀਵਿਧੀਆਂ ਨਾਲ ਨਹੀਂ ਜੁੜਿਆ ਹੈ, ਇਹ ਗਲਤ ਮਕਸਦਾਂ ਦੀ ਪ੍ਰਾਪਤੀ ਲਈ ਵਰਤਿਆ ਜਾਣ ਵਾਲਾ ਇੱਕ ਸਾਧਨ ਹੋ ਸਕਦਾ ਹੈ।"

ਅਸਲ ਵਿੱਚ ਹਵਾਲਾ ਦਾ ਕਾਰੋਬਾਰ ਫ਼ਾਰਸ ਦੀ ਖਾੜ੍ਹੀ, ਪੂਰਬੀ ਅਫ਼ਰੀਕਾ, ਦੱਖਣੀ ਅਫ਼ਰੀਕਾ ਅਤੇ ਦੱਖਣੀ-ਪੂਰਬੀ ਏਸ਼ੀਆ ਵਿੱਚ ਫ਼ੈਲਿਆ ਹੋਇਆ ਹੈ।

**ਹਵਾਲਾ ਨੂੰ ਇੰਝ ਸਮਝੋ**

ਇਸ ਨੂੰ ਇੱਕ ਰਵਾਇਤੀ ਅਤੇ ਅਣ-ਅਧਿਕਾਰਤ ਤਰੀਕੇ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ, ਜੋ ਕਿਸੇ ਵੀ ਹੋਰ ਬੈਂਕਿੰਗ ਸਿਸਟਮ ਦੇ ਸਮਾਂਤਰ ਚੱਲਦਾ ਹੈ ਅਤੇ ਆਪਣੇ ਵਿਚੋਲੀਆਂ ਦੀ ਅਹਿਮੀਅਤ ਅਤੇ ਭਰੋਸੇ 'ਤੇ ਅਧਾਰਿਤ ਹੈ।

ਉਦਾਹਰਣ ਦੇ ਲਈ, ਨਿਊ ਯਾਰਕ ਤੋਂ ਕੋਈ ਵਿਅਕਤੀ ਬਿਨਾਂ ਕੋਈ ਬੈਂਕ ਖਾਤਾ ਖੋਲ੍ਹਿਆਂ ਹੀ ਇਸਲਾਮਾਬਾਦ ਵਿੱਚ ਪੈਸੇ ਭੇਜ ਸਕਦਾ ਹੈ।

ਇਸ ਦੇ ਲਈ ਉਸ ਨੂੰ ਸਥਾਨਕ ਵਿਚੋਲੀਏ ਨਾਲ ਸੰਪਰਕ ਕਰਕੇ ਉਸ ਨੂੰ ਡਾਲਰ 'ਚ ਰਾਸ਼ੀ ਅਤੇ ਉਹ ਪਾਸਵਰਡ ਦੇਣਾ ਹੁੰਦਾ ਹੈ ਜਿਸ 'ਤੇ ਪੈਸੇ ਭੇਜਣ ਵਾਲਾ ਅਤੇ ਉਸ ਨੂੰ ਪ੍ਰਾਪਤ ਕਰਨ ਵਾਲਾ ਦੋਵੇਂ ਸਹਿਮਤ ਹੁੰਦੇ ਹਨ। ਯਾਨੀ ਇਹ ਪਾਸਵਰਡ ਹੁਣ ਉਨ੍ਹਾਂ ਦੋਵਾਂ ਤੋਂ ਇਲਾਵਾ ਵਿਚੋਲੀਏ ਨੂੰ ਵੀ ਪਤਾ ਹੁੰਦਾ ਹੈ।

ਹੁਣ ਸਥਾਨਕ ਵਿਚੋਲੀਆ ਪਾਕਿਸਤਾਨ ਦੀ ਰਾਜਧਾਨੀ 'ਚ ਉੱਥੋਂ ਦੇ ਵਿਚੋਲੀਏ ਨਾਲ ਸੰਪਰਕ ਕਰਦਾ ਹੈ ਅਤੇ ਉਸ ਨੂੰ ਰਾਸ਼ੀ ਅਤੇ ਪਾਸਵਰਡ ਦੱਸਦਾ ਹੈ।

ਇਹ ਦੂਜਾ ਵਿਚੋਲੀਆ ਉਨੀਂ ਹੀ ਰਾਸ਼ੀ ਦਾ ਪਾਕਿਸਤਾਨੀ ਰੁਪਈਆ ਉਸ ਵਿਅਕਤੀ ਨੂੰ ਦਿੰਦੇ ਹੈ ਜਿਸ ਨੂੰ ਪੈਸੇ ਪਹੁੰਚਾਏ ਜਾਣੇ ਸੀ।

ਉਹ ਇਹ ਪੱਕਾ ਕਰਦਾ ਹੈ ਕਿ ਪੈਸਾ ਸਹੀ ਵਿਅਕਤੀ ਤੱਕ ਪਹੁੰਚੇ, ਉਹ ਉਸ ਨੂੰ ਪਾਸਵਰਡ ਪੁੱਛਦਾ ਹੈ।

ਇਹ ਸਾਰੀ ਪ੍ਰੀਕਿਰਿਆ ਮਹਿਜ਼ ਕੁਝ ਘੰਟਿਆਂ ਵਿੱਚ ਪੂਰੀ ਹੋ ਜਾਂਦੀ ਹੈ ਅਤੇ ਵਿਚੋਲੀਆ ਇੱਕ ਛੋਟੀ ਰਾਸ਼ੀ ਬਤੌਰ ਕਮਿਸ਼ਨ ਆਪਣੇ ਕੋਲ ਰੱਖਦਾ ਹੈ।

**ਹਵਾਲਾ ਆਇਆ ਕਿੱਥੋਂ ?**

ਹਵਾਲਾ ਦੀ ਸ਼ੁਰੂਆਤ ਕਦੋਂ ਹੋਈ, ਇਹ ਸਪੱਸ਼ਟ ਤਾਂ ਨਹੀਂ ਹੈ ਪਰ ਕੁਝ ਲੋਕ ਇਸ ਨੂੰ 8ਵੀਂ ਸ਼ਤਾਬਦੀ ਤੋਂ ਸਿਲਕ ਰੂਟ ਦੇ ਤਹਿਤ ਭਾਰਤ ਨਾਲ ਜੋੜਦੇ ਹਨ। ਸਿਲਕ ਰੂਟ ਨੂੰ ਪੁਰਾਣੀ ਚੀਨੀ ਸੱਭਿਅਤਾ ਦੇ ਵਪਾਰਕ ਮਾਰਗ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। 200 ਸਾਲ ਈਸਾ ਪੂਰਬ ਤੋਂ ਦੂਜੀ ਸ਼ਤਾਬਦੀ ਦੇ ਵਿਚਕਾਰਲੇ ਰਾਜਵੰਸ਼ ਦੇ ਸ਼ਾਸਨ ਕਾਲ ਵਿੱਚ ਰੇਸ਼ਮ ਦਾ ਵਪਾਰ ਵਧਿਆ। ਪਹਿਲਾਂ ਰੇਸ਼ਮ ਦਾ ਕਾਰਵਾਂ ਚੀਨੀ ਸਾਮਰਾਜ ਦੇ ਉੱਤਰ ਤੋਂ ਪੱਛਮ ਵੱਲ ਜਾਂਦੇ ਸਨ।

ਪਰ ਫ਼ਿਰ ਮੱਧ ਏਸ਼ੀਆ ਦੇ ਕਬੀਲਿਆਂ ਨਾਲ ਸੰਪਰਕ ਹੋਇਆ ਅਤੇ ਹੌਲੀ-ਹੌਲੀ ਇਹ ਮਾਰਗ ਚੀਨ, ਮੱਧ ਏਸ਼ੀਆ, ਉੱਤਰ-ਭਾਰਤ, ਅੱਜ ਦੇ ਈਰਾਨ, ਈਰਾਕ ਅਤੇ ਸੀਰੀਆ ਤੋਂ ਹੁੰਦਾ ਹੋਇਆ ਰੋਮ ਤੱਕ ਪਹੁੰਚ ਗਿਆ।

ਦੱਸਣਯੋਗ ਹੈ ਕਿ ਇਸ ਮਾਰਗ 'ਤੇ ਸਿਰਫ਼ ਰੇਸ਼ਮ ਦਾ ਵਪਾਰ ਨਹੀਂ ਹੁੰਦਾ ਸੀ ਸਗੋਂ ਇਸ ਨਾਲ ਜੁੜੇ ਸਾਰੇ ਲੋਕ ਆਪੋ-ਆਪਣੇ ਉਤਪਾਦਾਂ ਦਾ ਵਪਾਰ ਕਰਦੇ ਸੀ।

ਪਰ ਸਿਲਕ ਰੂਟ 'ਤੇ ਅਕਸਰ ਚੋਰੀ ਅਤੇ ਲੁੱਟ ਹੁੰਦੀ ਸੀ, ਇਸ ਲਈ ਭਾਰਤੀ, ਅਰਬ ਅਤੇ ਮੁਸਲਿਮ ਵਪਾਰੀਆਂ ਨੇ ਆਪਣੇ ਮੁਨਾਫ਼ੇ ਦੀ ਰੱਖਿਆ ਲਈ ਵੱਖੋ-ਵੱਖਰੇ ਤਰੀਕੇ ਅਪਣਾਏ।

**ਹਵਾਲਾ ਦਾ ਅਰਥ ਹੈ 'ਦੇ ਏਵਜ ਵਿੱਚ' ਜਾਂ 'ਦੇ ਬਦਲੇ ਵਿੱਚ'**

ਵਪਾਰੀ ਇੱਕ ਪਾਸਵਰਡ ਦਾ ਇਸਤੇਮਾਲ ਕਰਦੇ ਸਨ। ਜੋ ਕਿ ਇੱਕ ਵਸਤੂ, ਸ਼ਬਦ ਜਾਂ ਕੋਈ ਇਸ਼ਾਰਾ ਹੁੰਦਾ ਸੀ ਅਤੇ ਠੀਕ ਉਸੇ ਤਰ੍ਹਾਂ ਦੀ ਪੂਰਕ ਵਸਤੂ, ਸ਼ਬਦ ਜਾਂ ਪਾਸਵਰਡ ਉਸ ਨੂੰ ਪ੍ਰਾਪਤ ਕਰਨ ਵਾਲੇ ਨੂੰ ਦੱਸਣਾ ਹੁੰਦਾ ਸੀ।

ਇਸੇ ਤਰ੍ਹਾਂ ਉਹ ਇਹ ਗੱਲ ਪੱਕੀ ਕਰਦੇ ਸਨ ਕਿ ਪੈਸੇ ਜਾਂ ਵਸਤਾਂ ਦਾ ਲੈਣ-ਦੇਣ ਸਹੀ ਹੱਥਾਂ ਤੱਕ ਪਹੁੰਚ ਜਾਵੇ।

ਇਹ ਵਿਵਸਥਾ ਇੰਨੀ ਪੁਰਾਣੀ ਸੀ ਕੀ ਇਸ ਦਾ ਅੰਦਾਜ਼ਾ ਇਸ ਨਾਲ ਲਗਾਇਆ ਜਾ ਸਕਦਾ ਹੈ ਕਿ ਭਾਰਤ ਵਿੱਚ ਪਹਿਲਾ ਬੈਂਕ 'ਬੈਂਕ ਆਫ਼ ਹਿੰਦੁਸਤਾਨ' ਸੀ, ਜਿਸ ਦੀ ਸਥਾਪਨਾ 18ਵੀਂ ਸ਼ਤਾਬਦੀ ਵਿੱਚ ਕੋਲਕਾਤਾ 'ਚ ਹੋਈ ਸੀ।

ਅੱਜ ਤਕਨੀਕ ਦੇ ਮਾਮਲੇ ਵਿੱਚ ਦੁਨੀਆਂ ਜਿਸ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ, ਉਸੇ ਸੌਖ ਨਾਲ ਹਵਾਲਾ ਦੇ ਕੰਮ ਨੂੰ ਕਰਨਾ ਵੀ ਸੌਖ ਹੋਈ ਹੈ।

ਅੱਜ ਇੰਸਟੈਂਟ ਮੈਸੇਜਿੰਗ ਐਪਲੀਕੇਸ਼ਨ ਰਾਹੀਂ ਪਾਸਵਰਡ ਦੀ ਥਾਂ ਕੋਡ ਭੇਜੇ ਜਾਂਦੇ ਹਨ। ਲਿਹਾਜ਼ਾ ਵਿਚੋਲੀਏ ਵੀ ਆਪਣੀ ਗਤੀਵਿਧੀਆਂ ਦੇ ਬਰਾਬਰ ਇਸ ਨੂੰ ਬੇਹੱਦ ਆਸਾਨੀ ਨਾਲ ਅੰਜਾਮ ਦੇ ਸਕਦੇ ਹਨ।

**ਇਹ ਲੈਣ-ਦੇਣ ਗੁਪਤ ਤਰੀਕੇ ਕਿਉਂ ਕੀਤੇ ਜਾਂਦੇ ਹਨ ?**

ਪ੍ਰੋਫ਼ੈਸਰ ਅਲਬਰਟੋ ਪ੍ਰੀਗੋ ਮੋਰੇਨੋ ਕਹਿੰਦੇ ਹਨ ਕਿ, "ਅਜਿਹਾ ਇਸ ਲਈ ਹੁੰਦਾ ਹੈ, ਕਿਉਂਕਿ ਕਈ ਵਾਰੇ ਇਹ ਐਲਾਨੇ ਪੈਸੇ ਨਹੀਂ ਹੁੰਦੇ ਯਾਨੀ ਪੂਰੀ ਤਰ੍ਹਾਂ ਵੈਧ ਨਹੀਂ ਹੁੰਦੇ। ਕਈ ਵਾਰ ਯੂਜ਼ਰ ਟੈਕਸ ਦੇਣ ਤੋਂ ਬਚਦਾ ਹੈ, ਜਦੋਂ ਉਹ ਬਤੌਰ ਤੋਹਫ਼ਾ ਇਹ ਪੈਸਾ ਦੂਜੇ ਦੇਸ਼ ਵਿੱਚ ਭੇਜਦਾ ਹੈ ਤਾਂ ਉਹ ਇਹ ਗੱਲ ਪੱਕੀ ਕਰਨੀ ਚਾਹੁੰਦਾ ਹੈ ਕਿ ਬਤੌਰ ਕਮਿਸ਼ਨ ਵਿਚੋਲੀਆ ਘੱਟੋ-ਘੱਟ ਪੈਸੇ ਰੱਖੇ।"

ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਜੇ ਕੋਈ ਵਿਅਕਤੀ ਅਮਰੀਕਾ ਤੋਂ ਦੂਜੇ ਦੇਸ਼ ਵਿੱਚ ਸਥਿਤ ਆਪਣੇ ਪਰਿਵਾਰ ਨੂੰ ਰਵਾਇਤੀ ਤਰੀਕੇ ਨਾਲ ਪੈਸੇ ਭੇਜਣਾ ਚਾਹੁੰਦਾ ਹੈ ਤਾਂ ਇਸ ਲਈ ਉਸ ਨੂੰ ਕਈ ਮੰਗਾਂ ਨੂੰ ਪੂਰਾ ਕਰਨਾ ਪੈਂਦਾ ਹੈ। ਜੇ ਤੁਸੀਂ ਬੈਂਕਿਗ ਸਿਸਟਮ ਦਾ ਇਸਤੇਮਾਲ ਕਰਦੇ ਹੋ ਤਾਂ ਤੁਹਾਡੇ ਕੋਲ ਇੱਕ ਨਿਸ਼ਚਿਤ ਰਾਸ਼ੀ ਹੋਣੀ ਚਾਹੀਦੀ ਹੈ। ਤੁਸੀਂ ਖਾਤਾ ਖੋਲ੍ਹ ਸਕੋ ਇਸ ਲਈ ਤੁਹਾਡੇ ਕੋਲ ਪਛਾਣ, ਤੁਹਾਡੀ ਕਾਨੂੰਨੀ ਸਥਿਤੀ ਆਦਿ ਕੁਝ ਦਸਤਾਵੇਜ਼ ਚਾਹੀਦੇ ਹੁੰਦੇ ਹਨ। ਹੋਰ ਮਨੀ ਟ੍ਰਾਂਸਫ਼ਰ ਸੇਵਾਵਾਂ ਅੰਤਰਰਾਸ਼ਟਰੀ ਲੈਣ ਦੇਣ ਲਈ ਤੁਹਾਡੇ ਤੋਂ 20 ਫੀਸਦੀ ਤੱਕ ਕਮਿਸ਼ਨ ਲੈ ਸਕਦੀਆਂ ਹਨ। ਭਾਵੇਂ ਮਾਮਲਾ ਕੋਈ ਵੀ ਹੋਵੇ, ਯੂਜ਼ਰ ਨੂੰ ਕਈ ਪੜ੍ਹਾਅ ਤੋਂ ਲੰਘਣਾ ਪੈਂਦਾ ਹੈ ਤਾਂ ਜੋ ਮਨੀ ਲੌਂਡਰਿੰਗ ਵਰਗੀਆਂ ਗਤੀਵਿਧੀਆਂ ਤੋਂ ਬਚਿਆ ਜਾ ਸਕੇ। ਪਰ ਹਵਾਲਾ ਵਿੱਚ ਅਜਿਹਾ ਕੁਝ ਨਹੀਂ ਕਰਨਾ ਪੈਂਦਾ ਹੈ।

ਪ੍ਰੀਗੋ ਮੋਰੇਨੋ ਕਹਿੰਦੇ ਹਨ, "ਇਹ ਇੰਨਾ ਜ਼ਿਆਦਾ ਪ੍ਰਭਾਵੀ ਹੈ ਕਿਉਂਕਿ ਇਸ 'ਚ ਪੈਸੇ ਲੈਣ ਵਾਲੇ ਤੱਕ ਪੈਸਾ ਜਲਦੀ ਪਹੁੰਚ ਜਾਂਦਾ ਹੈ ਅਤੇ ਕਮਿਸ਼ਨ ਵੀ ਘੱਟ ਦੇਣਾ ਪੈਂਦਾ ਹੈ।"

"ਵਿਚੋਲੀਏ ਲਈ ਉਸ ਦਾ ਨੈੱਟਵਰਕ ਚੰਗਾ ਹੋਣਾ ਬੇਹੱਦ ਜ਼ਰੂਰੀ ਹੈ। ਜਿੰਨੇ ਜ਼ਿਆਦਾ ਤੁਹਾਡੇ ਕੋਲ ਕੰਟੈਕਟ ਹੋਣਗੇ ਉਨਾਂ ਹੀ ਚੰਗਾ ਤੁਹਾਡਾ ਕਾਰੋਬਾਰ ਚੱਲੇਗਾ। ਲਿਹਾਜ਼ਾ ਤੁਸੀਂ ਘੱਟ ਫੀਸ ਲਓ ਅਤੇ ਜ਼ਿਆਦਾ ਤੋਂ ਜ਼ਿਆਦਾ ਫ਼ਾਇਦਾ ਦਿਓ।"

"ਵਿਚੋਲੀਏ ਨੂੰ ਭਰੋਸੇਮੰਦ ਹੋਣ ਦੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪਹਿਲਾਂ ਸੂਦਖੋਰੀ ਅਤੇ ਵਿਆਜ ਦੀ ਰਵਾਇਤ ਘੱਟ ਸੀ ਅਤੇ ਵਿਚੋਲੀਏ ਲਈ ਬਹੁਤ ਸਾਰਾ ਪੈਸਾ ਬਣਾਉਣਾ ਮੁਸ਼ਕਿਲ ਸੀ। ਇਹੀ ਕਾਰਨ ਸੀ ਕਿ ਪੱਛਮੀ ਦੇਸ਼ਾਂ ਦੇ ਮੁਕਾਬਲੇ ਇਹ ਵਿਵਸਥਾ ਮੱਧ ਪੂਰਬ ਅਤੇ ਏਸ਼ੀਆ ਵਿੱਚ ਜ਼ਿਆਦਾ ਫੈਲੀ ਜਿੱਥੇ ਬੈਂਕਿੰਗ ਲੈਣ-ਦੇਣ 'ਤੇ ਸਖ਼ਤ ਨਿਗਰਾਨੀ ਅਤੇ ਕੰਟਰੋਲ ਹੈ।"

ਮੋਰੇਨੋ ਕਹਿੰਦੇ ਹਨ, "ਕੁਝ ਥਾਂਵਾਂ ਉੱਤੇ ਇਨ੍ਹਾਂ ਵਿਚੋਲੀਆਂ ਉੱਤੇ ਲੋਕ ਬੈਂਕ ਤੋਂ ਵੱਧ ਭਰੋਸਾ ਕਰਦੇ ਹਨ ਕਿਉਂਕਿ ਵਿਚੋਲੀਆਂ ਦਾ ਇਹ ਪਰਿਵਾਰਿਕ ਅਤੇ ਜੱਦੀ ਪੁਸ਼ਤੀ ਧੰਦਾ ਹੁੰਦਾ ਹੈ ਜਿਸ ਨੂੰ ਉਹ ਬੈਂਕਾਂ ਦੇ ਮੁਕਾਬਲੇ ਜ਼ਿਆਦਾ ਵਿਸ਼ਵਾਸ ਵਾਲਾ ਮੰਨਦੇ ਹਨ।"

ਜਰਮਨੀ ਦੇ ਫ੍ਰੈਂਕਫਰਟ 'ਚ ਮੈਕਲ ਪਲਾਂਕ ਇੰਸਟੀਚਿਊਟ 'ਚ ਦੱਖਣੀ ਏਸ਼ੀਆ ਦੇ ਕਾਨੂੰਨੀ ਇਤਿਹਾਸ ਵਿਭਾਗ ਦੀ ਸੰਯੋਜਕ ਮਾਰਿਨਾ ਮਾਰਟਿਨ ਕਹਿੰਦੇ ਹਨ, "ਪਹਿਲਾਂ ਦੇ ਜ਼ਮਾਨੇ ਵਿੱਚ ਹਵਾਲਾ ਅਤੇ ਉਸ ਦੇ ਵਰਗਾ ਲੈਣ-ਦੇਣ ਕਾਫ਼ੀ ਪ੍ਰਸਿੱਧ ਸੀ ਅਤੇ ਅੱਜ ਦੇ ਸਮੇਂ 'ਚ ਇਸ ਦੀ ਸਮਝ ਬਦਲ ਗਈ ਹੈ ਕਿਉਂਕਿ ਉਹ ਆਧੁਨਿਕ ਬੈਂਕਿਗ ਤੋਂ ਵੱਖਰਾ ਕੰਮ ਕਰਦੇ ਹਨ।"

**ਹਵਾਲਾ ਦਾ ਵਪਾਰ ਕਿੰਨਾ ਵੱਡਾ ?**

ਰਵਾਇਤੀ ਹਵਾਲਾ ਵਿਵਸਥਾ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੈ ਕਿ ਪੈਸਿਆਂ ਦਾ ਲੈਣ-ਦੇਣ ਕੌਣ ਕਰ ਰਿਹਾ ਹੈ, ਇਹ ਸਰਕਾਰ ਜਾਂ ਅੰਤਰਰਾਸ਼ਟਰੀ ਸੰਸਥਾਨਾਂ ਦੀ ਪਹੁੰਚ ਤੋਂ ਬਾਹਰ ਰਹਿੰਦਾ ਹੈ। ਇਹ ਤੱਥ ਕਿ ਲੈਣ-ਦੇਣ ਬਹੁਤ ਘੱਟ ਜਾਂ ਬਿਲਕੁਲ ਹੀ ਕੋਈ ਰਿਕਾਰਡ ਦਾ ਨਾ ਹੋਣਾ ਇਨ੍ਹਾਂ ਪੈਸਿਆਂ ਦੀ ਹੇਰਫ਼ੇਰ ਨੂੰ ਫੜ੍ਹਨ ਵਿੱਚ ਇੱਕ ਰੁਕਾਵਟ ਹੈ।

ਮੰਨਿਆਂ ਜਾਂਦਾ ਹੈ ਕਿ ਨਿਊ ਯਾਰਕ ਵਿੱਚ ਹੋਏ 9/11 ਦੇ ਹਮਲੇ ਵਿੱਚ ਅੱਤਵਾਦੀਆਂ ਨੂੰ ਵਿੱਤੀ ਸਹਾਇਤਾ ਵੀ ਅਜਿਹੇ ਗ਼ੈਰ-ਰਵਾਇਤੀ ਤਰੀਕਿਆਂ ਨਾਲ ਕੀਤੀ ਗਈ ਸੀ।

ਨਾ ਸਿਰਫ਼ ਅਮਰੀਕਾ ਸਗੋਂ ਪੂਰੀ ਦੁਨੀਆਂ ਵਿੱਚ ਨਵੇਂ ਅਤੇ ਸਖ਼ਤ ਨਿਯਮਾਂ ਦੇ ਆਉਣ ਨਾਲ ਕੁਝ ਹਜ਼ਾਰ ਡਾਲਰ ਦੇ ਅੰਤਰਰਾਸ਼ਟਰੀ ਲੈਣ-ਦੇਣ ਹੋਰ ਵੀ ਗੁੰਝਲਦਾਰ ਹੋ ਗਏ ਹਨ।

ਮਾਰਟਿਨ ਕਹਿੰਦੇ ਹਨ, "9/11 ਹਮਲੇ ਤੋਂ ਬਾਅਦ ਅਮਰੀਕਾ ਹਵਾਲਾ ਨੂੰ ਅੱਤਵਾਦੀਆਂ ਨੂੰ ਵਿੱਤੀ ਪੋਸ਼ਣ ਦਾ ਇੱਕ ਸੰਭਵ ਜ਼ਰੀਆ ਮੰਨਦਾ ਆਇਆ ਹੈ।" ਉਹ ਕਹਿੰਦੇ ਹਨ, "ਹਵਾਲਾ ਨੂੰ ਕੁਝ ਸਾਲਾਂ ਤੋਂ ਮਨੀ ਲੌਂਡਰਿੰਗ ਅਤੇ ਸਿਆਸੀ ਭ੍ਰਿਸ਼ਟਾਚਾਰ ਤੋਂ ਲੈ ਕੇ ਮਨੁੱਖੀ ਅੰਗਾਂ ਦੀ ਤਸਕਰੀ ਵਰਗੇ ਕਈ ਅਪਰਾਧਿਕ ਗਤੀਵਿਧੀਆਂ ਨਾਲ ਜੋੜਿਆ ਜਾਂਦਾ ਰਿਹਾ ਹੈ।" 2018 ਵਿੱਚ ਸੰਗਠਿਤ ਅਪਰਾਧ ਅਤੇ ਭ੍ਰਿਸ਼ਟਾਚਾਰ ਰਿਪੋਰਟਿੰਗ ਪ੍ਰੋਜੈਕਟ ਦੀ ਇੱਕ ਜਾਂਚ ਵਿੱਚ ਕਿਹਾ ਗਿਆ ਸੀ ਕਿ ਦੁਬਈ ਵਿੱਚ ਹਵਾਲਾ ਵਰਗੇ ਗ਼ੈਰ-ਰਵਾਇਤੀ ਵਿਵਸਥਾ ਦੀ ਵਰਤੋਂ ਕਰਕੇ ਵੱਡੀ ਗਿਣਤੀ ਵਿੱਚ ਲੱਖਾਂ ਵਿਦੇਸ਼ੀ ਕਾਮੇ ਭਾਰਤ, ਫਿਲੀਪੀਂਸ ਵਰਗੇ ਦੇਸ਼ਾਂ ਵਿੱਚ ਆਪਣੇ ਪਰਿਵਾਰ ਨੂੰ ਪੈਸੇ ਭੇਜਦੇ ਰਹੇ ਹਨ। ਇਸ ਵਿੱਚ ਦੱਸਿਆ ਗਿਆ ਸੀ ਕਿ ਇਹ ਰਕਮ 240 ਕਰੋੜ ਰੁਪਏ ਤੋਂ ਵੀ ਜ਼ਿਆਦਾ ਹੈ।

ਫ਼ਰਵਰੀ 2016 ਵਿੱਚ ਅਮਰੀਕੀ ਡਰੱਗ ਇਨਫੋਰਸਮੈਂਟ ਆਫ਼ਿਸ (ਡੀਈਏ) ਨੇ ਕੋਲੰਬੀਆ ਅਤੇ ਹਿਜ਼ਬੁੱਲ੍ਹਾ ਸੰਗਠਨ ਵਿਚਾਲੇ ਯੂਰਪ ਰਾਹੀਂ ਮਨੀ ਲੌਂਡਰਿੰਗ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਸੰਬੰਧ ਨੂੰ ਉਜਾਗਰ ਕਰਦੇ ਹੋਏ ਦੱਸਿਆ ਸੀ ਕਿ ਲੱਖਾਂ ਯੂਰੋ ਅਤੇ ਡਰੱਗਜ਼ ਦਾ ਲੈਣ-ਦੇਣ ਕੀਤਾ ਗਿਆ ਸੀ।

ਡੀਈਏ ਦੇ ਦਸਤਾਵੇਜ਼ਾਂ ਮੁਤਾਬਕ ਲੇਬਨਾਨ ਦੇ ਰਾਸਤੇ ਲੱਖਾਂ ਦੇ ਨਸ਼ੀਲੇ ਪਦਾਰਥ ਮੱਧ-ਪੂਰਬ ਪਹੁੰਚਾਏ ਗਏ ਅਤੇ ਇਸ ਦੇ ਬਦਲੇ 'ਚ ਹਵਾਲਾ ਰਾਹੀਂ ਯੂਰੋ ਕੋਲੰਬੀਆ ਭੇਜੇ ਗਏ ਸਨ।

ਪੂਰਬੀ ਅਫ਼ਰੀਕਾ, ਖ਼ਾਸ ਤੌਰ 'ਤੇ ਸੋਮਾਲੀਆ 'ਚ ਹਥਿਆਰਾਂ ਦੇ ਤਸਕਰ ਹਵਾਲੇ ਦਾ ਇਸਤੇਮਾਲ ਕਰਕੇ ਲੱਖਾਂ ਡਾਲਰ ਇਧਰ ਉਧਰ ਕਰਦੇ ਹਨ। ਵਰਲਡ ਬੈਂਕ ਮੁਤਾਬਕ ਵਿਕਾਸਸ਼ੀਲ ਦੇਸਾਂ ਵਿੱਚ ਰੇਮਿਟੇਂਸ (ਤੋਹਫ਼ੇ ਵਜੋਂ ਪੈਸਾ ਦੇਣਾ) ਰਾਹੀਂ ਆਪਣੇ ਪਰਿਵਾਰਾਂ ਦੀ ਮਦਦ ਲਈ ਪੈਸੇ ਭੇਜਣ ਵਾਲੇ ਪਰਵਾਸੀ ਕਾਮਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਕੋਵਿਡ-19 ਮਹਾਮਾਰੀ ਦੇ ਪ੍ਰਭਾਵ ਦੇ ਬਾਵਜੂਦ ਅਧਿਕਾਰਿਤ ਅੰਕੜਿਆਂ ਮੁਤਾਬਕ ਹੇਠਲੀ ਅਤੇ ਮੱਧ ਆਮਦਨੀ ਵਾਲੇ ਦੇਸ਼ਾਂ ਵਿੱਚ ਭੇਜੀ ਜਾਣ ਵਾਲੀ ਰੇਮਿਟੇਂਸ 2020 ਵਿੱਚ ਲਗਭਗ 400 ਅਰਬ ਖ਼ਰਬ ਰੁਪਏ ਸੀ। ਇਹ ਰਾਸ਼ੀ 2019 ਦੇ ਮੁਕਾਬਲੇ ਮਹਿਜ਼ 1.6 ਫੀਸਦ ਘੱਟ ਹੈ। 2019 ਵਿੱਚ ਇਹ ਅੰਕੜਾ 406.31 ਖ਼ਰਬ ਰੁਪਏ ਸੀ। ਹਾਲਾਂਕਿ ਵਰਲਡ ਬੈਂਕ ਇਹ ਸਪੱਸ਼ਟ ਕਰਦਾ ਹੈ ਕਿ "ਰੇਮਿਟੇਂਸ ਦਾ ਅਸਲ ਆਕਾਰ, ਜੋ ਰਵਾਇਤੀ ਅਤੇ ਗ਼ੈਰ-ਰਵਾਇਤੀ ਦੋਵਾਂ ਜ਼ਰੀਏ ਪਹੁੰਚਿਆ ਜਾਂਦਾ ਹੈ, ਅਧਿਕਾਰਤ ਅੰਕੜਿਆਂ ਤੋਂ ਕਿਤੇ ਵੱਡਾ ਹੈ।" ਅਰਥਵਿਵਸਤਾ 'ਚ ਸੰਭਾਵਿਤ ਵਿਸ਼ਵ ਪੱਧਰ ਦੇ ਸੁਧਾਰ ਦੇ ਨਾਲ ਹੀ ਉਮੀਦ ਜਤਾਈ ਜਾ ਰਹੀ ਹੈ ਕਿ ਰਵਾਇਤਾ ਅਤੇ ਗ਼ੈਰ-ਰਵਾਇਤੀ ਮਾਧਿਅਮਾਂ ਜਿਵੇਂ ਕਿ ਹਵਾਲਾ ਨਾਲ ਹੇਠਲੀ ਅਤੇ ਮੱਧ ਆਮਦਨੀ ਵਾਲੇ ਦੇਸ਼ਾਂ ਨੂੰ ਭੇਜੀ ਜਾਣ ਵਾਲੀ ਰੇਮਿਟੇਂਸ ਦੀ ਰਾਸ਼ੀ 2021 ਅਤੇ 2022 ਵਿੱਚ ਹੋਰ ਵੀ ਵੱਡੀ ਹੋ ਜਾਵੇਗੀ।

**ਧੰਨਵਾਦ ਸਹਿਤ ਬੀਬੀਸੀ**



**ਹਵਾਲਾ ਦੀ ਸ਼ੁਰੂਆਤ ਕਦੋਂ ਹੋਈ, ਇਹ ਸਪੱਸ਼ਟ ਤਾਂ ਨਹੀਂ ਹੈ ਪਰ ਕੁਝ ਲੋਕ ਇਸ ਨੂੰ 8ਵੀਂ ਸ਼ਤਾਬਦੀ ਤੋਂ ਸਿਲਕ ਰੁਟ ਦੇ ਤਹਿਤ ਭਾਰਤ ਨਾਲ ਜੋੜਦੇ ਹਨ। ਸਿਲਕ ਰੂਟ ਨੂੰ ਪੁਰਾਣੀ ਚੀਨੀ ਸੱਭਿਅਤਾ ਦੇ ਵਪਾਰਕ ਮਾਰਗ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। 200 ਸਾਲ ਈਸਾ ਪੂਰਬ ਤੋਂ ਦੂਜੀ ਸ਼ਤਾਬਦੀ ਦੇ ਵਿਚਕਾਰਲੇ ਰਾਜਵੰਸ਼ ਦੇ ਸ਼ਾਸਨ ਕਾਲ ਵਿੱਚ ਰੇਸ਼ਮ ਦਾ ਵਪਾਰ ਵਧਿਆ। ਪਹਿਲਾਂ ਰੇਸ਼ਮ ਦਾ ਕਾਰਵਾਂ ਚੀਨੀ ਸਾਮਰਾਜ ਦੇ ਉੱਤਰ ਤੋਂ ਪੱਛਮ ਵੱਲ ਜਾਂਦੇ ਸਨ।**

# ਸਕ੍ਰਿਪਟ ਰਾਈਟਿੰਗ ਵਿੱਚ ਕਰੀਅਰ ਦੇ ਮੌਕੇ ਅਤੇ ਸਕੋਪ



ਕਹਾਣੀਆਂ ਪ੍ਰਾਚੀਨ ਸਮੇਂ ਤੋਂ ਦੱਸੀਆਂ ਜਾਦੀ ਹਨ. ਅਤੇ ਕਈ ਵਾਰ ਇੱਹ ਕਵਿਤਾਵਾਂ ਅਤੇ ਗਾਣੇ ਰੂਪ ਵਿਚ ਦੱਸਿਆ ਜਾਦੀ ਸਨ, ਕਈ ਵਾਰ ਦਾਦੀ ਅਤੇ ਦਾਦਾ ਦੁਆਰਾ ਜਬਾਨੀ ਕਹਾਣੀਆਂ ਵਿੱਚ ਬਦਲ ਜਾਂਦੇ ਸਨ. ਜਲਦੀ ਇਸ ਨੂੰ ਫਿਰ ਕਿਤਾਬਾਂ ਅਤੇ ਕਾਮਿਕਸ ਦੇ ਰੂਪ ਸਹਮਣੇ ਆ ਗਈ , ਅਤੇ ਫਿਰ ਸਿਨੇਮਾ ਦੇ ਰੂਪ ਵਿਚ ਆ ਗਈ. ਸਮੇਂ ਦੇ ਨਾਲ ਟੈਲੀਵਿਜਨ, ਰੇਡੀਓ, ਇੰਟਰਨੈਟ ਅਤੇ ਹੋਰ ਬਹੁਤ ਸਾਰੇ ਮਾਧਿਅਮ ਕਹਾਣੀਆਂ ਸੁਣਾਉਣ ਅਤੇ ਦੁਬਾਰਾ ਦੱਸਣ ਲਈ ਇਹ ਕਿਸੇ ਨਾ ਕਿਸੇ ਰੂਪ ਵਿਚ ਸਹਮਣੇ ਆਉਂਦੀ ਰਹੀ। ਕਹਾਣੀਆਂ ਦੀ ਹੋਂਦ ਲਈ ਹਮੇਸਾਂ ਇੱਕ ਜਾਂ ਦੂਜਾ ਮਾਧਿਅਮ ਵਿਚ ਬਦਲ ਦੀ ਰਿਹੀ। ਕੁਝ ਦਾਰਸਨਿਕ ਲੇਖਕਾਂ ਨੇ ਇਸ ਬਾਰੇ ਵੀ ਸੋਚਿਆ ਹੈ ਕਿ ਅਸੀਂ ਮਨੁੱਖ ਕਿਵੇਂ ਕਹਾਣੀਆਂ ਦੇ ਮਾਧਿਅਮ ਵਿਚ ਪੇਸ਼ਾ ਕਰੇਗਾ . ਪਰ ਸਾਰੀਆਂ ਕਹਾਣੀਆਂ ਨੂੰ ਇੱਕ ਸਹੀ ਲੇਆਉਟ ਅਤੇ ਰੀੜ੍ਹ ਦੀ ਹੱਡੀ ਦੀ ਲੋੜ ਹੁੰਦੀ ਹੈ. ਢੁਕਵੇਂ ਢਾਂਚੇ ਦੇ ਬਗੈਰ, ਇਹ ਸਿਰਫ ਕੁਝ ਸਬਦ ਇਕੱਠੇ ਹੋ ਜਾਣਗੇ। ਇਹ ਉਹ ਥਾਂ ਹੈ ਜਿੱਥੇ ਸਕ੍ਰੀਨ ਲੇਖਨ ਇੱਕ ਪ੍ਰਵੇਸ ਦੁਆਰ ਬਣਾਉਂਦਾ ਹੈ. ਪਹਿਲੇ ਕੈਮਰੇ ਦੀ ਖੋਜ ਤੋਂ ਬਾਅਦ ਫਿਲਮਾਂ ਸਾਡੀ ਜੀਂਦਿਗੀ ਦਾ ਹਿੱਸਾ ਰਹੀਆਂ ਹਨ ਅਤੇ ਉਸ ਸਮੇਂ ਤੋਂ ਸਕ੍ਰੀਨ ਰਾਈਟਿੰਗ ਫਿਲਮ ਨਿਰਮਾਣ ਦਾ ਇੱਕ ਮਹੱਤਵਪੂਰਣ ਪਹਿਲੂ ਰਿਹਾ ਹੈ.

**ਸਕ੍ਰੀਨ ਰਾਈਟਿੰਗ ਕੀ ਹੈ ?**

ਸਕ੍ਰੀਨ ਰਾਈਟਿੰਗ ਕਹਾਣੀ ਬਣਾਉਣ, ਪਾਤਰਾਂ ਨੂੰ ਵਿਕਸਤ ਕਰਨ ਅਤੇ ਉਨ੍ਹਾਂ ਨੂੰ ਸੰਵਾਦ ਪ੍ਰਦਾਨ ਕਰਨ ਦੀ ਕਲਾ ਹੈ. ਪਟਕਥਾ ਲੇਖਕ ਫਿਲਮ ਦਾ ਪਿੰਜਰ ਢਾਂਚਾ ਬਣਾਉਂਦੇ ਹਨ ਅਤੇ ਬੁਨਿਆਦੀ ਬੁਨਿਆਦ ਪ੍ਰਦਾਨ ਕਰਦੇ ਹਨ, ਜਿਸਦੀ ਬਾਅਦ ਵਿੱਚ ਕਲਪਨਾ ਕੀਤੀ ਜਾਂਦੀ ਹੈ ਅਤੇ ਇਸਨੂੰ ਸਟੋਰੀ ਬੋਰਡ ਤੇ ਅਤੇ ਆਖਰਕਾਰ ਫਿਲਮ ਵਿੱਚ ਤਬਦੀਲ ਕੀਤਾ ਜਾਂਦਾ ਹੈ। ਹਾਲਾਂਕਿ ਇਸ ਵਿਚ ਅਕਾਦਮਿਕ ਮਾਰਗ ਦੀ ਲੋੜ ਨਹੀਂ ਹੈ, ਪਰ ਇੱਕ ਸਕ੍ਰੀਨਲੇਖਕ ਨੂੰ ਇੱਕ ਖਾਸ ਮਾਤਰਾ ਵਿੱਚ ਗਿਆਨ ਹੋਣਾ ਚਾਹੀਦਾ ਹੈ, ਉਸ ਨੂੰ ਪਿਛੋਕੜ ਦਾ ਡੂੰਘਾ ਅਧਿਐਨ ਕਰਨਾ ਚਾਹੀਦਾ ਹੈ ਅਤੇ ਅਜਿਹੀਆਂ ਕਹਾਣੀਆਂ ਅਤੇ ਪਾਤਰ ਬਣਾਉਣੇ ਚਾਹੀਦੇ ਹਨ ਜੋ ਦਰਸਕਾਂ ਨੂੰ ਖੁਸ ਕਰਦੇ ਹਨ ਅਤੇ ਇੱਕ ਅਸਲ ਜੀਵਨ ਪ੍ਰਭਾਵ ਦਿੰਦੇ ਹਨ. ਕਿਸੇ ਨੂੰ ਇਸ ਖੇਤਰ ਵਿੱਚ ਬਹੁਤ ਸਾਰੇ ਤਜਰਬੇ ਦੀ ਲੋੜ ਹੁੰਦੀ ਹੈ, ਜਾਂ ਤਾਂ ਹੋਰ ਫਿਲਮਾਂ ਦੇਖ ਕੇ ਅਤੇ ਉਨ੍ਹਾਂ ਵਿਸੇਸ ਤਕਨੀਕਾਂ ਵੱਲ ਧਿਆਨ ਦੇ ਕੇ ਜਿਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਾਂ ਉਨ੍ਹਾਂ ਦੇ ਆਪਣੇ ਤਰੀਕਿਆਂ ਨੂੰ ਵਿਕਸਤ ਕਰਕੇ।

**ਸਕ੍ਰੀਨ ਰਾਈਟਰ ਕੌਣ ਹੋ ਸਕਦਾ ਹੈ ?**

ਇੱਥੇ ਕੋਈ ਵੀ ਯੋਗਤਾ ਨਹੀਂ ਹੈ ਜੋ ਇੱਕ ਵਿਅਕਤੀ ਨੂੰ ਇੱਕ ਸਕ੍ਰੀਨ ਲੇਖਕ ਬਣਨ ਲਈ ਲੋੜੀਂਦੀ ਹੈ. ਜਿਸ ਚੀਜ ਦੀ ਲੋੜ ਹੈ ਉਹ ਆਪਣੇ ਵਿਚਾਰਾਂ ਨੂੰ ਕਾਗਜ ‘ਤੇ ਇਸ ਤਰੀਕੇ ਨਾਲ ਪਾਉਣ ਦਾ ਵਧੀਆ ਤਰੀਕਾ ਹੈ ਕਿ ਇਸਨੂੰ ਇੱਕ ਫਿਲਮ ਵਿੱਚ ਬਦਲਿਆ ਜਾ ਸਕਦਾ ਹੈ। ਕੁਝ ਕੁ ਸਾਇਦ ਆਪਣੀ ਪਹਿਲੀ ਕੋਸਸਿ ਵਿੱਚ ਸਫਲਤਾ ਪ੍ਰਾਪਤ ਕਰ ਸਕਦੇ ਹਨ. ਫਿਲਮ ਉਦਯੋਗ ਦਾ ਖੇਤਰ, ਕਿਸੇ ਵੀ ਹੋਰ ਮਨੋਰੰਜਨ ਅਤੇ ਗਲੈਮਰ ਉਦਯੋਗ ਦੀ ਤਰ੍ਹਾਂ ਇਹ ਹੈ ਇਹ ਵੀ ਇਕ ਨੈਟਵਰਕਿੰਗ ਇੱਕ ਵੱਡੀ ਭੂਮਿਕਾ ਨਿਭਾਉਂਦੇ ਹਨ. ਅਫਸੋਸ ਦੀ ਗੱਲ ਹੈ ਕਿ ਉਦਯੋਗ ਦਾ ਇਹ ਹਿੱਸਾ ਆਉਣ ਵਾਲੇ ਅਤੇ ਚਾਹਵਾਨ ਕਲਾਕਾਰਾਂ ‘ਤੇ ਬਹੁਤ ਜਆਿਦਾ ਦਬਾਅ ਪਾਉਂਦਾ ਹੈ ਅਤੇ ਉਨ੍ਹਾਂ ਦੇ ਪੇਸਆਿਂ ‘ਤੇ ਪ੍ਰਭਾਵ ਪਾ ਸਕਦਾ ਹੈ. ਤਜਰਬੇਕਾਰ ਪਟਕਥਾ ਲੇਖਕ ਅਨੁਭਵ ਤੋਂ ਕਹਿੰਦੇ ਹਨ ਕਿ ਇੱਕ ਚਾਹਵਾਨ ਪਟਕਥਾ ਲੇਖਕ ਨੂੰ ਬ੍ਰੇਕ ਲੈਣ ਵਿੱਚ ਲੰਬਾ ਸਮਾਂ ਲਗਦਾ ਹੈ।

**ਇੱਕ ਸਕ੍ਰੀਨ ਰਾਈਟਰ ਕੀ ਕਰੇਗਾ ?**

ਇੱਕ ਪਟਕਥਾ ਲੇਖਕ ਕਹਾਣੀ ਦੀ ਕਲਪਨਾ ਕਰੇਗਾ, ਇਸਨੂੰ ਲਿਖ ਦੇਵੇਗਾ, ਉਹਨਾਂ ਸਾਰੀਆਂ ਪੇਚੀਦਗੀਆਂ ਦੇ ਨਾਲ ਜਿਨ੍ਹਾਂ ਨੂੰ ਸਾਮਲ ਕਰਨਾ ਪਏਗਾ ਅਤੇ ਕਾਗਜ ‘ਤੇ ਕਹਾਣੀ ਦਾ ਢਾਂਚਾ ਬਣਾਉਣਾ ਹੋਵੇਗਾ. ਉਨ੍ਹਾਂ ਨੂੰ ਕਹਾਣੀ ਦਾ ਅਧਾਰ ਵਿਕਸਤ ਕਰਨਾ ਹੁੰਦਾ ਹੈ, ਪਾਤਰ ਬਣਾਉਣੇ ਪੈਂਦੇ ਹਨ ਅਤੇ ਉਨ੍ਹਾਂ ਵਿੱਚ ਪਰਤਾਂ ਜੋੜਨੀਆਂ ਪੈਂਦੀਆਂ ਹਨ, ਉਨ੍ਹਾਂ ਦੀਆਂ ਕਹਾਣੀਆਂ ਨੂੰ ਵਿਕਸਤ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਦੀ ਕਹਾਣੀ ਨੂੰ ਦਰਸਕਾਂ ਨਾਲ ਸੰਬੰਧਤ ਬਣਾਉਣਾ ਹੁੰਦਾ ਹੈ। ਪਟਕਥਾ ਲੇਖਕ ਆਪਣੇ ਬਹੁਤ ਸਾਰੇ ਵਿਚਾਰਾਂ ਨੂੰ ਸਾਮਲ ਕਰਨਗੇ. ਬਹੁਤ ਸਾਰੇ ਮਾਮਲਿਆਂ ਵਿੱਚ, ਬਹੁਤ ਸਾਰੇ ਸਕ੍ਰੀਨਲੇਖਕ ਸਕ੍ਰੀਨ ਨੂੰ ਪ੍ਰਦਾਨ ਕਰਦੇ ਹਨ, ਇਸ ਤਰ੍ਹਾਂ ਇੱਕ ਵਧੇਰੇ ਮਜਬੂਤ ਸਕ੍ਰਿਪਟ ਬਣਾਉਂਦੇ ਹਨ ਜੋ ਬਹੁ-ਪੱਖੀ ਹੋਵੇਗੀ। ਇੱਕ ਪਟਕਥਾ ਲੇਖਕ ਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ ਕਿ ਦਰਸਕ ਕਿਸ ਤਰ੍ਹਾਂ ਸੰਵਾਦ ਪ੍ਰਾਪਤ ਕਰ ਰਹੇ ਹੋਣਗੇ, ਕਹਾਣੀ ਨੂੰ ਪੇਸ ਕੀਤੇ ਜਾਣ ਵਾਲੇ ਮੋੜ ਅਤੇ ਕਹਾਣੀ ਦਾ ਸਿਖਰ, ਜੋ ਕਿ ਬਹੁਤ ਮਹੱਤਵਪੂਰਨ ਹੈ। ਪਟਕਥਾ ਲੇਖਕ ਕਹਾਣੀ ਨੂੰ ਦਿਸਾ ਪ੍ਰਦਾਨ ਕਰਦਾ ਹੈ. ਇਸਦੇ ਅਧਾਰ ਤੇ ਨਿਰਦੇਸਕ, ਕਲਾਕਾਰ ਅਤੇ ਚਾਲਕ ਕਹਾਣੀ ਅਤੇ ਫਿਲਮ ਦੇ ਅਰਥਾਂ ਨੂੰ ਉਲੀਕਣਗੇ। ਸਕ੍ਰੀਨ ਰਾਈਟਿੰਗ ਵਿੱਚ ਬੈਚਲਰਸ ਕੋਰਸ ਤਿੰਨ ਸਾਲਾਂ ਦੇ ਕੋਰਸ ਤੋਂ ਲੈ ਕੇ, ਫਿਲਮ ਨਿਰਦੇਸਨ ਦੇ ਅਧਿਐਨ ‘ਤੇ ਕੇਂਦ੍ਰਤ ਹੋ ਸਕਦਾ ਹੈ। ਇੱਥੇ ਇੱਕ ਸਾਲ ਦਾ ਡਿਪਲੋਮਾ ਵੀ ਹੈ, ਜੋ ਪੂਰੀ ਤਰ੍ਹਾਂ ਸਕ੍ਰੀਨ ਲੇਖਨ ‘ਤੇ ਕੇਂਦ੍ਰਿਤ ਹੈ. ਤਜਰਬੇਕਾਰ ਅਧਿਆਪਕਾਂ ਦੁਆਰਾ ਸਕ੍ਰੀਨ ਲਿਖਣ ਬਾਰੇ ਬਹੁਤ ਕੁਝ ਦੱਸਿਆ ਗਾ. ਇਸ ਲਈ, ਸਹੀ ਜਗ੍ਹਾ ਦੀ ਚੋਣ ਕਰਨਾ ਬਹੁਤ ਮਹੱਤਵਪੂਰਨ ਹੈ। ਭਾਰਤ ਵਿੱਚ ਬਹੁਤ ਘੱਟ ਸੰਸਥਾਵਾਂ ਹਨ ਜੋ ਮੌਕੇ ਪ੍ਰਦਾਨ ਕਰਦੀਆਂ ਹਨ ਜੋ ਵਿਦਿਆਰਥੀ ਨੂੰ ਨਾ ਸਿਰਫ ਤਰੀਕਿਆਂ ਅਤੇ ਤਕਨੀਕਾਂ ਨੂੰ ਸਿੱਖਣ ਵਿੱਚ ਸਹਾਇਤਾ ਕਰ ਸਕਦੀਆਂ ਹਨ ਬਲਕਿ ਉਸੇ ਸਮੇਂ ਉਦਯੋਗ ਵਿੱਚ ਦਾਖਲ ਹੋ ਸਕਦੀਆਂ ਹਨ। ਇੱਥੇ ਬਹੁਤ ਸਾਰੇ ਮੌਕੇ ਹਨ ਜੋ ਦੇਸ ਤੋਂ ਬਾਹਰ ਉਪਲਬਧ ਹਨ, ਪਰ ਦਿਨ ਦੇ ਅੰਤ ਤੇ, ਕਿਸੇ ਕੋਲ ਲੋੜੀਂਦਾ ਤਜਰਬਾ ਹੋਣਾ ਚਾਹੀਦਾ ਹੈ.

**ਵਿਜੈ ਗਰਗ ਐਕਸ ਪੀਈਐਸ -1**
**ਸੇਵਾ ਮੁਕਤ ਪ੍ਰਿੰਸੀਪਲ**
**ਸਿੱਖਿਆ ਸਾਸਤਰੀ**
**ਮਲੋਟ ਪੰਜਾਬ**

## ਰੁੱਖ ਲਗਾਉਣਾ ਹੀ ਇੱਕ ਜ਼ਿੰਮੇਵਾਰੀ ਨਹੀਂ ਹੈ :

ਤਕਰੀਬਨ ਹਰ ਇੱਕ ਬੰਦਾ ਹੀ ਕੁਦਰਤ ਨਾਲ ਪਿਆਰ ਕਰਦਾ ਹੈ। ਸਵੇਰੇ ਸਵੇਰੇ ਹਰੇ ਭਰੇ ਰੁੱਖ ਦੇਖ ਕੇ ਮਨੁੱਖ ਦਾ ਚਿਹਰਾ ਗੁਲਾਬ ਵਾਂਗੂੰ ਖਿੱਲ ਪੈਂਦਾ ਹੈ। ਹਰ ਬੰਦਾ ਕੁਦਰਤ ਦਾ ਆਨੰਦ ਮਾਣਦਾ ਚਾਹੁੰਦਾ ਹੈ। ਲਾਕਡਾਊਨ ਦੌਰਾਨ ਸਭ ਨੇ ਦੇਖਿਆ ਸੀ ਕਿ ਕੁਦਰਤ ਨਵਵਿਆਹੀ ਵਹੁਟੀ ਦੀ ਤਰ੍ਹਾਂ ਸੱਜ ਗਈ ਸੀ। ਅਕਸਰ ਦੇਖਿਆ ਜਾਂਦਾ ਹੈ ਕਿ ਬਰਸਾਤਾਂ ਦੇ ਮੌਸਮ ਦੌਰਾਨ ਕਈ ਸਮਾਜਿਕ ਜਥੇਬੰਦੀਆਂ ਵੱਲੋਂ ਰੁੱਖ ਲਗਾਏ ਜਾਂਦੇ ਹਨ। ਬਹੁਤ ਹੀ ਵਧੀਆ ਉਪਰਾਲਾ ਹੈ। ਕਈ ਲੋਕ ਆਪਣੇ ਜਨਮ ਦਿਨ ,ਵਿਆਹ ਦੀ ਵਰ੍ਹੇਗੰਢ ਹੋਰ ਅਨੇਕ ਮੌਕਿਆਂ ਤੇ ਰੁੱਖ ਲਗਾਉਂਦੇ ਹਨ ,ਜੋ ਕਿ ਸ਼ਲਾਘਾਯੋਗ ਕਦਮ ਹੈ। ਵਧੀਆ ਸ਼ੌਕ ਹੈ ਕਿ ਰੁੱਖ ਲਗਾਉਣਾ। ਪਰ ਰੁੱਖ ਲਗਾਉਣਾ ਹੀ ਇੱਕ ਜ਼ਿੰਮੇਵਾਰੀ ਨਹੀਂ ਹੈ। ਸਮੇਂ ਸਮੇਂ ਤੇ ਉਸ ਦੀ ਦੇਖਭਾਲ ਕਰਨਾ ਬਹੁਤ ਵੱਡੀ ਜ਼ਿੰਮੇਵਾਰੀ ਹੈ। ਅਕਸਰ ਕਈ ਵਾਰ ਦੇਖਿਆ ਜਾਂਦਾ ਹੈ ਕਿ ਸਕੂਲਾਂ ਜਾਂ ਖੁੱਲ੍ਹੇ ਵਿੱਚ ਵਿੱਚ ਰੁੱਖ ਲਗਾ ਦਿੱਤੇ ਜਾਂਦੇ ਹਨ। ਕਈ ਵਾਰ ਉੱਥੇ ਡੰਗਰ, ਵੱਛੇ ਜਾਂ ਸ਼ਰਾਰਤੀਆਂ ਵੱਲੋਂ ਬੂਟਿਆਂ ਨੂੰ ਉਖੇੜ ਦਿੱਤਾ ਜਾਂਦਾ ਹੈ । ਬੂਟੇ ਅਜਿਹੀ ਜਗ੍ਹਾ ਤੇ ਲਗਾਣੇ ਚਾਹੀਦੇ ਹਨ ,ਜਿੱਥੇ ਉਨ੍ਹਾਂ ਦੀ ਦੇਖ ਭਾਲ ਵੀ ਹੁੰਦੀ ਰਹੇ। ਲਗਾਏ ਹੋਏ ਬੂਟੇ ਦੀ ਵਧੀਆ ਬਾੜ ਕਰਨੀ ਚਾਹੀਦੀ ਹੈ ,ਤਾਂ ਜੋ ਉਸ ਨੂੰ ਕੋਈ ਆਵਾਰਾ ਡੰਗਰ ਜਾਂ ਸ਼ਰਾਰਤੀ ਬੰਦਾ ਨੁਕਸਾਨ ਨਾ ਪਹੁੰਚਾ ਸਕੇ। ਪਿਛਲੇ ਸਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਹਰ ਪੰਚਾਇਤ ਨੇ 550 ਬੂਟੇ ਲਗਾਉਣ ਦਾ ਟਿੱਚਾ ਮਿੱਥਿਆ ਸੀ। ਬਹੁਤ ਹੀ ਵਧੀਆ ਗੱਲ ਹੈ। ਇਹ ਤਾਂ ਹੁਣ ਸਮਾਂ ਹੀ ਦੱਸੇਗਾ ਕਿ ਉਹ ਲਗਾਏ ਹੋਏ ਬੂਟੇ ਕਿੰਨੇ ਕੁ ਹਰੇ ਹੋਏ ਜਾਂ ਉਨ੍ਹਾਂ ਨੂੰ ਅਵਾਰਾ ਪਸ਼ੂ ਖਾ ਗਏ । ਸੋ ਜਿੱਥੇ ਵੀ ਅਸੀਂ ਕੋਈ ਵੀ ਪ੍ਰੋਗਰਾਮ ਤੇ ਬੂਟਾ ਲਗਾਉਂਦੇ ਹਨ, ਉਸ ਬੂਟੇ ਦੀ ਸਮੇਂ ਸਮੇਂ ਤੇ ਦੇਖਭਾਲ ਕਰਦੇ ਰਹੀਏ ਤਾਂ ਜੋ ਆਉਣ ਵਾਲੀਆਂ ਪੁਸ਼ਤਾਂ ਉਸ ਬੂਟੇ ਬਾਰੇ ਲੋਕਾਂ ਨੂੰ ਦੱਸਣ ਕਿ ਇਹ ਬੂਟਾ ਸਾਡੇ ਬਜ਼ੁਰਗਾਂ ਨੇ ਲਗਾਇਆ ਸੀ ।

**ਸੰਜੀਵ ਸਿੰਘ ਸੈਣੀ, ਮੁਹਾਲੀ**

## ਆਲੂ

ਬਾਊ ਨੀਟਾ ਲੁਧਿਆਣੇ ਆਪਣੇ ਵਾਕਿਫ ਸਬਜ਼ੀ ਵਾਲੇ ਦੀ ਦੁਕਾਨ ‘ਤੇ ਬਹੁਤ ਬਰੀਕੀ ਨਾਲ ਆਲੂ ਛਾਂਟ ਰਿਹਾ ਸੀ। ਸਬਜ਼ੀ ਵਾਲੇ ਨੇ ਮਜ਼ਾਕ ਕੀਤਾ, “ਕੀ ਗੱਲ ਆ ਨੀਟੇ, ਅੱਜ ਬੜੀ ਮੀਨ ਮੇਖ ਕੱਢ ਰਿਹਾ ਆਂ ਆਲੂਆਂ ਵਿੱਚ।” “ਯਾਰ ਪਿਛਲੀ ਵਾਰ ਕੁਝ ਆਲੂ ਗਲੇ ਨਿਕਲ ਆਏ ਸਨ। ਰੋਜ ਰੋਜ ਨਹੀਂ ਤੇਰੀ ਭਾਬੀ ਕੋਲੋਂ ਬੇਜ਼ੱਤੀ ਕਰਵਾਈ ਜਾਂਦੀ” ਨੀਟੇ ਨੇ ਦਿਲ ਦਾ ਦਰਦ ਫੋਲਿਆ। ਸਬਜ਼ੀ ਵਾਲੇ ਨੇ ਹੱਸ ਕੇ ਕਿਹਾ, “ਜਿਹੜੇ ਮਰਜ਼ੀ ਆਲੂ ਛਾਂਟ ਲੈ, ਇਹ ਚੰਗੇ ਆਲੂ ਵੀ ਤੁਸੀਂ ਖਾਣੇ ਆਂ ਤੇ ਗਲੇ ਵੀ।” ਨੀਟੇ ਨੇ ਗੁੱਸੇ ਨਾਲ ਕਿਹਾ, “ਤੇਰਾ ਮੂੰਹ ਨਹੀਂ ਚੰਗਾ, ਗੱਲ ਤਾਂ ਚੰਗੀ ਕਰ ਲੈ। ਅਸੀਂ ਕਿਉਂ ਖਾਵਾਂਗੇ ਤੇਰੇ ਗਲੇ ਆਲੂ ?” “ਬਾਊ ਜੀ, ਸ਼ਾਮ ਨੂੰ ਸਾਰੇ ਗਲੇ ਸੜੇ ਆਲੂ ਹੋਟਲਾਂ, ਢਾਬਿਆਂ ਤੇ ਰੇਹੜੀਆਂ ਵਾਲਿਆਂ ਨੇ ਲੈ ਜਾਣੇ ਆਂ। ਕਲ੍ਹ ਨੂੰ ਇਹ ਸਵਾਦਿਸ਼ਟ ਆਲੂ ਦੇ ਪਰਾਂਠਿਆਂ, ਕਰਾਰੀਆਂ ਕਚੋਰੀਆਂ, ਟਿੱਕੀਆਂ, ਸਮੋਸਿਆਂ ਤੇ ਮਸਾਲੇਦਾਰ ਗੋਲ ਗੱਪਿਆਂ ਵਿੱਚ ਪੈ ਕੇ ਤੁਹਾਡੇ ਢਿੱਡ ਵਿੱਚ ਈ ਜਾਣੇ ਨੇ” ਸਬਜ਼ੀ ਵਾਲੇ ਨੇ ਭੇਤ ਖੋਲ੍ਹਿਆ। ਸੁਣ ਕੇ ਨੀਟੇ ਦਾ ਦਿਲ ਕੱਚਾ ਹੋ ਗਿਆ। ਉਸ ਦੀਆਂ ਨਜ਼ਰਾਂ ਸਾਹਮਣੇ ਸ਼ਾਮੇ ਸਮੋਸਿਆਂ ਵਾਲੇ ਦੀ ਦੁਕਾਨ ਦੀਆਂ ਮਸ਼ਹੂਰ ਕਚੋਰੀਆਂ ਘੁੰਮਣ ਲੱਗ ਪਈਆਂ।

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ 9501100062**

## ਅੱਧੀ ਤਨਖਾਹ

ਮਹਾਂ ਸ਼ਰਾਬੀ ਗਾਮੇ ਕਲਰਕ ਦਾ ਆਪਣੀ ਪਤਨੀ ਸ਼ਾਂਤੀ ਨਾਲ ਕਈ ਸਾਲਾਂ ਤੋਂ ਤਲਾਕ ਦਾ ਕੇਸ ਚੱਲ ਰਿਹਾ ਸੀ। ਗਾਮੇ ਦੀਆਂ ਕਰਤੂਤਾਂ ਤੋਂ ਅੱਕੀ ਸ਼ਾਂਤੀ ਉਸ ਨਾਲ ਹੋਰ ਦਿਨ ਕੱਟਣ ਤੋਂ ਇਨਕਾਰੀ ਹੋ ਗਈ ਸੀ। ਕਈ ਘੁੰਮਣ ਘੇਰੀਆਂ ਤੋਂ ਬਾਅਦ ਆਖਰ ਜੱਜ ਨੇ ਫੈਸਲਾ ਸੁਣਾ ਹੀ ਦਿੱਤਾ। ਜੱਜ ਨੇ ਹੁਕਮ ਕੀਤਾ ਕਿ ਤਲਾਕ ਮੰਨਜ਼ੂਰ ਕੀਤਾ ਜਾਂਦਾ ਹੈ ਤੇ ਗਾਮੇ ਦੀ ਅੱਧੀ ਤਨਖਾਹ ‘ਤੇ ਸ਼ਾਂਤੀ ਦਾ ਹੱਕ ਹੋਵੇਗਾ। ਫੈਸਲਾ ਸੁਣ ਕੇ ਗਾਮਾ ਉੱਚੀ ਉੱਚੀ ਹੱਸਣ ਲੱਗਾ ਤੇ ਉਸ ਨੇ ਵਾਰ ਵਾਰ ਜੱਜ ਦਾ ਧੰਨਵਾਦ ਕੀਤਾ। ਜੱਜ ਹੈਰਾਨ ਰਹਿ ਗਿਆ ਕਿ ਇਹ ਕਿਤੇ ਸਦਮੇ ਨਾਲ ਪਾਗਲ ਤਾਂ ਨਹੀਂ ਹੋ ਗਿਆ। ਉਸ ਨੇ ਗਾਮੇ ਨੂੰ ਪੁੱਛਿਆ, “ਕੀ ਗੱਲ ਆ ਤੈਨੂੰ ? ਲੋਕ ਤਾਂ ਅੱਧੀ ਤਨਖਾਹ ਜਾਂਦੀ ਵੇਖ ਕੇ ਰੋਣ ਲੱਗ ਪੈਂਦੇ ਨੇ, ਤੂੰ ਦੰਦੀਆਂ ਕੱਢੀ ਜਾਨਾਂ।” “ਜੱਜ ਸਾਹਿਬ ਤੁਸੀਂ ਤਾਂ ਬਚਾ ਲਿਆ ਮੈਨੂੰ। ਪਹਿਲਾਂ ਇਹ ਹਰ ਮਹੀਨੇ ਸਾਰੀ ਤਨਖਾਹ ਖੋਹ ਲੈਂਦੀ ਸੀ। ਸ਼ਰਾਬ ਵੀ ਦੋਸਤਾਂ ਕੋਲੋਂ ਉਧਾਰ ਲੈ ਕੇ ਪੀਣੀ ਪੀਂਦੀ ਸੀ। ਬੱਚੇ ਜੀਣ ਤੁਹਾਡੇ, ਹੁਣ ਅੱਧੀ ਤਨਖਾਹ ਤਾਂ ਬਚ ਜਾਵੇਗੀ” ਗਾਮੇ ਦਾ ਜਵਾਬ ਸੁਣ ਕੇ ਜੱਜ ਦਾ ਅਜਿਹੇ ਢੀਠ ਬੰਦੇ ਨੂੰ ਦਸ ਸਾਲ ਲਈ ਜੇਲ੍ਹ ਵਿੱਚ ਠੋਕਣ ਦਾ ਮਨ ਕਰਨ ਲੱਗਾ।

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ 9501100062**

# ਅੱਲਾ ਦੇ ਨੇਕ ਬੰਦੇ

ਨਵੰਬਰ 2016 ਮਹੀਨੇ ਦੀ ਗੱਲ ਹੈ ਜਦ ਮੋਦੀ ਸਰਕਾਰ ਵਲੋਂ ਭਾਰਤ ਵਿੱਚ ਰਾਤੋਂ ਰਾਤ 500 ਰੁਪਏ ਅਤੇ 1,000 ਰੁਪਏ ਦੇ ਕਰੰਸੀ ਨੋਟਾਂ ਦੇ ਨੋਟਬੰਦੀ ਦਾ ਐਲਾਨ ਕਰ ਦਿੱਤਾ ਸੀ। ਦੇਸ਼ ਭਰ ਵਿੱਚ ਬੈਂਕਾਂ ਅਤੇ ਏਟੀਐਮ ਬੰਦ ਹੋਣ ਨਾਲ ਜਨਤਾ ਦੀਆਂ ਮੁਸੀਬਤਾਂ ਹੋਰ ਵਧ ਗਈਆਂ ਸਨ। ਇਹ ਦਿਨ ਬਹੁਤ ਸਾਰੀਆਂ ਦਿਲ ਦਹਿਲਾ ਦੇਣ ਵਾਲੀਆਂ ਅਤੇ ਦਿਲ ਨੂੰ ਛੂਹ ਲੈਣ ਵਾਲੀਆਂ ਕਹਾਣੀਆਂ ਦਾ ਗਵਾਹ ਵੀ ਬਣ ਚੁਕਾ ਸੀ।

ਉਸ ਦਿਨ, ਮੈਨੂੰ ਯਾਦ ਹੈ ਕਿ ਮੈਂ ਜਲੰਧਰ ਵਿਚ ਇਕ ਫਾਰਮੈਸੀ ਦੇ ਸਾਹਮਣੇ ਖੜ੍ਹਾ ਸੀ ਅਤੇ ਆਪਣੇ ਪਰਸ ਵਿਚ ਆਖਰੀ ਕੁਝ ਛੋਟੇ ਨੋਟ ਗਿਣ ਰਿਹਾ ਸੀ। ਮੈਂ ਇਹ ਸੁਨਿਸ਼ਚਿਤ ਕਰਨਾ ਚਾਹੁੰਦਾ ਸੀ ਕਿ ਮੇਰੇ ਕੋਲ ਇਨਸੁਲਿਨ ਦੇ ਟੀਕੇ ਦੇ ਭੁਗਤਾਨ ਕਰਨ ਲਈ ਕਾਫ਼ੀ ਹੈ ਜੋ ਮੈਂ ਖਰੀਦਣ ਜਾ ਰਿਹਾ ਸੀ। ਅਚਾਨਕ, ਮੈਂ ਦੇਖਿਆ ਕਿ ਇੱਕ ਔਰਤ ਕਾਊਂਟਰ ਕੋਲ ਪਹੁੰਚਦੀ ਹੈ। ਉਸ ਨੇ ਇੱਕ ਸਧਾਰਣ ਸਾੜ੍ਹੀ ਪਹਿਨੀ ਹੋਈ ਸੀ। ਜਿਸ ਨੂੰ ਸਾਹ ਲੈਣ ਵਿਚ ਵੀ ਤਕਲੀਫ ਹੋ ਰਹੀ ਸੀ ਜਿਵੇਂ ਉਹ ਬਹੁਤ ਦੂਰ ਤੋਂ ਕੜਕਦੀ ਧੁੱਪ ਵਿਚ ਦੌੜ ਕੇ ਫਾਰਮੈਸੀ ਤੱਕ ਪਹੁੰਚੀ ਹੋਵੇਂ। ਉਸ ਦੇ ਕੱਪੜਿਆਂ ਤੋਂ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਸੀ ਕਿ ਉਹ ਇੱਕ ਆਮ, ਮਜ਼ਦੂਰ ਵਰਗ ਦੀ ਔਰਤ ਸੀ।

ਉਸ ਨੇ ਫਾਰਮਾਸਿਸਟ ਨੂੰ ਇੱਕ ਪਰਚੀ ਦਿੱਤੀ ਅਤੇ ਕਿਹਾ “ਭਰਾ, ਕੀ ਤੁਸੀਂ ਮੈਨੂੰ ਇਹ ਦਵਾਈਆਂ ਦੇ ਸਕਦੇ ਹੋ, ਕਿਰਪਾ ਕਰਕੇ ?“ ਕੁਝ ਵਿਰਾਮ ਤੋਂ ਬਾਅਦ, ਉਸਨੇ ਨਿਮਰਤਾ ਨਾਲ ਕਿਹਾ, ਕੀ ਮੈਂ ਤੁਹਾਨੂੰ ਇਹਨਾਂ ਦਵਾਇਆਂ ਦਾ ਬਾਅਦ ਵਿੱਚ ਭੁਗਤਾਨ ਕਰ ਸਕਦੀ ਹਾਂ ? ਦੋ ਜਾਂ ਤਿੰਨ ਦਿਨਾਂ ਤੱਕ ?”

ਫਾਰਮਾਸਿਸਟ, ਜੋ ਆਪਣੀਆਂ ਦਵਾਈਆਂ ਨੂੰ ਚਿੱਟੇ ਪੌਲੀਥੀਨ ਬੈਗ ਵਿੱਚ ਪੈਕ ਕਰ ਰਿਹਾ ਸੀ, ਇਕਦਮ ਰੁਕ ਗਿਆ। ਪ੍ਰੇਸ਼ਾਨ ਔਰਤ ਨੇ ਉਸ ਵੱਲ ਬੇਨਤੀ ਅਤੇ ਦਰਦ ਭਰਿਆਂ ਅੱਖਾਂ ਨਾਲ ਦੇਖਿਆ, ਇਕ ਹੱਥ ਫਾਰਮੈਸੀ ਕਾਊਂਟਰ ‘ਤੇ ਰੱਖਦੇ ਹੋਏ ਤੇ ਦੂਜਾ ਸਾੜ੍ਹੀ ਦੇ ਪੱਲੂ ਨੂੰ ਕੱਸ ਕੇ ਘੁੱਟਦੇ ਹੋਏ ਉਸ ਔਤਰ ਨੇ ਬਹੁਤ ਹੀ ਭਰੇ ਗਲੇ ਨਾਲ ਕਿਹਾ, “ਮੇਰਾ ਬੇਟਾ ਬੁਖਾਰ ਨਾਲ ਤਪ ਰਿਹਾ ਹੈ। ਉਹ ਬਿਮਾਰ ਹੋਣ ਕਾਰਨ ਮੈਂ ਆਪਣੇ ਗਲੀਆਂ ਵਿਚ ਪਲਾਸਟਿਕ ਦੇ ਖਿਡੌਣੇ ਨਹੀਂ ਵੇਚ ਸਕੀ । ਕਿਰਪਾ ਕਰਕੇ ਕੀ ਤੁਸੀਂ ਮੇਰੀ ਮਦਦ ਕਰ ਸਕਦੇ ਹੋ, ਭਰਾ ? ਇਹ ਉਦੋਂ ਤੱਕ ਹੈ ਜਦੋਂ ਤੱਕ ਬੈਂਕ ਦੁਬਾਰਾ ਨਹੀਂ ਖੁੱਲ੍ਹਦੇ ਅਤੇ ਮੈਂ ਮੇਰੇ ਕੋਲ ਪੁਰਾਣੇ 500 ਅਤੇ 1,000 ਰੁਪਏ ਦੇ ਕਰੰਸੀ ਨੋਟਾਂ ਦਾ ਆਦਾਨ-ਪ੍ਰਦਾਨ ਕਰ ਸਕਦੀ ਹਾਂ,“ ਉਸਨੇ ਕਿਹਾ।

ਉਸਨੇ ਉਸ ਨੂੰ ਉਹ 500 ਰੁਪਏ ਦੇ ਦੋ ਨੋਟ ਵੀ ਦਿਖਾਏ ਜੋ ਸ਼ਇਦ ਉਹ ਆਪਣੀ ਗੱਲ ਸਾਬਤ ਕਰਨ ਲਈ ਨਾਲ ਲੈ ਕੇ ਆਈ ਸੀ। “ਮੈਂ ਤੁਹਾਨੂੰ ਮੁਫ਼ਤ ਵਿੱਚ ਦਵਾਈਆਂ ਦੇਣ ਲਈ ਨਹੀਂ ਕਹਿ ਰਹੀ। ਇਹ ਸਿਰਫ਼ ਇਕ ਦੋ ਦਿਨ ਦੀ ਤਾਂ ਗੱਲ ਹੈ, ਬੈਂਕ ਖੁਲਦੇ ਹੀ ਮੈਂ ਇਹ ਵੱਡੇ ਨੋਟ ਬਦਲ ਕੇ ਛੋਟੇ ਲੈ ਆਵਾਂਗੀ ਅਤੇ ਤੁਹਾਡੀਆਂ ਦਵਾਇਆਂ ਦੀ ਕੀਮਤ ਦੇ ਜਾਵਾਗੀ। ਉਸ ਦੀ ਕੰਬ ਰਹੀ ਅਵਾਜ਼ ਵਿੱਚ ਇਕ ਤਰਲਾ ਸੀ, ਦਰਦ ਸੀ, ਤੇ ਅੱਖਾਂ ਵਿਚੋਂ ਹੰਝੂ ।

ਪਰ ਇਹ ਇੱਕ ਨਿੱਜੀ ਮਲਕੀਅਤ ਵਾਲੀ ਡਰੱਗਸਟੋਰ ਸੀ ਅਤੇ ਫਾਰਮਾਸਿਸਟ ਹੁਣ ਉਧਾਰ ਦੇਣ ਤੋਂ ਝਿਜਕ ਰਿਹਾ ਸੀ। ਉਸ ਨੇ ਛੇਤੀ ਹੀ ਦਵਾਈਆਂ ਦਾ ਥੈਲਾ ਚੁੱਕ ਲਿਆ ਜੋ ਉਸ ਨੇ ਜੋ ਹੁਣੇ-ਹੁਣੇ ਕਾਊਂਟਰ ਤੇ ਰੱਖਿਆਂ ਸੀ ਅਤੇ ਬਿਨਾਂ ਕੁਝ ਬੋਲੇ ਉਸਨੂੰ ਵਾਪਿਸ ਇੱਕ ਦਰਾਜ ਵਿੱਚ ਸੁੱਟ ਦਿੱਤਾ। ਫਿਰ ਉਸਨੇ ਆਪਣੀ ਪਿੱਠ ਔਰਤ ਵੱਲ ਮੋੜ ਦਿੱਤੀ ਅਤੇ ਕੁਝ ਕੰਮ ਵਿੱਚ ਰੁੱਝ ਗਿਆ। ਔਰਤ ਨੇ ਆਪਣਾ ਹੇਠਲਾ ਬੁੱਲ੍ਹ ਕੱਟਿਆ। ਫਾਰਮਾਸਿਸਟ ਦਾ ਇਸ਼ਾਰਾ ਸਪੱਸ਼ਟ ਸੀ ਕਿ ਉਹ ਹਰ ਕੀਮਤ ਤੇ ਉਧਾਰ ਨਹੀਂ ਸੀ ਦੇਣਾ ਚਹੁੰਦਾ ।

ਔਰਤ ਨੇ ਇੱਕ ਵਾਰ ਫਿਰ ਕੋਸ਼ਿਸ਼ ਕੀਤੀ। ਉਸਨੇ ਦੱਸਿਆ ਕਿ ਉਹ ਇੱਕ ਗਲੀ ਵਿਕਰੇਤਾ ਸੀ ਨਾ ਕਿ ਭਿਖਾਰੀ। ਉਹ ਨਿਸ਼ਚਤ ਤੌਰ ‘ਤੇ ਜਿੰਨੀ ਜਲਦੀ ਹੋ ਸਕੇ ਪੈਸੇ ਦੇ ਜਾਵੇਗੀ। ਹੁਣ ਉਸ ਦੀਆਂ ਅੱਖਾਂ ਵਿੱਚ ਆਏ ਹੰਝੂ ਘੱਟ ਰਹੀ ਉਮੀਦ ਨਾਲ ਚਮਕ ਰਹੇ ਸਨ ਤੇ ਉਸ ਦੀਆਂ ਗੱਲ੍ਹਾ ਤੇ ਵਹਿ ਰਹੇ ਸਨ ਅਤੇ ਉਸਦੀ ਆਵਾਜ਼ ਭਾਵੁਕ ਹੋ ਗਈ ਸੀ। ਮੈਨੂੰ ਫਾਰਮਾਸਿਸਟ ਦੇ ਸੁਲੀਕੇ ਤੋਂ ਇੰਝ ਮਹਿਸੂਸ ਹੋਇਆ ਜਿਵੇਂ ਸ਼ਾਇਦ ਸਵੇਰ ਤੋਂ ਹੀ ਕਾਫ਼ੀ ਲੋਕਾਂ ਨੂੰ ਉਹ ਇਨਕਾਰ ਕਰ ਚੁੱਕਾ ਹੈ ਜਿਸ ਕਰਕੇ ਉਹ ਇਸ ਔਰਤ ਨੂੰ ਨਾਂਹ ਕਰਦੇ ਹੋਏ ਜ਼ਰਾ ਵੀ ਝਿਜਕਿਆ ਨਹੀਂ ਸੀ।

ਜਦੋਂ ਇਹ ਘਟਨਾਂ ਵਾਪਰ ਰਹੀ ਸੀ, ਤਾਂ ਇਕ ਬਜ਼ੁਰਗ ਸਿੱਖ ਸੱਜਣ, ਜੋ ਸ਼ਾਇਦ 65-70 ਵਿਆਂ ਦਾ ਹੋਵੇਗਾ , ਚੁੱਪਚਾਪ ਔਰਤ ਨੂੰ ਖੜ੍ਹਾ ਦੇਖ ਰਿਹਾ ਸੀ। ਉਹ ਇੱਕ ਲੰਮੇ ਕੱਦ ਕਾਠ ਵਾਲਾਂ ਸਿੱਖ ਆਦਮੀ ਸੀ, ਜਿਸ ਨੇ ਚਿੱਟਾ ਕੁੜਤਾ-ਪਜਾਮਾ ਪਹਿਨਿਆ ਹੋਇਆ ਸੀ। ਉਸ ਨੇ ਚਿੱਟੇ ਰੰਗ ਦੀ ਪੱਗ ਅਤੇ ਖੁਲ੍ਹੀ ਲੰਬੀ ਦਾੜ੍ਹੀ ਛੱਡੀ ਹੋਈ ਸੀ । ਉਸ ਦੀ ਆਵਾਜ਼ ਬਹੁਤ ਭਾਰੀ ਸੀ ਪਰ ਜੋ ਮਿਠਾਸ ਤੇ ਬਹੁਤ ਨਰਮ ਸੀ ਅਤੇ ਅੱਖਾਂ ਦਿਆਲਤਾ ਨਾਲ ਭਰੀਆਂ ਹੋਇਆ। ਅੱਗੇ ਵਧਿਆ ਤੇ ਬੋਲਿਆਂ, ਧੀਏ,“ਤੁਹਾਡੇ ਕੋਲ ਕਿੰਨੇ ਪੈਸੇ ਘੱਟ ਹਨ ?“ ਉਸ ਨੇ ਪੁੱਛਿਆ। ਉਸ ਔਰਤ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਇਕ ਪੰਜਾਬੀ ਸਿੱਖ ਮੈਨੂੰ ਇਹ ਕਿਉਂ ਪੁੱਛ ਰਿਹਾ ਹੈ।

ਅਗਲੇ ਹੀ ਪਲ ਉਸਨੇ ਫਾਰਮਾਸਿਸਟ ਵੱਲ ਮੁੜਕੇ ਉਸਨੂੰ ਪੁੱਛਿਆ ਕਿ ਉਸ ਦੀਆਂ ਦਵਾਈਆਂ ਦੀ ਕੀਮਤ ਕਿੰਨੀ ਹੈ ? ਤੁਰੰਤ ਹਿਸਾਬ ਕਰਨ ਤੋਂ ਬਾਅਦ ਫਾਰਮਾਸਿਸਟ ਨੇ ਉਸ ਨੂੰ ਦੱਸਿਆ ਕਿ ਕੁੱਲ ਮਿਲਾ ਕੇ 732 ਰੁਪਏ ਨੇ । ਉਸ ਸਿੱਖ ਨੇ ਆਪਣਾ ਕ੍ਰੈਡਿਟ ਕਾਰਡ ਦੁਕਾਨਦਾਰ ਦੇ ਅੱਗੇ ਰੱਖਦਿਆਂ ਕਿਹਾ ਆਪਣੇ ਪੈਸੇ ਇਸ ਕਾਰਡ ਤੇ ਲੈ ਲਾ ਅਤੇ ਦਵਾਈਆਂ ਦਾ ਥੈਲਾ ਮੈਨੂੰ ਦੇਦੇ। ਉਹ ਥੈਲਾ ਸਿੱਖ ਨੇ ਔਰਤ ਨੂੰ ਸੌਂਪਦਿਆਂ ਉਸ ਨੇ ਉਸ ਨੂੰ ਕਿਹਾ, “ਵਾਹਿਗੁਰੂ ਜੀ ਦੀ ਕਿਰਪਾ ਨਾਲ ਤੁਹਾਡਾ ਪੁੱਤਰ ਬਹੁਤ ਜਲਦੀ ਠੀਕ ਹੋ ਜਾਵੇਗਾ।“

ਉਹ ਦਿਆਲੂ ਸੱਜਣ ਨੇ ਆਪਣਾ ਕ੍ਰੈਡਿਟ ਕਾਰਡ ਵਾਪਿਸ ਆਪਣੀ ਜੇਬ ਵਿਚ ਪਾ ਕੇ ਚੱਲਣ ਹੀ ਲੱਗਾ ਸੀ ਤਦ ਹੀ ਔਰਤ ਹੱਥ ਜੋੜ ਸਿੱਖ ਦੇ ਅੱਗੇ ਸ਼ੁਕਰਾਨੇ ਭਰਿਆਂ ਨਮ ਅੱਖਾਂ ਨਾਲ ਦਵਾਵਾਂ ਦੇ ਰਹੀ ਸੀ ਤੇ ਕੁਝ ਦਿਨਾ ਤੱਕ ਉਹ ਪੈਸਾ ਵਾਪਿਸ ਕਰਨ ਦਾ ਉਸੇ ਥਾਂ ‘ਤੇ ਵਾਅਦਾ ਕਰ ਰਹੀ ਸੀ। ਤਦ ਹੀ ਸਿੱਖ ਨੇ ਉਸ ਦੇ ਸਿਰ ਤੇ ਹੱਥ ਰੱਖਦੇ ਹੋਏ ਕਿਹਾ , ਬੇਟਾ ਧੀਆਂ ਤੋਂ ਪੈਸਾ ਨਹੀਂ ਲਇਦਾ, ਧੀਆਂ ਤਾਂ ਧਿਆਨਿਆਂ ਹੁੰਦੀਆਂ ਹਨ, ਇਹ ਸੁਣ ਔਰਤ ਸਿੱਖ ਨੂੰ ਅੱਲਾਂ ਦੇ ਨੇਕ ਬੰਦੇ ਤੇ ਹੋਰ ਕਈ ਅਸ਼ੀਸਾਂ ਦਿੰਦੇ ਹੋਏ ਤੁਰਨ ਲੱਗੀ ਤੇ ਸਿੱਖ ਨੇ ਕਿਹਾ ਮੈਂ ਤਾਂ ਗੁਰੂ ਘਰ ਜਾ ਰਿਹਾ ਸੀ, ਤੇ ਪਰ ਹੁਣ ਮੈਂ ਘਰ ਵਾਪਿਸ ਜਾ ਸਕਦਾ ਹਾਂ।“

**ਸੁਰਜੀਤ ਸਿੰਘ ਫਲੋਰਾ 647-829-9397**

# ਸੁਧਾਰ ਬਹੁਤ ਜ਼ਰੂਰੀ

ਸੰਯੁਕਤ ਰਾਸ਼ਟਰ ਵਿੱਚ ਸੁਧਾਰ ਨੂੰ ਲੈ ਕੇ ਜ਼ਿਆਦਾਤਰ ਦੇਸ਼ ਲੰਬੇ ਸਮੇਂ ਤੋਂ ਆਵਾਜ਼ ਉਠਾਉਂਦੇ ਰਹੇ ਹਨ ਪਰ ਹੁਣ ਤੱਕ ਇਸ ਦਿਸ਼ਾ ਵਿੱਚ ਅਜਿਹਾ ਕੁਝ ਨਹੀਂ ਦਿਸਿਆ ਜਿਸ ਤੋਂ ਇਹ ਸੰਕੇਤ ਮਿਲਦੇ ਹੋਣ ਕਿ ਬਦਲੀਆਂ ਹੋਈਆਂ ਕੌਮਾਂਤਰੀ ਪ੍ਰਸਥਿਤੀਆਂ ਵਿੱਚ ਇਹ ਸੰਸਥਾ ਬਦਲੇਗੀ। ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਨੂੰ 75 ਸਾਲ ਹੋ ਚੁੱਕੇ ਹਨ। ਉਦੋਂ ਤੋਂ ਹੁਣ ਤੱਕ ਦੁਨੀਆਂ ਵਿੱਚ ਵੱਡੇ ਬਦਲਾਓ ਆ ਚੁੱਕੇ ਹਨ। ਵਿਸ਼ਵ ਯੁੱਧ, ਸ਼ੀਤ ਯੁੱਧ ਜਿਹੇ ਭਿਆਨਕ ਦੌਰਾਂ ਵਿਚੋਂ ਦੁਨੀਆਂ ਗੁਜ਼ਰ ਚੁੱਕੀ ਹੈ। ਮਹਾਂਸ਼ਕਤੀਆਂ ਦੇ ਮਾਇਨੇ ਅਤੇ ਸਰੂਪ ਬਦਲ ਚੁੱਕੇ ਹਨ। ਅਜਿਹੇ ਵਿੱਚ ਦੁਨੀਆਂ ਨੂੰ ਕੌਮਾਂਤਰੀ ਵਿਵਸਥਾ ਵਿੱਚ ਬੰਨ੍ਹੀ ਰੱਖਣ ਦੀ ਜ਼ਿੰਮੇਵਾਰੀ ਨਿਭਾਉਣ ਵਾਲੇ ਸੰਯੁਕਤ ਰਾਸ਼ਟਰ ਵਿੱਚ ਸੁਧਾਰ ਦੀ ਲੋੜ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਅੱਜ ਜਿਨ੍ਹਾਂ ਦੇਸ਼ਾਂ ਦਾ ਇਸ ਸੰਸਥਾ ਉਤੇ ਕੰਟਰੋਲ ਬਣਿਆ ਹੋਇਆ ਹੈ ਉਹ ਸੁਧਾਰ ਦੀ ਗੱਲ ਤਾਂ ਕਰਦੇ ਹਨ ਪਰ ਉਸ ਦਿਸ਼ਾ ਵਿੱਚ ਕਦਮ ਚੁੱਕਣ ਤੋਂ ਬਚਦੇ ਰਹੇ ਹਨ। ਅਜਿਹੇ ਵਿੱਚ ਸੰਯੁਕਤ ਰਾਸ਼ਟਰ ਵਿੱਚ ਸੁਧਾਰ ਦੀ ਗੱਡੀ ਕਿਵੇਂ ਵਧੇ, ਇਸ ਵੱਡਾ ਸਵਾਲ ਹੈ। ਇਸ ਲਈ ਸੰਯੁਕਤ ਰਾਸ਼ਟਰ ਮਹਾਂਸਭਾ ਦੇ 76ਵੇਂ ਸੈਸ਼ਨ ਦੇ ਚੇਅਰਮੈਨ ਅਬਦੁੱਲਾ ਸ਼ਾਹਿਦ ਨੇ ਸੁਰੱਖਿਆ ਪ੍ਰੀਸ਼ਦ ਵਿੱਚ ਸੁਧਾਰ ਦੇ ਮੁੱਦੇ ਉਤੇ ਕਦਮ ਵਧਾਉਣ ਦੀ ਗੱਲ ਕਹੀ ਹੈ। ਸੁਰੱਖਿਆ ਪ੍ਰੀਸ਼ਦ ਵਿੱਚ ਸੁਧਾਰ ਦਾ ਮੁੱਦਾ ਅਸਲ ਵਿੱਚ ਮੈਂਬਰੀ ਨਾਲ ਜੁੜਿਆ ਹੋਇਆ ਹੈ। ਇਸ ਸਮੇਂ ਸੁਰੱਖਿਆ ਪ੍ਰੀਸ਼ਦ ਦੇ ਪੰਜ ਸਥਾਈ ਮੈਂਬਰ ਅਮਰੀਕਾ, ਬ੍ਰਿਟੇਨ, ਫਰਾਂਸ, ਰੂਸ ਅਤੇ ਚੀਨ ਹਨ। ਪਰ ਇਹ ਦੇਸ਼ ਕਿਸੇ ਹੋਰ ਦੇਸ਼ ਨੂੰ ਸਥਾਈ ਮੈਂਬਰ ਦੇ ਰੂਪ ਵਿੱਚ ਦਾਖਲ ਕਰਨ ਦੇ ਲਈ ਰਾਜ਼ੀ ਹੁੰਦੇ ਨਜ਼ਰ ਨਹੀਂ ਆਉਂਦੇ। ਇਨ੍ਹਾਂ ਦੇਸ਼ਾਂ ਨੂੰ ਵੀਟੋ ਦਾ ਅਧਿਕਾਰ ਮਿਲਿਆ ਹੋਇਆ ਹੈ। ਇਸ ਲਈ ਤਮਾਮ ਮੁੱਦਿਆਂ ਉਤੇ ਇਹ ਦੇਸ਼ ਵੀਟੋ ਦੇ ਅਧਿਕਾਰ ਦਾ ਇਸਤੇਮਾਲ ਕਰਦੇ ਹੋਏ ਅਹਿਮ ਫੈਸਲਿਆਂ ਵਿੱਚ ਵੀ ਰੁਕਾਵਟ ਖੜ੍ਹੀ ਕਰ ਦਿੰਦੇ ਹਨ। ਇਸ ਲਈ ਵੀ ਸੁਰੱਖਿਆ ਪ੍ਰੀਸ਼ਦ ਦਾ ਵਿਸਥਾਰ ਇਕ ਜਟਿਲ ਮੁੱਦਾ ਬਣ ਗਿਆ ਹੈ। ਭਾਰਤ ਲੰਬੇ ਸਮੇਂ ਤੋਂ ਸੁਰੱਖਿਆ ਪ੍ਰੀਸ਼ਦ ਵਿੱਚ ਸਥਾਈ ਮੈਂਬਰੀ ਦੀ ਮੰਗ ਕਰਦਾ ਆਇਆ ਹੈ। ਉਂਝ ਚੀਨ ਨੂੰ ਛੱਡ ਦੇਈਏ ਤਾਂ ਬਾਕੀ ਸਥਾਈ ਮੈਂਬਰ ਭਾਰਤ ਦੀ ਦਾਅਵੇਦਾਰੀ ਦਾ ਸਮਰਥਨ ਕਰਦੇ ਆਏ ਹਨ। ਹਾਲ ਹੀ ਵਿੱਚ ਚਾਰ ਦੇਸ਼ਾਂ-ਭਾਰਤ, ਜਰਮਨੀ, ਜਪਾਨ ਅਤੇ ਬ੍ਰਾਜ਼ੀਲ ਨੇ ਵੀ ਇਸ ਮੁੱਦੇ ਨੂੰ ਉਠਾਇਆ। ਚਾਰੋਂ ਹੀ ਦੇਸ਼ ਦੁਨੀਆਂ ਦੀਆਂ ਆਰਥਿਕ ਸ਼ਕਤੀਆਂ ਵਿੱਚ ਸ਼ਾਮਲ ਹਨ। ਇਨ੍ਹਾਂ ਦੀ ਖੇਤਰੀ ਹੈਸੀਅਤ ਵੀ ਘੱਟ ਨਹੀਂ ਹੈ। ਕੌਮਾਂਤਰੀ ਪੱਧਰ ਉਤੇ ਵੱਡੇ ਸਮੂਹਾਂ ਵਿੱਚ ਸ਼ਾਮਲ ਹਨ। ਭਾਰਤੀ ਅਤੇ ਬ੍ਰਾਜ਼ੀਲ ਬ੍ਰਿਕਸ ਸਮੂਹ ਦੇ ਮੈਂਬਰ ਹਨ, ਜਿਸ ਵਿੱਚ ਰੂਸ ਅਤੇ ਚੀਨ ਵੀ ਹਨ। ਜਪਾਨ ਅਤੇ ਭਾਰਤ ਕੁਆਡ ਦੇਸ਼ਾਂ ਦੇ ਸਮੂਹ ਵਿੱਚ ਹਨ। ਜਿਨ੍ਹਾਂ ਦੀ ਕਮਾਨ ਅਮਰੀਕਾ ਨੇ ਸੰਭਾਲੀ ਹੋਈ ਹੈ। ਜਰਮਨੀ ਯੂਰਪ ਦੀ ਵੱਡੀ ਅਰਥ ਵਿਵਸਥਾ ਵਾਲਾ ਦੇਸ਼ ਹੈ। ਅਜਿਹੇ ਵਿੱਚ ਇਨ੍ਹਾਂ ਦੇਸ਼ਾਂ ਨੂੰ ਸੁਰੱਖਿਆ ਪ੍ਰੀਸ਼ਦ ਵਿੱਚ ਸਥਾਈ ਮੈਂਬਰੀ ਕਿਉਂ ਨਹੀਂ ਮਿਲਣੀ ਚਾਹੀਦੀ? ਅੱਜ ਦੁਨੀਆਂ ਅੱਤਵਾਦ, ਗ੍ਰਹਿਯੁੱਧ, ਵੱਖਵਾਦੀ ਹਿੰਸਾ, ਸ਼ਰਨਾਰਥੀ ਸਮੱਸਿਆ, ਜਲਵਾਯੂ ਸੰਕਟ, ਪ੍ਰਮਾਣੂ ਹਥਿਆਰਾਂ ਦੀ ਦੌੜ ਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ।

# ਮਸ਼ੀਨੀਕਰਨ ਦੇ ਯੁੱਗ ’ਚ ਲੁਪਤ ਹੋ ਚੱਲੇ ‘ਮਿੱਟੀ ਵਾਲੇ ਚੁੱਲ੍ਹੇ’

ਅਜੋਕੇ ਤੇਜ਼ ਰਫ਼ਤਾਰ ਤੇ ਮਸ਼ੀਨੀਕਰਨ ਦੇ ਯੁੱਗ ’ਚ ਮਿੱਟੀ ਵਾਲੇ ਚੁੱਲ੍ਹਿਆਂ ਦੀ ਕਦਰ ਘਟਦੀ ਜਾ ਰਹੀ ਹੈ। ਇਨ੍ਹਾਂ ਦੀ ਜਗ੍ਹਾਂ ਹੁਣ ਗੈਸੀ ਤੇ ਬਿਜਲਈ ਚੁੱਲ੍ਹਿਆ ਨੇ ਲੈ ਲਈ ਹੈ। ਪੰਜਾਬੀ ਸੱਭਿਆਚਾਰ ’ਚ ਆਪਣੀ ਵਿਸ਼ੇਸ਼ ਥਾਂ ਰੱਖਣ ਵਾਲਾ ਮਿੱਟੀ ਵਾਲਾ ਚੁੱਲ੍ਹਾ ਹੁਣ ਬੀਤੇ ਸਮੇਂ ਦੀਆਂ ਗੱਲਾਂ ਬਣਦਾ ਜਾ ਰਿਹਾ ਹੈ। ਚੁੱਲ੍ਹੇ ਬਣਾ ਕੇ ਗੁਜ਼ਾਰਾ ਕਰਨ ਵਾਲੇ ਕਾਰੀਗਰ ਵੀ ਹੁਣ ਟਾਂਵੇ-ਟਾਂਵੇ ਤੇ ਉਂਗਲਾਂ ’ਤੇ ਗਿਣਨ ਜੋਗੇ ਰਹਿ ਗਏ ਹਨ। ਚੁੱਲ੍ਹੇ ਕਿਸ ਤਰ੍ਹਾਂ ਬਣਾਏ ਜਾਂਦੇ ਹਨ, ਆਓ ਤੁਹਾਨੂੰ ਉਸ ਦੀ ਬਣਤਰ ਬਾਰੇ ਦੱਸਦੇ ਹਾਂ। ਚੁੱਲ੍ਹਾ ਬਣਾਉਣ ਲਈ ਸਭ ਤੋਂ ਪਹਿਲਾਂ ਮਿੱਟੀ ਦੀ ਲੋੜ ਪੈਂਦੀ ਹੈ। ਪਹਿਲਾ ਚੰਗੀ ਕਾਲੀ ਚਿਉਕਣੀ ਮਿੱਟੀ ਪਿੰਡ ਵਿਚੋਂ ਜਾਂ ਨੇੜੇ-ਤੇੜੇ ਦੇ ਪਿੰਡਾਂ ਵਿਚੋਂ, ਜਿਥੋਂ ਵੀ ਮਿਲਦੀ ਹੈ, ਉਸ ਨੂੰ ਚੁੱਲ੍ਹੇ ਤਿਆਰ ਕਰਨ ਵਾਲੀ ਥਾਂ ’ਤੇ ਲਿਆਉਂਦੇ ਹਨ। ਫਿਰ ਉਸ ਮਿੱਟੀ ’ਚ ਤੂੜੀ ਮਿਲਾ ਕੇ ਘਾਣੀ ਤਿਆਰ ਕੀਤੀ ਜਾਂਦੀ ਹੈ। ਜਣ ਘਾਣੀ ਚੰਗੀ ਤਰ੍ਹਾਂ ਤਿਆਰ ਹੋ ਕੇ ਮੱਖਣ ਦੀ ਤਰ੍ਹਾ ਮਲਾਇਮ ਹੋ ਜਾਂਦੀ ਹੈ ਫਿਰ ਇਸ ਤੋਂ ਬਾਅਦ ਟੁੱਟੇ ਹੋਏ ਘੜੇ ਦਾ ਹੇਠਲਾ ਅੱਧ ਹਿੱਸਾ ਲਿਆ ਜਾਂਦਾ ਹੈ, ਫਿਰ ਉਸ ਉੱਪਰ ਚੁੱਲ੍ਹਾ ਬਣਾਉਣਾ ਸ਼ੁਰੂ ਕੀਤਾ ਜਾਂਦਾ ਹੈ। ਇਸ ਟੁੱਟੇ ਹੋਏ ਘੜੇ ਉੱਪਰ ਰੋਜਾਨਾ ਮਿੱਟੀ ਦੇ ਨਿੱਕੇ-ਨਿੱਕੇ ਵਾਰ ਦੇ ਦੇ ਕੇ ਤਿਆਰ ਜਾਂਦਾ ਹੈ। ਪਹਿਲਾਂ ਚੁੱਲ੍ਹੇ ਦਾ ਉਨ੍ਹਾਂ ਕੁ ਹਿੱਸਾ ਬਣਾਇਆ ਜਾਂਦਾ ਹੈ, ਜਿਨ੍ਹਾਂ ਖੜ੍ਹਾ ਰਹਿ ਸਕੇ। ਇਹ ਵਾਰ ਬੜੇ ਧਿਆਨ ਨਾਲ ਦਿੱਤੇ ਜਾਂਦੇ ਹਨ ਤਾਂ ਕਿ ਚੁੱਲ੍ਹੇ ਵਿੱਚ ਚਿੱਬ ਨਾ ਪੈ ਜਾਣ। ਚੁੱਲ੍ਹੇ ਦੇ ਪਿੱਛੇ ਅਤੇ ਅੱਗੇ ਖੜੋ ਕੇ ਇਹ ਵੇਖਿਆ ਜਾਂਦਾ ਹੈ ਕਿ ਕੋਈ ਪਾਸਾ ਵੱਡਾ-ਛੋਟਾ ਤਾਂ ਨਹੀਂ ਜਾਂ ਚੁੱਲ੍ਹਾ ਟੇਢਾ-ਮੇਢਾ ਤਾਂ ਨਹੀਂ। ਜੇ ਕਿਸੇ ਪਾਸੇ ਤੋਂ ਚੁੱਲ੍ਹਾ ਟੇਢਾ-ਮੇਢਾ ਹੋਵੇ ਤਾਂ ਉਸ ਨੂੰ ਠੀਕ ਕੀਤਾ ਜਾਂਦਾ ਹੈ। ਫਿਰ ਚੰਗੀ ਤਰ੍ਹਾਂ ਗੁੰਨੀ ਹੋਈ ਮਿੱਟੀ ਨਾਲ ਚੁੱਲ੍ਹੇ ਦੇ ਦੋਹਾਂ ਬੰਟਿਆਂ ’ਤੇ ਮੋਰਨੀਆਂ, ਘੁੱਗੀਆਂ, ਗਟਾਰਾਂ, ਫੁੱਲ-ਬੂਟੇ ਅਤੇ ਹੋਰ ਅਕ੍ਰਿਤੀਆਂ ਬਣਾਈਆਂ ਜਾਂਦੀਆਂ ਹਨ। ਫਿਰ ਇਸ ਨੂੰ ਸੁੱਕਣ ਲਈ ਧੁੱਪੇ ਰੱਖ ਦਿੱਤਾ ਜਾਂਦਾ ਹੈ। ਜਦੋਂ ਨਵਾਂ ਬਣਾਇਆ ਹੋਇਆ ਚੁੱਲ੍ਹਾ ਚੰਗੀ ਤਰ੍ਹਾਂ ਸੁੱਕ ਜਾਂਦਾ ਹੈ, ਫਿਰ ਇਸ ਉੱਪਰ ਪਾਂਡੂ ਮਿੱਟੀ ਦਾ ਪਰੋਲਾ ਫੇਰ ਦਿੱਤਾ ਜਾਂਦਾ ਹੈ ਤੇ ਫਿਰ ਇਸ ਨੂੰ ਚੌਂਕੇ ਵਿਚ ਲਿਜਾ ਕੇ ਜੜ੍ਹ ਲਿਆ ਜਾਂਦਾ ਹੈ। ਚੁੱਲ੍ਹੇ ਬਣਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ, ਬਹੁਤ ਸਮਾਂ ਲਾ ਕੇ ਸੋਹਦੀ ਦਿੱਖ ਵਾਲਾ ਤੇ ਮਜਬੂਤ ਚੁੱਲ੍ਹਾ ਬਣਦਾ ਹੈ। ਚੁੱਲ੍ਹੇ ਬਣਾਉਣਾ ਵੀ ਇਕ ਕਲਾ ਹੈ। ਮਾਤਾ ਹਰਜੀਤ ਕੌਰ ਨੂੰ ਇਹ ਹਸਤ ਕਲਾ ਦਾ ਖਜ਼ਾਨਾ ਆਪਣੇ ਵਿਰਸੇ ’ਚੋਂ ਮਿਲਿਆ। ਵਧੀਆਂ ਲੋੜਾਂ ਅਤੇ ਬਜ਼ਾਰੂ ਸੱਭਿਆਚਾਰ ਦੀ ਤਰੱਕੀ ’ਚ ਅੱਜ ਸਭ ਹਸਤ ਕਲਾਵਾਂ ਮਸ਼ੀਨੀਕਰਨ ਦੀ ਭੇਂਟ ਚੜ੍ਹ ਰਹੀਆਂ ਹਨ। ਹਰ ਖੇਤਰ ਵਿਚ ਹੱਥ ਨਾਲ ਕੀਤਾ ਜਾਣ ਵਾਲਾ ਕੰਮ ਮਸ਼ੀਨਾਂ ਦੁਆਰਾ ਕੀਤਾ ਜਾ ਰਿਹਾ ਹੈ। ਅਜੋਕੀ ਪੀੜ੍ਹੀ ਵੀ ਹੱਥੀ ਕੰਮ ਸਿੱਖਣ ਨੂੰ ਤਰਜੀਹ ਨਹੀਂ ਦੇ ਰਹੀ। ਪਹਿਲਾਂ ਲੋਕਾਂ ਦੁਆਰਾ ਹੱਥੀਂ ਕੰਮ ਕਰਨ ਨੂੰ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਸੀ। ਜਿਵੇਂ ਹੋਰ ਬਹੁਤ ਸਾਰੀਆਂ ਹਸਤ ਕਲਾਵਾਂ ਜਿਵੇਂ ਕੰਧ ਚਿੱਤਰ ਬਣਾਉਣੇ, ਦਰੀਆਂ, ਖੇਸ, ਚਾਦਰਾਂ ਬੁਣਨਾ, ਲੱਕੜ ’ਤੇ ਮੀਨਾਕਾਰੀ ਕਰਨੀ, ਮੂਰਤੀਕਾਰੀ ਆਦਿ ਹਸਤ ਕਲਾਵਾਂ ਖਤਮ ਹੋ ਰਹੀਆਂ ਹਨ, ਉਸੇ ਤਰ੍ਹਾਂ ਚੁੱਲ੍ਹੇ ਬਣਾਉਣ ਵਾਲੀ ਇਹ ਹਸਤ ਕਲਾ ਵੀ ਸਮੇਂ ਦੀ ਧੂੜ ’ਚ ਲੁਪਤ ਹੁੰਦੀ ਜਾ ਰਹੀ ਹੈ।

**-ਤਸਵਿੰਦਰ ਸਿੰਘ ਬੜੈਚ**
**ਪਿੰਡ ਦੀਵਾਲਾ, ਤਹਿਸੀਲ ਸਮਰਾਲਾ,**
**ਜਿਲ੍ਹਾ ਲੁਧਿਆਣਾ।**
**ਮੋਬਾ÷75279-31887**

# ਪੰਜਾਬ ਦੇ ਅਮਨ ਨੂੰ ਖ਼ਤਰਾ ਦੱਸਣ ਵਾਲੇ ਜ਼ਿਆਦਾ ਚਿੰਤਤ ਨਾ ਹੋਣ : ਰੰਧਾਵਾ

ਜਲੰਧਰ : ਕੁਝ ਸਵਾਰਥੀ ਤੱਤਾਂ ਵਲੋਂ ਆਪਣੇ ਸੌੜੇ ਹਿੱਤਾਂ ਲਈ ਪੰਜਾਬ ਵਿਚ ਅਤੇ ਇਸ ਤੋਂ ਬਾਹਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਲੈ ਕੇ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ ਖਿਲਾਫ ਚਿਤਾਵਨੀ ਦਿੰਦੇ ਹੋਏ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਅਜਿਹੀਆਂ ਕੋਝੀਆਂ ਹਰਕਤਾਂ ਨਾਲ ਸੂਬੇ ਦੇ ਲੋਕਾਂ ਦਰਮਿਆਨ ਬੇਲੋੜਾ ਡਰ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਹੁੰਦੀ ਹੈ। ਸੂਬੇ ’ਚ ਸਰਕਾਰ ਬਦਲਣ ਮਗਰੋਂ ਪਾਕਿਸਤਾਨ ਤੋਂ ਦਰਪੇਸ਼ ਖਤਰੇ ਸਬੰਧੀ ਬਖੇੜਾ ਖੜ੍ਹਾ ਕਰਨ ਵਾਲੇ ਸਮੂਹ ਆਲੋਚਕਾਂ ਨੂੰ ਉਨ੍ਹਾਂ ਕਿਹਾ ਕਿ ਚਿੰਤਾ ਨਾ ਕਰੋ, ਪੰਜਾਬ ਸੁਰੱਖਿਅਤ ਹੱਥਾਂ ਵਿਚ ਹੈ ਅਤੇ ਜਦੋਂ ਵੀ ਲੋੜ ਪਈ ਤਾਂ ਹਰ ਕੁਰਬਾਨੀ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਨਵਜੋਤ ਸਿੰਘ ਸਿੱਧੂ ਨੂੰ ਨਿਸ਼ਾਨੇ ’ਤੇ ਲੈਂਦੇ ਹੋਏ ਪੰਜਾਬ ਵਿਚ ਅਡੋਲਤਾ ਵਾਲਾ ਮਾਹੌਲ ਬਣਨ ਅਤੇ ਇਸ ਦਾ ਲਾਭ ਪਾਕਿਸਤਾਨੀ ਖੁਫੀਆ ਏਜੰਸੀ ਆਈ. ਐੱਸ. ਆਈ. ਨੂੰ ਮਿਲਣ ਦੀ ਗੱਲ ਕਹੀ ਸੀ। ਅਜਿਹਾ ਹੀ ਕੁਝ ਸੀਨੀਅਰ ਕਾਂਗਰਸ ਨੇਤਾ ਕਪਿਲ ਸਿੱਬਲ ਵੱਲੋਂ ਵੀ ਕਿਹਾ ਗਿਆ ਹੈ। ਰੰਧਾਵਾ ਜਿਨ੍ਹਾਂ ਕੋਲ ਗ੍ਰਹਿ ਵਿਭਾਗ ਵੀ ਹੈ, ਇਥੇ ਸੈਕਟਰ-9 ਸਥਿਤ ਪੰਜਾਬ ਪੁਲਿਸ ਦੇ ਹੈੱਡਕੁਆਰਟਰ ਵਿਖੇ ਸਵੇਰੇ 9 ਵਜੇ ਅਚਨਚੇਤੀ ਚੈਕਿੰਗ ਕਰਨ ਉਪਰੰਤ ਗੱਲਬਾਤ ਕਰ ਰਹੇ ਸਨ। ਉਨ੍ਹਾਂ ਨਾਲ ਕਾਰਜਕਾਰੀ ਡੀ. ਜੀ. ਪੀ. ਇਕਬਾਲਪ੍ਰੀਤ ਸਿੰਘ ਸਹੋਤਾ, ਏ. ਡੀ. ਜੀ. ਪੀ. ਕਾਨੂੰਨ ਤੇ ਵਿਵਸਥਾ ਗੌਰਵ ਯਾਦਵ, ਏ. ਡੀ. ਜੀ. ਪੀ. ਪ੍ਰੋਵੀਜ਼ਨਿੰਗ ਨਰੇਸ਼ ਅਰੋੜਾ ਅਤੇ ਏ. ਡੀ. ਜੀ. ਪੀ. ਤਕਨੀਕੀ ਸੇਵਾਵਾਂ ਕੁਲਦੀਪ ਸਿੰਘ ਵੀ ਸਨ। ਜ਼ਿਕਰਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸੂਬਾ/ਜ਼ਿਲ੍ਹਾ/ਤਹਿਸੀਲ/ਬਲਾਕ ਪੱਧਰ ’ਤੇ ਸਾਰੇ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਨੂੰ ਸਵੇਰੇ 9 ਵਜੇ ਤੋਂ ਆਪੋ-ਆਪਣੇ ਦਫਤਰਾਂ ਵਿਚ ਪਹੁੰਚਣ ਅਤੇ ਦਫਤਰੀ ਸਮੇਂ ਤੱਕ ਆਪਣੇ ਦਫਤਰ ’ਚ ਮੌਜੂਦ ਰਹਿਣ ਦੀਆਂ ਹਦਾਇਤਾਂ ਦਿੱਤੀਆਂ ਹਨ ਤਾਂ ਜੋ ਸੂਬੇ ਦੇ ਲੋਕਾਂ ਨੂੰ ਸਰਕਾਰੀ ਸੇਵਾਵਾਂ ਨਿਰਵਿਘਨ ਤੇ ਸੌਖਾਲੀਆਂ ਦਿੱਤੀਆਂ ਜਾਣ। ਉੱਪ ਮੁੱਖ ਮੰਤਰੀ ਨੇ ਕਿਹਾ ਕਿ ਹਾਲਾਂਕਿ ਇਹ ਸੱਚ ਹੈ ਕਿ ਪਾਕਿਸਤਾਨ ਅਤੇ ਉਸ ਦੀਆਂ ਜਾਸੂਸੀ ਏਜੰਸੀਆਂ ਭਾਰਤ ਅਤੇ ਸਰਹੱਦੀ ਸੂਬੇ ਪੰਜਾਬ ਲਈ ਹਮੇਸ਼ਾ ਖਤਰੇ ਪੈਦਾ ਕਰਦੀਆਂ ਰਹੀਆਂ ਹਨ ਪਰ ਇਸ ਦੇ ਨਾਲ ਹੀ ਪੰਜਾਬੀਆਂ ਨੇ ਆਪਣੀ ਹਿੰਮਤ ਅਤੇ ਹੌਸਲੇ ਨਾਲ ਹਰੇਕ ਚੁਣੌਤੀ ਦਾ ਸਾਹਮਣਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਖਤਰੇ ਸਬੰਧੀ ਕੁਝ ਵੀ ਨਵਾਂ ਨਹੀਂ ਹੈ, ਸਗੋਂ ਇਹ ਤਾਂ ਪਹਿਲਾਂ ਵੀ ਮੌਜੂਦ ਸੀ ਅਤੇ ਅੱਗੇ ਵੀ ਰਹੇਗਾ। ਉਨ੍ਹਾਂ ਸਵਾਲ ਕੀਤਾ ਕਿ ਹੁਣ 2 ਹਫਤਿਆਂ ਵਿਚ ਕੀ ਬਦਲ ਗਿਆ? ਉਨ੍ਹਾਂ ਪੰਜਾਬ ਨੂੰ ਦੇਸ਼ ਦਾ ਸੱਜਾ ਹੱਥ ਕਿਹਾ ਜਿਸ ਨੇ ਹਰ ਫਰੰਟ ’ਤੇ ਦੇਸ਼ ਦੀ ਰੱਖਿਆ ਕੀਤੀ ਹੈ। ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਦੇ ਸਮੇਂ ਦੌਰਾਨ ਕਾਂਗਰਸ ਪਾਰਟੀ ਵਲੋਂ ਕੀਤੀਆਂ ਕੁਰਬਾਨੀਆਂ ਦਾ ਹਵਾਲਾ ਦਿੰਦੇ ਹੋਏ ਰੰਧਾਵਾ ਨੇ ਕਿਹਾ ਕਿ ਇਨ੍ਹਾਂ ਕੁਰਬਾਨੀਆਂ ਤੋਂ ਹਰੇਕ ਕਾਂਗਰਸ ਵਰਕਰ ਨੂੰ ਉਤਸ਼ਾਹ ਮਿਲਿਆ ਹੈ ਅਤੇ ਇਹ ਕੁਰਬਾਨੀਆਂ ਅਜਾਈਂ ਨਹੀਂ ਜਾਣਗੀਆਂ। ਅਸੀਂ ਆਪਣੀਆਂ ਜ਼ਿੰਦਗੀਆਂ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਲਈ ਵਾਰੀਆਂ ਹਨ ਜਦੋਂਕਿ ਬਾਕੀ ਤਾਂ ਇਕ ਸੁਰੱਖਿਅਤ ਦੂਰੀ ’ਤੇ ਬੈਠ ਕੇ ਮੂਕ ਦਰਸ਼ਕ ਬਣੇ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਹ ਕੋਈ ਪਹਿਲੀ ਵਾਰ ਨਹੀਂ ਜਦੋਂ ਸਾਨੂੰ ਕੋਈ ਖਤਰਾ ਦਰਪੇਸ਼ ਹੋਵੇ। ਉੱਪ ਮੁੱਖ ਮੰਤਰੀ ਨੇ ਗਿਲਾ ਕੀਤਾ ਕਿ ਸਿਰਫ ਕੁਝ



ਰਾਜਸੀ ਵਿਰੋਧੀਆਂ ਵਲੋਂ ਬੇਲੋੜੇ ਖੌਫ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ ਤਾਂ ਜੋ ਲੋਕਾਂ ਵਿਚ ਘਬਰਾਹਟ ਫੈਲੇ। ਉਨ੍ਹਾਂ ਪੁੱਛਿਆ ਕਿ ਅਜਿਹੇ ਬੇਲੋੜੇ ਡਰ ਤੇ ਸਹਿਮ ਦਾ ਮਾਹੌਲ ਪੈਦਾ ਕਰ ਕੇ ਤੁਸੀਂ ਕਿਸ ਦੀ ਮਦਦ ਕਰਨਾ ਚਾਹੁੰਦੇ ਹੋ? ਉਨ੍ਹਾਂ ਕਿਹਾ ਕਿ ਚੁਣੌਤੀ ਦਾ ਸਾਹਮਣਾ ਕਰਨਾ ਇਕ ਗੱਲ ਹੈ ਜਦੋਂਕਿ ਝੂਠੀਆਂ ਸੂਚਨਾਵਾਂ ਰਾਹੀਂ ਅਫਵਾਹ ਫੈਲਾਉਣਾ ਸਰਾਸਰ ਗਲਤ ਹੈ। ਗ੍ਰਹਿ ਮੰਤਰੀ ਨੇ ਇਹ ਵੀ ਸਵਾਲ ਕੀਤਾ ਕਿ ਕੁਝ ਹੀ ਦਿਨਾਂ ਦੇ ਵਕਫੇ ਵਿਚ ਅਜਿਹਾ ਕੀ ਬਦਲ ਗਿਆ ਕਿ ਇਕ ਹਫਤਾ ਪਹਿਲਾਂ ਪੰਜਾਬ ਬਿਲਕੁਲ ਸੁਰੱਖਿਅਤ ਸੀ ਅਤੇ ਹੁਣ ਅਚਾਨਕ ਹੀ ਇੱਥੇ ਦਾ ਮਾਹੌਲ ਸੁਰੱਖਿਅਤ ਨਹੀਂ ਰਿਹਾ ਜਿਵੇਂ ਕਿ ਆਲੋਚਕਾਂ ਵੱਲੋਂ ਸੁਝਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਇਸ ਸਮੇਂ ਸੱਚਮੁੱਚ ਖਤਰੇ ਵਿਚ ਹੈ ਤਾਂ ਇਸ ਦੇ ਬੀਜ ਹਫਤੇ ਪਹਿਲਾਂ ਨਹੀਂ ਸਗੋਂ ਕਾਫੀ ਸਮਾਂ ਪਹਿਲਾਂ ਬੀਜੇ ਗਏ ਹੋਣਗੇ। ਉਨ੍ਹਾਂ ਇਹ ਜਵਾਬ ਵੀ ਮੰਗਿਆ ਕਿ ਇਸ ਖਤਰੇ ਨੂੰ ਨੱਥ ਪਾਉਣ ਲਈ ਕੀ ਕਦਮ ਚੁੱਕੇ ਗਏ। ਰੰਧਾਵਾ ਨੇ ਵਾਅਦਾ ਕਰਦਿਆਂ ਕਿਹਾ ਕਿ ਅੰਤ ਵਿਚ ਮੈਂ ਸਾਰਿਆਂ ਜਿਹੜੇ ਪੰਜਾਬ ਦੀ ਸ਼ਾਂਤੀ ਨੂੰ ਲੈ ਕੇ ਚਿੰਤਤ ਹਨ, ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸੂਬੇ ਦੀ ਸੁਰੱਖਿਆ, ਅਮਨ ਤੇ ਸ਼ਾਂਤੀ ਅਤੇ ਦੇਸ਼ ਦੀ ਅਖੰਡਤਾ ਨੂੰ ਕਾਇਮ ਰੱਖਣ ਲਈ ਕਿਸੇ ਵੀ ਕੁਰਬਾਨੀ ਤੋਂ ਪਿੱਛੇ ਨਹੀਂ ਹਟਿਆ ਜਾਵੇਗਾ। ਉੱਪ ਮੁੱਖ ਮੰਤਰੀ ਨੇ ਪੰਜਾਬ ਪੁਲਿਸ ਹੈਡਕੁਆਰਟਰ ’ਤੇ ਗੈਰ-ਹਾਜ਼ਰ ਰਹਿਣ ਵਾਲੇ ਪੁਲਸ ਕਰਮੀਆਂ ਨੂੰ ਇਕ ਵਾਰ ਛੱਡਦਿਆਂ ਚਿਤਾਵਨੀ ਦਿੰਦਿਆਂ ਕਿਹਾ ਕਿ ਇਸ ਚੈਕਿੰਗ ਦਾ ਮਕਸਦ ਲੋਕਾਂ ਨੂੰ ਬਿਹਤਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਨਾਗਰਿਕ-ਪੱਖੀ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਪੁਲਸ ਕਰਮੀ ਸਮੇਂ ਸਿਰ ਆਉਣ ਤਾਂ ਜੋ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਉਡੀਕ ਨਾ ਕਰਨੀ ਪਵੇ। ਉਨ੍ਹਾਂ ਕਿਹਾ ਕਿ ਪੁਲਸ ਕਰਮੀ ਇਹ ਯਕੀਨੀ ਬਣਾਉਣ ਕਿ ਪੁਲਸ ਥਾਣਿਆਂ ਵਿੱਚ ਲੋਕਾਂ ਨੂੰ ਕੋਈ ਖੱਜਲ ਖੁਆਰੀ ਨਾ ਹੋਵੇ। ਰੰਧਾਵਾ ਨੇ ਨੂੰ ਕਿਹਾ ਕਿ ਨਸ਼ਿਆਂ ਨੂੰ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਪੁਲਸ ਨੂੰ ਲੋਕਾਂ ਦੀ ਹਿੱਸੇਦਾਰੀ ਖਾਸ ਕਰ ਕੇ ਨੌਜਵਾਨਾਂ ਨੂੰ ਨਾਲ ਲੈ ਕੇ ਚੱਲਣ ’ਤੇ ਵੀ ਜ਼ੋਰ ਦਿੱਤਾ। ਇਸੇ ਦੌਰਾਨ ਉੱਪ ਮੁੱਖ ਮੰਤਰੀ ਨੇ ਇਹ ਵਿਸ਼ਵਾਸ ਦਿਵਾਇਆ ਕਿ ਸਾਰੇ ਪੁਲਸ ਅਮਲੇ ਦੀਆਂ ਤਰੱਕੀਆਂ ਸਮੇਂ ਸਿਰ ਕੀਤੀਆਂ ਜਾਣਗੀਆਂ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ 10,000 ਪੁਲਸ ਕਰਮੀਆਂ ਦੀ ਭਰਤੀ ਦਾ ਕੰਮ ਜੰਗੀ ਪੱਧਰ ’ਤੇ ਚੱਲ ਰਿਹਾ ਹੈ। ਉਨ੍ਹਾਂ ਪੁਲਸ ਵਿਚ ਖੇਡ ਕੋਟੇ ਦੀਆਂ ਅਸਾਮੀਆਂ ਸਮਾਂ ਰਹਿੰਦਿਆਂ ਭਰਨ ’ਤੇ ਵੀ ਜ਼ੋਰ ਦਿੱਤਾ।

# ਜੇ ਮੈਂ ਆਪਣੇ ਮਾਪਿਆਂ ਦੀ ਗੱਲ ਮੰਨੀ ਹੁੰਦੀ ਤਾਂ ਸ਼ਾਇਦ ਅੱਜ ਇਹ ਦਿਨ ਨਾ ਵੇਖਣੇ ਪੈਂਦੇ....

ਇਹ ਸ਼ਬਦ ਇੱਕ ਲੜਕੀ ਦੇ ਹਨ ਜੋ ਆਪਣੇ ਪਾਪਾ ਵਾਸਤੇ ਕਹੇ ਗਏ ਹਨ ਕੀ ਪਾਪਾ ਜੀ ਇੱਕ ਵਾਰ ਆ ਜਾਓ ਮੇਰੀਆ ਗਲਤੀਆ ਮਾਫ ਕਰ ਜਾਓ। ਪਾਪਾ ਦੀ ਕੁਲੀ ਤੋ ਸੁਰੱਖਿਅਤ ਸੰਸਾਰ ਵਿੱਚ ਕੁਝ ਵੀ ਨਹੀਂ ਹੁੰਦਾ ਪਰ ਜ਼ੇਕਰ ਅਸੀਂ ਸਮਝੀਏ ।ਅੱਜ ਮੈਂ ਆਪ ਜੀ ਨਾਲ ਸੱਚੀ ਜ਼ਿੰਦਗੀ ਤੇ ਪਛਤਾਵਾ ਕਰ ਰਹੀ ਲੜਕੀ ਵਾਰੇ ਦੱਸਣ ਜਾ ਰਹੀ ਤਾਂ ਜੋ ਸਾਡੇ ਸਮਾਜ ਦੇ ਮਨਚਲੇ ਤੇ ਨਾ ਸਮਝ ਲੜਕੇ ਲੜਕੀਆਂ ਨੂੰ ਕੋਈ ਅਕਲ ਆ ਜਾਵੇ ।ਇੱਕ ਵਾਰ ਮੈਂਨੂੰ ਸਾਡੇ ਪਟਿਆਲਾ ਦੇ ਇੱਕ ਸੋਸਲ ਵਰਕਰ ਨਾਲ ਜੇਲ ਵਿੱਚ ਜਾਣ ਦਾ ਮੌਕਾ ਮਿਲਿਆ। ਉਨਾਂ ਦੇ ਲੈਕਚਰ ਸਨ ਅਤੇ ਮੈ ਜੇਲ ਅਤੇ ਕੈਦੀਆਂ ਨੂੰ ਦੇਖਣ ਲਈ ਗਈ ਸੀ। ਜੇਲ ਅੰਦਰ ਆਦਮੀਆਂ ਬਜੁਰਗਾਂ ਤੋ ਇਲਾਵਾ ਔਰਤਾਂ ਅਤੇ ਲੜਕੀਆਂ ਵੀ ਸਨ। ਲੈਕਚਰ ਮਗਰੋਂ ਜਦੋ ਅਸੀਂ ਕੈਦੀ ਔਰਤਾਂ ਅਤੇ ਲੜਕੀਆਂ ਨੂੰ ਨਮਸਕਾਰ ਕਹਿਕੇ ਵਾਪਸ ਜਾਣ ਲਈ ਕੁਰਸੀਆਂ ਤੋ ਉਠੇ ਤਾਂ ਇੱਕ 35-36 ਸਾਲਾਂ ਦੀ ਔਰਤ ਸਾਡੇ ਵਲ ਆਈ ਤਾ ਜੇਲ ਅਫਸਰ ਨੇ ਉਸਨੂੰ ਰੋਕ ਦਿੱਤਾ ਤਾਂ ਉਸਨੇ ਜੇਲ ਅਫਸਰ ਨੂੰ ਦੱਸਿਆ ਕਿ ਮੈਨੂੰ ਅਤੇ ਮੇਰੇ ਨਾਲ ਗਏ ਸ੍ਰੀ ਕਾਕਾ ਰਾਮ ਵਰਮਾ ਜੋ ਰੈਡ ਕਰਾਸ ਵਿਖੇ ਟਰੇਨਿੰਗ ਅਫਸਰ ਸਨ, ਨੂੰ ਜਾਣਦੀ ਹੈ, ਸਾਡੇ ਕਹਿਣ ਤੇ ਆਫੀਸਰ ਨੇ ਉਸਨੂੰ ਸਾਡੇ ਕੋਲ ਭੇਜ ਦਿਤਾ ਉਸਨੇ ਆਕੇ ਮੇਰੇ ਅਤੇ ਸ੍ਰੀ ਕਾਕਾ ਰਾਮ ਵਰਮਾ ਜੀ ਦੇ ਪੈਰ ਛੂਹੇ। ਮੈਂ ਉਸ ਨੂੰ ਪਹਿਚਾਨਣ ਦੀ ਕੋਸਸਿ ਕੀਤੀ ਪਰ ਯਾਦ ਨਾ ਆਇਆ ਤਾਂ ਉਸ ਨੇ ਹੱਥ ਜੋੜ ਕੇ ਕਿਹਾ ਮੈ ਤੁਹਾਡੇ ਸਕੂਲ ਵਿੱਚ ਪੜਦੀ ਸੀ ਮੇਰਾ ਨਾਮ..(ਗੁਪਤ ਰੱਖਿਆ ਹੈਂ.) ਹੈ, ਮੈਂ ਕਲਾਸ ਵਿੱਚ ਬਹੁਤ ਸਰਾਰਤੀ ਕਹਿਣਾ ਨਾ ਮੰਨਣ ਵਾਲੀ ਸਕੂਲੋਂ ਭੱਜਕੇ ਸਿਨੇਮੇ ਦੇਖਣ ਜਾਂਦੀ ਸੀ ਅਤੇ ਤੁਸੀਂ ਮੈਨੂੰ ਸਕੂਲ ਤੋ ਕੱਢ ਦਿੱਤਾ ਸੀ ਮੇਰੇ ਪਾਪਾ ਮੰਮੀ ਜੀ ਦੇ ਬੇਨਤੀਆਂ ਕਰਨ ਤੇ ਫੇਰ ਦਾਖਲ ਕਰ ਲਿਆ ਸੀ। ਮੈਂ ਉਸ ਨੂੰ ਪਹਿਚਾਣ ਗਈ ਅਤੇ ਜੇਲ ਆਫੀਸਰ ਨੂੰ ਬੇਨਤੀ ਕਰਨ ਤੇ ਉਨ੍ਹਾਂ ਨੇ ਉਸਨੂੰ ਸਾਡੇ ਕੋਲ ਬਿਠਾ ਦਿੱਤਾ। ਉਸਨੇ ਦੱਸਿਆ ਕਿ ਉਹ ਆਪਣੇ ਮੰਮੀ ਪਾਪਾ ਭਾਈ ਭੈਣ ਨੂੰ ਆਪਣਾ ਦੁਸ਼ਮਣ ਸਮਝਦੀ ਸੀ ਕਿਉਂਕਿ ਮੇਰੀ ਮੰਮੀ ਮੈਨੂੰ ਪਾਪਾ ਦੇ ਕੰਮ ਤੇ ਜਾਣ ਮਗਰੋਂ ਬਹੁਤ ਸਮਝਾਇਆ ਕਰਦੀ ਸੀ ਅਤੇ ਮਾਰਦੀ ਕੁਟਦੀ ਸੀ। ਉਹ ਮੈਨੂੰ ਮੌਜ ਮਸਤੀ ਕਰਨ ਤੋ ਰੋਕਦੇ ਸਨ। ਫੇਰ ਇੱਕ ਦਿਨ ਉਹ ਸਖਤ ਬਿਮਾਰ ਹੋ ਗਈ ਤਾ ਮੈਨੂੰ ਮਰਨ ਤੋਂ ਬਚਾਉਣ ਲਈ ਮੇਰੇ ਪਾਪਾ ਨੇ ਆਪਣੀ ਇੱਕ ਕਿਡਨੀ ਵੇਚੀ ਸੀ। ਮੈ ਠੀਕ ਹੋ ਕੇ ਵੀ ਮੰਮੀ ਪਾਪਾ ਦੇ ਪਿਆਰ ਨੂੰ ਸਮਝ ਨਹੀਂ ਸਕੀ ਅਤੇ ਇੱਕ ਦਿਨ ਘਰੋ ਭੱਜ ਗਈ। ਦੋ ਮਹੀਨਿਆਂ ਮਗਰੋਂ ਪੁਲਿਸ ਮੈਨੂੰ ਬੰਬਈ ਤੋਂ ਫੜਕੇ ਲੈਕੇ ਆਈ ਮੈਨੂੰ ਜੇਲ ਹੋਈ ਮੇਰੀ ਜਮਾਨਤ ਲਈ ਅਤੇ ਕੇਸ ਲੜਨ ਲਈ ਪਾਪਾ ਨੇ ਘਰ ਗਿਰਵੀ ਰੱਖ ਦਿੱਤਾ। ਮੈ ਉਸ ਸਮੇਂ ਤੱਕ ਨਸ਼ਿਆ ਦੀ ਆਦਿ ਹੋ ਚੁੱਕੀ ਸੀ ਅਤੇ ਨਸ਼ੇ ਖਰੀਦਣ ਲਈ ਮੈ ਆਪਣੇ ਘਰ ਮਹੱਲੇ ਅੰਦਰ ਚੋਰੀਆ ਵੀ ਕਰਦੀ ਸੀ ਅਤੇ ਇੱਕ ਦਿਨ ਮੈਂ ਨਸ਼ੇ ਖਰੀਦਣ ਲਈ ਮੰਮੀ ਦੇ ਸੋਨੇ ਦੇ ਗਹਿਣੇ ਚੋਰੀ ਕੀਤੇ ਪਾਪਾ ਨੇ ਬਹੁਤ ਸਮਝਾਇਆ ਮਾਰਿਆ ਕੁੱਟਿਆ ਵੀ। ਪਰ ਗੰਦੀਆ ਆਦਤਾਂ ਅਤੇ ਗੰਦੇ ਸਾਥੀ ਛੱਡਣੇ ਅਸੰਭਵ ਲਗਦੇ ਹਨ ਅਤੇ ਮੈਨੂੰ ਇੱਕ ਦਿਨ ਆਪਣੇ ਮੰਮੀ ਜੀ ਨੂੰ ਜਹਿਰ ਦੇਕੇ ਮਾਰ ਦਿੱਤਾ ਤਾਂ ਜੋ ਮੈ ਐਸ ਕਰਦੀ ਰਹਾਂ ਅਤੇ ਮੈਨੂੰ ਰੋਕਣ ਟੋਕਣ ਵਾਲਾ ਕੋਈ ਨਾ ਹੋਵੇ। ਪਰ ਇਸ ਅਪਰਾਧ ਕਾਰਨ ਮੈਨੂੰ ਉਮਰ ਕੈਦ ਹੋ ਗਈ ਅਤੇ ਮੈ ਕਈ ਸਾਲਾਂ ਤੋ ਜੇਲ ਅੰਦਰ ਰੋ ਰੋ ਕੇ ਜੀਅ ਰਹੀ ਹਾਂ। ਪਰ ਮੈਡਮ ਜੀ ਜੇਕਰ ਮੈਂ ਉਸ ਸਮੇਂ ਤੁਹਾਡੀ ਗੱਲ ਸਮਝ ਜਾਂਦੀ,ਆਪਣੇ ਮੰਮੀ ਪਾਪਾ ਜੀ ਦੀ ਗਲ ਮੰਨ ਲੈਂਦੀ ਸਰ ਦੀ ਗਲਾਂ ਉਦਾਹਰਣਾਂ ਤੇ ਗੌਰ ਕਰਦੀ ਜੋ ਇਹ ਆਪਣੇ ਸਕੂਲ ਵਿਖੇ ਸਮੇਂ ਸਮੇਂ ਆਕੇ ਦਸਿਆ ਕਰਦੇ ਸਨ ਤਾਂ ਮੈਂ ਅੱਜ ਪੜ ਲਿਖਕੇ ਅਧਿਆਪਕਾਂ ਜਾ ਕਲਰਕ ਜਾ ਕੋਈ ਨੌਕਰੀ ਕਰ ਰਹੀ ਹੁੰਦੀ ਅਤੇ ਮੇਰੇ ਮੰਮੀ ਪਾਪਾ ਵੀ ਮੇਰੇ ਕੋਲ ਹੁੰਦੇ। ਫੇਰ ਉਸ ਨੇ ਹੱਥ ਜੋੜ ਕੇ ਮੇਰੇ ਪੈਰਾਂ ਵਿੱਚ ਸਿਰ ਰਖਕੇ ਰੋਂਦੇ ਹੋਏ ਕਿਹਾ ਕਿ ਮੈਡਮ ਜੇਕਰ ਤੁਸੀਂ ਮੇਰੇ ਗਰੀਬ ਬਦਨਸੀਬ ਮੇਰੇ ਕਾਰਨ ਬਦਨਾਮ ਅਤੇ ਉਜੜੇ ਪਾਪਾ ਨੂੰ ਲੱਭਕੇ ਇੱਕ ਵਾਰ ਮੇਰੇ ਕੋਲ ਜੇਲ ਵਿੱਚ ਲੈ ਆਓ ਤਾ ਮੈ ਉਨਾਂ ਤੋ ਆਪਣੇ ਭਿਆਨਕ ਪਾਪਾਂ ਦੀ ਮਾਫੀ ਮੰਗ ਲਵਾਂ ਬੱਸ ਇੱਕ ਵਾਰ ਉਹ ਮੇਰੇ ਕੋਲ ਆਕੇ ਮੇਰੇ ਸਿਰ ਤੇ ਹੱਥ ਰੱਖ ਕੇ ਮੈਨੂੰ ਮਾਫੀ ਦੇ ਦੇਣ ਨਹੀਂ ਤਾਂ ਮੈਂ ਇਸ ਜਨਮ ਤਾਂ ਕੀ, ਕਈ ਜਨਮ ਵੀ ਤੜਫਦੀ ਰਹਾਂਗੀ ।ਫੇਰ ਉਸ ਨੇ ਹੱਥ ਜੋੜ ਕੇ ਨਿਮਰਤਾ ਨਾਲ ਬੇਨਤੀ ਕੀਤੀ ਕਿ ਮੇਰੀ ਗਲਤੀਆਂ ਅਪਰਾਧ ਬਚਪਣ ਵਿੱਚ ਮਾੜੇ ਪਾਸੇ ਜਾਣ, ਮਾੜੇ ਦੋਸਤਾਂ ਸਾਥੀਆ ਨਸ਼ਿਆ ਐਸ ਪ੍ਰਸਤੀ ਨਾਲ ਜੀਵਨ ਬਰਬਾਦ ਕਰਨ ਦੀਆ ਗੱਲਾਂ ਵਿਦਿਆਰਥੀਆਂ ਨੂੰ ਜਰੂਰ ਦਸਣਾ ਤਾਂ ਜੋ ਕੋਈ ਹੋਰ ਲੜਕਾ ਜਾ ਲੜਕੀ ਐਸ ਪ੍ਰਸਤੀ ਨਸ਼ਿਆ ਮਾੜੇ ਦੋਸਤਾਂ ਨਾਲ ਰਲਕੇ ਆਪਣੀ ਜਿੰਦਗੀ ਮਾਪਿਆ ਦਾ ਪਿਆਰ ਸਨਮਾਨ ਬਰਬਾਦ ਨਾ ਕਰਨ। ਮੈਂ ਸਮਝਦੀ ਹਾਂ ਕਿ ਕਾਂਸ ਅਧਿਆਪਕ ਵੀ ਕੇਵਲ ਟੀਚਰ ਨਾ ਬਨਣ ਸਗੋ ਬੱਚਿਆ ਦੇ ਮਾਤਾ ਪਿਤਾ ਦੋਸਤ ਮਿੱਤਰ ਹਮਦਰਦ ਅਤੇ ਗੁਰੂ ਅਧਿਆਪਕ ਬਣਕੇ ਬੱਚਿਆ ਦੇ ਚੇਹਰੇ ਦੇ ਨਾਲ ਨਾਲ ਉਨ੍ਹਾਂ ਦੇ ਦਿਲ ਦਿਮਾਗ ਵਿਚਾਰਾ ਭਾਵਨਾਵਾਂ ਕਾਰਜਾਂ ਆਚਰਨ ਚਾਲ ਚਲਣ ਨੂੰ ਵੀ ਸਮਝਣ ਅਤੇ ਉਨਾਂ ਦਾ ਸਾਥ ਕਦੇ ਵੀ ਨਾ ਛੱਡਣ। ਸਾਇਦ ਇਸ ਤਰ੍ਹਾਂ ਕਰਨ ਨਾਲ ਅਸੀਂ ਸਮਾਜ ਵਿੱਚ ਅਪਰਾਧ ਅਤੇ ਅਪਰਾਧੀ ਘਟਾ ਸਕਦੇ ਹਾਂ ਅਤੇ ਸਮਾਜ ਦੇ ਹਰ ਘਰ ਪਰਿਵਾਰ ਨੂੰ ਬਰਬਾਦੀ ਦੁੱਖ ਦਰਦ ਸਰਮਿੰਦਗੀ ਆਉਣ ਵਾਲੀ ਤਬਾਹੀ ਤੋਂ ਬਚਾ ਸਕਦੇ ਹਾਂ।

**ਮਿਸਜ ਸੰਤੋਸ਼ ਗੋਇਲ ਪ੍ਰਿੰਸੀਪਲ**
**ਪਟਿਆਲਾ**
9317714141

# ਬਦਲਦੇ ਸਮੇਂ ਵਿੱਚ ਸਿੱਖਿਆ



ਲੋਕ ਬੜੀ ਆਸ ਨਾਲ ਸਕੂਲਾਂ ਵੱਲ ਦੇਖ ਰਹੇ ਹਨ। ਸਰਕਾਰਾਂ ਲਈ ਆਪਣੀ ਭਰੋਸੇਯੋਗਤਾ ਬਣਾਉਣ ਅਤੇ ਸਰਕਾਰੀ ਸਕੂਲਾਂ ਦੀ ਭਰੋਸੇਯੋਗਤਾ ਵਾਪਸ ਕਰਨ ਦਾ ਇਹ ਇੱਕ ਸਾਨਦਾਰ ਮੌਕਾ ਹੈ. ਚੀਨ ਨੇ ਇਸ ਦਿਸਾ ਵਿੱਚ ਗੰਭੀਰ ਕਦਮ ਚੁੱਕੇ ਹਨ।

ਕੋਰੋਨਾ ਕਾਰਨ ਬੱਚਿਆਂ ਦੀ ਪੜ੍ਹਾਈ ਵਿੱਚ ਵਿਘਨ ਨੇ ਚੁਣੌਤੀਆਂ ਨੂੰ ਕਈ ਗੁਣਾ ਵਧਾ ਦਿੱਤਾ ਹੈ. ਇਸ ਵਿੱਚ ਕਮੀ ਸਿਰਫ ਨਵੀਂ ਸੋਚ, ਵਧੇਰੇ ਯਤਨਾਂ ਅਤੇ ਨਵੀਨਤਾਵਾਂ ਦੁਆਰਾ ਹੀ ਪੂਰੀ ਕੀਤੀ ਜਾ ਸਕਦੀ ਹੈ

ਸਿੱਖਿਆ ਪ੍ਰਣਾਲੀ ਉਨ੍ਹਾਂ ਖੇਤਰਾਂ ਵਿੱਚ ਸਾਮਲ ਕੀਤੀ ਗਈ ਹੈ, ਜੋ ਪਰਿਵਰਤਨ ਨੂੰ ਸਵੀਕਾਰ ਕਰਨ ਲਈ ਹਰ ਕਿਸਮ ਦੇ ਵਿਰੋਧ ਨੂੰ ਪੇਸ ਕਰਦੇ ਹਨ. ਤਬਦੀਲੀ ਦੀ ਪ੍ਰਵਾਨਗੀ ਲਈ ਢੁਕਵਾਂ ਮਾਹੌਲ ਉਦੋਂ ਹੀ ਸਿਰਜਿਆ ਜਾ ਸਕਦਾ ਹੈ ਜਦੋਂ ਅਧਿਆਪਕ-ਵਰਗ ਪ੍ਰਸਤਾਵਿਤ ਤਬਦੀਲੀਆਂ 'ਤੇ ਭਰੋਸਾ ਰੱਖਦਾ ਹੈ ਅਤੇ ਇਸ ਨੂੰ ਜਮੀਰ ਦੁਆਰਾ ਲਾਗੂ ਕਰਨ ਲਈ ਤਿਆਰ ਹੈ, ਨਾ ਕਿ ਆਦੇਸ ਦੁਆਰਾ. ਇਹ ਸਥਿਤੀ ਅਸੰਭਵ ਨਹੀਂ ਹੈ. ਇਸ ਨੂੰ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ.

ਸਕੂਲ ਸਾਡੀ ਧਾਰਨਾ ਵਿੱਚ ਸਥਾਈ ਤੌਰ ਤੇ ਛਾਪੇ ਗਏ ਹਨ. ਪਰਿਵਾਰ ਆਪਣੇ ਬੱਚਿਆਂ ਨੂੰ ਸਕੂਲ ਭੇਜਦੇ ਹਨ ਅਤੇ ਉਨ੍ਹਾਂ ਦੇ ਅਧਿਆਪਕਾਂ ਤੋਂ ਉਨ੍ਹਾਂ ਨੂੰ ਉਹ ਸਭ ਕੁਝ ਸਿਖਾਉਣ ਦੀ ਉਮੀਦ ਕਰਦੇ ਹਨ ਜੋ ਉਨ੍ਹਾਂ ਦੀ ਸਖਸੀਅਤ ਦੇ ਹਰ ਪਹਿਲੂ ਨੂੰ ਵਧਾਏਗਾ. ਇਸ ਵਿੱਚ ਗੁਜਾਰੇ ਲਈ ਲੋੜੀਂਦੇ ਗੁਣ ਅਤੇ ਹੁਨਰ ਸਾਮਲ ਹੋਣਗੇ. ਗਿਆਨਵਾਨ ਪਰਿਵਾਰ ਚਾਹੁੰਦੇ ਹਨ ਕਿ ਉਨ੍ਹਾਂ ਦੇ ਜੀਵਨ ਦੀ ਵਿਵਸਥਾ ਕਰਦਿਆਂ, ਹਰ ਨੌਜਵਾਨ ਨੂੰ ਅੱਗੇ ਵਧਣ, ਲੋਕ ਭਲਾਈ ਅਤੇ ਰਾਸਟਰੀ ਹਿੱਤ ਵਿੱਚ ਸਾਮਲ ਹੋਣ ਲਈ ਹਮੇਸਾਂ ਤਿਆਰ ਰਹਿਣਾ ਚਾਹੀਦਾ ਹੈ ਬੱਚਾ ਅਤੇ ਅਧਿਆਪਕ ਦੋਵੇਂ ਕਿੰਨੇ ਸਫਲ ਸਨ, ਇਸਦਾ ਨਿਰਣਾ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੁਆਰਾ ਕੀਤਾ ਜਾਂਦਾ ਹੈ. ਪਰ ਜਦੋਂ ਤੱਕ ਅਸੀਂ ਅਜਿਹੀ ਸਥਿਤੀ ਵਿੱਚ ਆਉਂਦੇ ਹਾਂ, ਜਿਸਨੂੰ ਸਾਰਿਆਂ ਦੁਆਰਾ ਸਧਾਰਨ ਤੌਰ ਤੇ ਸਵੀਕਾਰ ਕੀਤਾ ਜਾਂਦਾ ਹੈ - ਜਿੱਥੇ ਵੀ ਕੋਈ ਕਮੀਆਂ ਹੋਣ, ਜੋ ਵੀ ਹੋਵੇ, ਅਸਫਲਤਾ ਦਾ ਸਾਰਾ ਕਸੂਰ ਸਿਰਫ ਵਿਦਿਆਰਥੀ ਦੇ ਸਿਰ ਹੁੰਦਾ ਹੈ! ਅੱਜ ਤਕ ਕੋਈ ਵੀ ਪ੍ਰਿੰਸੀਪਲ, ਸਿੱਖਿਆ ਅਧਿਕਾਰੀ ਜਾਂ ਸਿੱਖਿਆ ਮੰਤਰੀ ਫੇਲ ਨਹੀਂ ਹੋਇਆ, ਸਿਰਫ ਲੱਖਾਂ ਵਿਦਿਆਰਥੀ ਹਰ ਸਾਲ ਫੇਲ ਹੁੰਦੇ ਹਨ

ਰੋਜਮਰ੍ਹਾ ਦੀਆਂ ਗਤੀਵਿਧੀਆਂ ਵਿੱਚ, ਅਧਿਆਪਨ-ਸਿੱਖਣ ਦੀ ਸਮੁੱਚੀ ਪ੍ਰਕਿਰਿਆ ਕੁਝ ਇਸ ਤਰ੍ਹਾਂ ਘੱਟ ਜਾਂਦੀ ਹੈ- ਕੇਂਦਰ ਦੇ ਕਹਿਣ ਤੇ ਅਤੇ ਰਾਜ ਸਰਕਾਰ ਦੇ ਪੱਧਰ ਤੇ, ਪਾਠਕ੍ਰਮ, ਸਿਲੇਬਸ ਅਤੇ ਪਾਠ ਪੁਸਤਕਾਂ ਤਿਆਰ ਕੀਤੀਆਂ ਜਾਂਦੀਆਂ ਹਨ, ਅਧਿਆਪਕ ਹਨ ਸਿਲੇਬਸ ਨੂੰ ਪੂਰਾ ਕਰਨ ਦੇ ਨਿਰਦੇਸ ਦਿੱਤੇ ਗਏ ਹਨ ਬੱਚੇ ਪ੍ਰੀਖਿਆ ਪਾਸ ਕਰਨ ਲਈ ਜਾਂਦੇ ਹਨ, ਇਨ੍ਹਾਂ ਦੋਵਾਂ ਦੀਆਂ ਹੱਦਾਂ ਅਤੇ ਸੀਮਾਵਾਂ ਪਾਠਕ੍ਰਮ ਦੁਆਰਾ ਨਿਰਧਾਰਤ ਕੀਤੀਆਂ ਜਾਂਦੀਆਂ ਹਨ. ਸਕੂਲ ਬੋਰਡ ਵਿਦਿਆਰਥੀ ਦਾ ਮੁਲਾਂਕਣ ਕਰਦਾ ਹੈ ਅਤੇ ਕਿਸੇ ਵੀ ਸਕੂਲ ਦੀ ਵੱਕਾਰ ਅਤੇ ਸਾਖ ਵੀ ਮਾਪਿਆਂ ਦੁਆਰਾ ਬੋਰਡ ਪ੍ਰੀਖਿਆ ਦੇ ਨਤੀਜਿਆਂ ਦੇ ਅਧਾਰ ਤੇ ਨਿਰਧਾਰਤ ਕੀਤੀ




ਜਾਂਦੀ ਹੈ. ਇਹ ਸਭ ਕੁਝ ਬਹੁਤ ਸਾਰੀਆਂ ਪੀੜ੍ਹੀਆਂ ਤੋਂ ਬਿਨਾਂ ਕਿਸੇ ਬਦਲਾਅ ਦੇ ਵਾਪਰ ਰਿਹਾ ਹੈ.

ਪਰ ਜਿਵੇਂ ਜਿਵੇਂ ਸਿੱਖਿਆ ਦਾ ਪ੍ਰਸਾਰ ਵਧਿਆ ਹੈ, ਇਸ ਨੂੰ ਬਦਲਣ ਦੀਆਂ ਕੋਸਸਿਾਂ ਵੀ ਸੁਰੂ ਹੋ ਗਈਆਂ ਹਨ. ਅੱਜ ਸਿੱਖਣ ਲਈ ਵਿਦਿਆਰਥੀ ਦੀ ਨਿਰਭਰਤਾ ਅਧਿਆਪਕ ਅਤੇ ਪਾਠ ਪੁਸਤਕਾਂ ਤੱਕ ਸੀਮਤ ਨਹੀਂ ਹੈ. ਹਰ ਕੋਈ ਇਸ ਤਬਦੀਲੀ ਤੋਂ ਜਾਣੂ ਹੈ. ਹੁਣ ਹਰ ਬੱਚੇ ਨੂੰ ਜਾਣਕਾਰੀ ਦੇ ਉਪਲਬਧ ਪੂਲ ਤੋਂ ਲੋੜੀਂਦਾ ਅਤੇ ਉਪਯੋਗੀ ਕਿਵੇਂ ਲੱਭਣਾ ਹੈ, ਸਿੱਖਣ ਨੂੰ ਜਾਰੀ ਰੱਖਣ ਦੇ ਹੁਨਰ ਨੂੰ ਕਿਵੇਂ ਵਿਕਸਤ ਕਰਨਾ ਹੈ ਅਤੇ ਜੀਵਨ ਲਈ ਸਿੱਖਦੇ ਰਹਿਣ ਲਈ ਕਿਵੇਂ ਤਿਆਰ ਰਹਿਣਾ ਹੈ ਬਾਰੇ ਸਿੱਖਣਾ ਹੈ.

ਸਿੱਖਿਆ ਵਿੱਚ ਨੀਤੀਆਂ ਬਦਲ ਗਈਆਂ ਹਨ, ਕਿਤਾਬਾਂ ਬਦਲ ਗਈਆਂ ਹਨ, ਸਮੇਂ ਦੇ ਨਾਲ ਪੜ੍ਹਾਉਣ ਦੇ ਢੰਗ ਬਦਲ ਗਏ ਹਨ, ਪਰ ਬਹੁਤੀਆਂ ਚਰਚਾਵਾਂ ਗੁਣਵੱਤਾ ਵਿੱਚ ਗਿਰਾਵਟ, ਉਪਯੋਗਤਾ, ਕਦਰਾਂ ਕੀਮਤਾਂ ਦੀ ਪ੍ਰਾਪਤੀ, ਆਦਰ ਅਤੇ ਸਿੱਖਿਆ ਵਿੱਚ ਅਧਿਆਪਕਾਂ ਦੀ ਸਵੀਕ੍ਰਿਤੀ ਵੱਲ ਇਸਾਰਾ ਕਰਦੀਆਂ ਹਨ. ਪਰਿਵਰਤਨ ਦੀ ਬੇਮਿਸਾਲ ਗਤੀ ਦੇ ਇਸ ਸਮੇਂ ਵਿੱਚ, ਸੁਚੇਤ ਅਤੇ ਸੁਚੇਤ ਸਿੱਖਿਆ ਪ੍ਰਣਾਲੀਆਂ ਇਸ ਤੱਥ ਵੱਲ ਧਿਆਨ ਦੇ ਰਹੀਆਂ ਹਨ ਕਿ ਕਿਸੇ ਵੀ ਵਰਗ ਨੂੰ ਮਨੁੱਖੀ ਸਕਤੀ ਦੀ ਵਰਤੋਂ ਵਿੱਚ ਅਸਫਲ ਘੋਸਤਿ ਕਰਨਾ ਅਤੇ ਇਸਦੀ ਕਿਸਮਤ ਤੇ ਛੱਡਣਾ ਨਾ ਤਾਂ ਸਹੀ ਹੈ, ਨਾ ਹੀ ਮਨੁੱਖੀ ਪੱਧਰ ਤੇ. ਸਵੀਕਾਰਯੋਗ ਹੈ.

ਹਰੇਕ ਬੱਚੇ ਨੂੰ ਉਸਦੀ ਕੁਦਰਤੀ ਪ੍ਰਤਿਭਾ ਵਿਕਸਤ ਕਰਨ ਦੇ ਮੌਕੇ ਪ੍ਰਦਾਨ ਕਰਨਾ ਸਕੂਲ ਅਤੇ ਪ੍ਰਣਾਲੀ ਦੀ ਜੰਿਮੇਵਾਰੀ ਹੈ, ਸਕੂਲ ਅਤੇ ਇਸਦੇ ਅਧਿਆਪਕਾਂ ਦੀ ਵੀ ਜੰਿਮੇਵਾਰੀ ਹੈ ਕਿ ਉਹ ਉਸਦੀ ਕੁਦਰਤੀ ਪ੍ਰਤਿਭਾ ਨੂੰ ਪਛਾਣਨ ਅਤੇ ਨਿਰਦੇਸਤ ਕਰਨ. ਇਸਦੇ ਲਈ, ਕੇਂਦਰ ਅਤੇ ਰਾਜ ਸਰਕਾਰਾਂ ਦੀ ਸੰਵਿਧਾਨਕ ਜੰਿਮੇਵਾਰੀ ਹੈ ਕਿ ਉਹ ਲੋੜੀਂਦੇ ਸਰੋਤ, ਸਿਖਲਾਈ ਅਤੇ ਢੁਕਵਾਂ ਵਾਤਾਵਰਣ ਪ੍ਰਦਾਨ ਕਰਨ. ਆਜਾਦੀ ਤੋਂ ਬਾਅਦ ਦੇ ਦਹਾਕਿਆਂ ਵਿੱਚ ਇਹ ਪੂਰੀ ਤਰ੍ਹਾਂ ਨਿਰਭਰ ਨਹੀਂ ਰਿਹਾ.

ਨਿੱਜੀ ਖੇਤਰ ਨੇ ਸਿੱਖਿਆ ਵਿੱਚ ਨਿਵੇਸ ਨੂੰ ਨਿਰਵਿਘਨ ਲਾਭ ਕਮਾਉਣ ਦੇ ਮੌਕੇ ਵਜੋਂ ਵੇਖਿਆ ਅਤੇ ਸਰਕਾਰਾਂ ਨੂੰ ਆਪਣੀ ਜੰਿਮੇਵਾਰੀ ਤੋਂ ਬਚਣ ਦਾ ਵਿਕਲਪ ਦਿੱਤਾ ਗਿਆ. ਸਮਾਜ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ। ਮੁਕਾਬਲਾ ਵਧਿਆ, ਰੁਜਗਾਰ ਦੇ ਮੌਕੇ ਘੱਟ ਗਏ, ਟਿਊਸਨ ਅਤੇ ਕੋਚਿੰਗ ਦਾ ਬਹੁਤ ਜਆਿਦਾ ਵਿਸਥਾਰ ਹੋਇਆ. ਸਖਸੀਅਤ ਵਿਕਾਸ, ਮਨੁੱਖੀ ਕਦਰਾਂ ਕੀਮਤਾਂ ਦੀ ਪ੍ਰਾਪਤੀ, ਚਰਿੱਤਰ ਨਿਰਮਾਣ ਵਰਗੀਆਂ ਸਾਰੀਆਂ ਉਮੀਦਾਂ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਨ ਦੇ ਅਣਥੱਕ ਯਤਨਾਂ ਵਿੱਚ ਕਿਤੇ ਗੁਆਚ ਗਈਆਂ. ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਜਾਂ ਮਹਿੰਗੇ ਕੋਚਿੰਗ ਅਦਾਰੇ ਹੁਣ ਮੱਧ ਵਰਗ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ ਜੋ ਉਨ੍ਹਾਂ ਵੱਲ ਅੰਨ੍ਹੇਵਾਹ ਦੌੜ ਰਿਹਾ ਸੀ. ਇਸ ਨਾਲ, ਕੋਰੋਨਾ ਕਾਰਨ ਕਿੰਨੇ ਲੱਖ ਲੋਕਾਂ ਦੀ ਆਮਦਨੀ ਘਟੀ ਹੈ ਜਾਂ ਰੁਕ ਗਈ ਹੈ.

ਲੋਕ ਬੜੀ ਆਸ ਨਾਲ ਸਰਕਾਰੀ ਸਕੂਲਾਂ ਵੱਲ ਦੇਖ ਰਹੇ ਹਨ। ਸਰਕਾਰਾਂ ਲਈ ਆਪਣੀ ਭਰੋਸੇਯੋਗਤਾ ਬਣਾਉਣ ਅਤੇ ਸਰਕਾਰੀ ਸਕੂਲਾਂ ਦੀ ਭਰੋਸੇਯੋਗਤਾ ਵਾਪਸ ਕਰਨ ਦਾ ਇਹ ਇੱਕ ਸਾਨਦਾਰ ਮੌਕਾ ਹੈ. ਚੀਨ ਨੇ ਇਸ ਦਿਸਾ ਵਿੱਚ ਗੰਭੀਰ ਕਦਮ ਚੁੱਕੇ ਹਨ। ਭਾਰਤ ਵਿੱਚ ਇਹ ਰਵਾਇਤੀ ਤੌਰ ਤੇ ਕਿਹਾ ਜਾਂਦਾ ਰਿਹਾ ਹੈ ਕਿ ਸਿੱਖਿਆ ਦਾ ਖੇਤਰ ਵਪਾਰ ਕਰਨ ਲਈ ਨਹੀਂ ਹੈ. ਚੀਨ ਹੁਣ ਇਸਨੂੰ ਲਾਗੂ ਕਰ ਰਿਹਾ ਹੈ. ਉਹ ਸਫਲ ਹੋਵੇਗਾ, ਕਿਉਂਕਿ ਪਾਲਣ ਕਰਨ ਦੇ ਨਿਯਮ ਹਨ - ਭਾਵੇਂ ਸਿਸਟਮ ਦੀ ਜਿੰਨੀ ਵੀ ਆਲੋਚਨਾ ਕੀਤੀ ਜਾਵੇ. ਭਾਰਤ ਵਿੱਚ, ਨਿਯਮਾਂ ਦੀ ਪਾਲਣਾ ਸਿਰਫ ਕਾਗਜਾਂ ਤੇ ਕੀਤੀ ਜਾ ਸਕਦੀ ਹੈ.

ਹੁਣ ਵੀ ਪ੍ਰਾਈਵੇਟ ਸਕੂਲ ਨਿਯਮਾਂ ਅਨੁਸਾਰ ਲਾਭਅੰਸ ਨਹੀਂ ਕਮਾ ਸਕਦੇ, ਪਰ ਕੋਈ ਵੀ ਸਥਿਤੀ ਤੋਂ ਅਣਜਾਣ ਨਹੀਂ ਹੈ. ਸਿੱਖਿਅਤ ਵਰਗ ਨੂੰ ਰਾਸਟਰ ਨੂੰ ਸਮਝਾਉਣਾ ਚਾਹੀਦਾ ਹੈ ਕਿ ਟਿਊਸਨ ਅਤੇ ਕੋਚਿੰਗ ਬੱਚੇ ਦੀ ਸੋਚਣ ਸਕਤੀ ਅਤੇ ਸੰਕਲਪ ਸਕਤੀ ਨੂੰ ਨਿਰਾਸ ਕਰਦੀ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਉਤਸੁਕਤਾ ਅਤੇ ਰਚਨਾਤਮਕਤਾ ਨੂੰ ਕੁਚਲ ਦਿੰਦੀ ਹੈ. ਇਹ ਰੁਕਣਾ ਚਾਹੀਦਾ ਹੈ, ਭਾਵੇਂ ਸਾਨੂੰ ਚੀਨ ਤੋਂ ਸਿੱਖਣਾ ਪਵੇ.

ਪ੍ਰਾਚੀਨ ਭਾਰਤ ਦੀ ਗੁਰੂਕੁਲ ਪਰੰਪਰਾ ਨੂੰ ਮਾਣ ਨਾਲ ਵਿਚਾਰਿਆ ਜਾਂਦਾ ਹੈ, ਪਰ ਲੋਕਾਂ ਦੀ ਖਿੱਚ ਅਜੇ ਵੀ ਪ੍ਰਾਈਵੇਟ ਅੰਗਰੇਜੀ ਮਾਧਿਅਮ ਸਕੂਲਾਂ ਤੱਕ ਸੀਮਤ ਹੈ. ਤੇਜੀ ਨਾਲ ਤਬਦੀਲੀ ਦੇ ਯੁੱਗ ਵਿੱਚ, ਸਿੱਖਿਆ ਵਿੱਚ ਬਹੁਤ ਕੁਝ ਹੈ ਜੋ ਨਹੀਂ ਬਦਲ ਰਿਹਾ. ਅਧਿਆਪਕ ਸਿਖਲਾਈ ਸੰਸਥਾਵਾਂ ਵਿੱਚ ਦਾਖਲੇ ਲਈ ਪ੍ਰਤਿਭਾਸਾਲੀ ਨੌਜਵਾਨਾਂ ਨੂੰ ਆਕਰਸਤਿ ਕਰਨ ਦੀ ਸਭ ਤੋਂ ਵੱਡੀ ਲੋੜ ਹੈ. ਦੂਜਾ ਇਨ੍ਹਾਂ ਸੰਸਥਾਵਾਂ ਦੇ ਕਾਰਜ ਸੱਭਿਆਚਾਰ ਅਤੇ ਪਾਠਕ੍ਰਮ ਨੂੰਬੁਨਿਆਦੀ ਤੌਰ 'ਤੇ ਬਦਲਣਾ ਹੈ. ਤਬਦੀਲੀ ਪ੍ਰਤੀ ਉਦਾਸੀਨਤਾ ਦੀ ਇੱਕ ਉਦਾਹਰਣ ਅਧਿਆਪਕ ਸਿਖਲਾਈ ਦੇ ਦੌਰਾਨ ਵਿਦਿਆਰਥੀ-ਅਧਿਆਪਕਾਂ ਦੁਆਰਾ ਬਣਾਈ ਗਈ ਪਾਠ ਯੋਜਨਾਵਾਂ ਹਨ. ਪਾਠ ਯੋਜਨਾਵਾਂ, ਜਿਵੇਂ ਕਿ ਉਹ ਪੰਜਾਹ ਸਾਲ ਪਹਿਲਾਂ ਬਣੀਆਂ ਸਨ, ਅਜੇ ਵੀ ਤਿਆਰ ਕੀਤੀਆਂ ਜਾ ਰਹੀਆਂ ਹਨ ਅਤੇ ਅੱਜ ਵੀ ਬਣਾਈਆਂ ਜਾ ਰਹੀਆਂ ਹਨ.

ਉਸੇ ਸਿਖਿਆਰਥੀ ਨੂੰ ਸਿੱਖਿਆ ਦੇ ਦਰਸਨ ਸਿਖਾਉਂਦੇ ਹੋਏ, ਉੱਘੇ ਸਿੱਖਿਆ ਸਾਸਤਰੀਆਂ ਦੇ ਹਵਾਲੇ ਨਾਲ ਵਿਸਥਾਰ ਨਾਲ ਸਮਝਾਇਆ ਗਿਆ ਹੈ ਕਿ 'ਕੋਈ ਵੀ ਰਚਨਾਤਮਕ ਪਾਠ ਕਲਾਸਰੂਮ ਵਿੱਚ ਹੀ ਆਪਣਾ ਰੂਪ ਧਾਰ ਲੈਂਦਾ ਹੈ.' ਨੀਤੀ ਦੇ ਪੱਧਰ ਨੂੰ ਅੱਗੇ ਵਧਾਉਂਦੇ ਹੋਏ, ਇਸਦੇ ਅਨੁਮਾਨਤ ਲਾਗੂਕਰਨ ਲਈ ਰਵੱਈਏ ਵਿੱਚ ਡੂੰਘੀ ਤਬਦੀਲੀ ਦੀ ਲੋੜ ਹੋਵੇਗੀ. ਅਤੇ ਰਵੱਈਏ ਵਿੱਚ ਤਬਦੀਲੀ ਕਦੇ ਵੀ ਕਿਤੇ ਵੀ ਅਤੇ ਕਦੇ ਵੀ ਸੌਖੀ ਨਹੀਂ ਰਹੀ. ਸਿੱਖਿਆ ਪ੍ਰਣਾਲੀ ਉਨ੍ਹਾਂ ਖੇਤਰਾਂ ਵਿੱਚ ਸਾਮਲ ਕੀਤੀ ਗਈ ਹੈ, ਜੋ ਪਰਿਵਰਤਨ ਨੂੰ ਸਵੀਕਾਰ ਕਰਨ ਲਈ ਹਰ ਕਿਸਮ ਦੇ ਵਿਰੋਧ ਨੂੰ ਪੇਸ ਕਰਦੇ ਹਨ.

ਪਰਿਵਰਤਨ ਨੂੰ ਸਵੀਕਾਰ ਕਰਨ ਲਈ ਢੁਕਵਾਂ ਮਾਹੌਲ ਉਦੋਂ ਹੀ ਸਿਰਜਿਆ ਜਾਂਦਾ ਹੈ ਜਦੋਂ ਅਧਿਆਪਕ-ਵਰਗ ਪ੍ਰਸਤਾਵਿਤ ਤਬਦੀਲੀਆਂ ਦਾ ਯਕੀਨ ਰੱਖਦਾ ਹੋਵੇ, ਅਤੇ ਇਸਨੂੰ ਜਮੀਰ ਦੁਆਰਾ ਲਾਗੂ ਕਰਨ ਲਈ ਤਿਆਰ ਹੋਵੇ, ਨਾ ਕਿ ਆਦੇਸ ਦੁਆਰਾ. ਇਹ ਸਥਿਤੀ ਅਸੰਭਵ ਨਹੀਂ ਹੈ. ਇਸ ਨੂੰ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ. ਇਸ ਦੀ ਸੁਰੂਆਤ ਅਧਿਆਪਕ ਸਿਖਲਾਈ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਦੇ ਸਿੱਖਿਆ ਵਿਭਾਗਾਂ ਨਾਲ ਹੋਵੇਗੀ। ਨਵੀਂ ਸਿੱਖਿਆ ਨੀਤੀ ਵਿੱਚ ਅਜਿਹੇ ਬਹੁਤ ਸਾਰੇ ਤੱਤ ਉੱਭਰ ਕੇ ਸਾਹਮਣੇ ਆਏ ਹਨ, ਜੋ ਅਜਿਹੀਆਂ ਸੰਭਾਵਨਾਵਾਂ ਨੂੰ ਸਾਕਾਰ ਕਰਨ ਲਈ ਢੁੱਕਵਾਂ ਮਾਹੌਲ ਸਿਰਜਣ ਦੀ ਸਮਰੱਥਾ ਨਾਲ ਭਰਪੂਰ ਹਨ।

ਇੱਥੇ ਇਹ ਯਾਦ ਰੱਖਣਾ ਢੁੱਕਵਾਂ ਹੈ ਕਿ ਭਾਰਤ ਨੇ 2015 ਵਿੱਚ ਸਥਾਈ ਵਿਕਾਸ ਏਜੰਡਾ -2030 ਅਪਣਾਇਆ, ਜਿਸ ਦੇ ਅਨੁਸਾਰ ਭਾਰਤ ਨੂੰ ਵੀ-ਹੋਰਨਾਂ ਦੇਸਾਂ ਦੀ ਤਰ੍ਹਾਂ-2030 ਤੱਕ 'ਸਾਰਿਆਂ ਲਈ ਸਮੁੱਚੀ ਅਤੇ ਸਮਾਨ ਗੁਣਵੱਤਾ ਦੀ ਸਿੱਖਿਆ ਅਤੇ ਜੀਵਨ ਭਰ ਸਿੱਖਿਆ' ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।. ਕੋਰੋਨਾ ਕਾਰਨ ਬੱਚਿਆਂ ਦੀ ਪੜ੍ਹਾਈ ਵਿੱਚ ਵਿਘਨ ਨੇ ਚੁਣੌਤੀਆਂ ਨੂੰ ਕਈ ਗੁਣਾ ਵਧਾ ਦਿੱਤਾ ਹੈ. ਇਸ ਵਿੱਚ ਕਮੀ ਸਿਰਫ ਨਵੀਂ ਸੋਚ, ਵਧੇਰੇ ਯਤਨਾਂ ਅਤੇ ਨਵੀਨਤਾਵਾਂ ਦੁਆਰਾ ਹੀ ਪੂਰੀ ਕੀਤੀ ਜਾ ਸਕਦੀ ਹੈ.

ਕਿਹੜੀ ਵਾਅਦਾ ਕਰਨ ਵਾਲੀ ਗੱਲ ਇਹ ਹੈ ਕਿ ਨਵੀਂ ਸਿੱਖਿਆ ਨੀਤੀ ਸਪੱਸਟ ਰੂਪ ਤੋਂ ਮਾਨਤਾ ਦਿੰਦੀ ਹੈ ਕਿ 'ਹਰ ਪੱਧਰ' ਤੇ ਅਧਿਆਪਕਾਂ ਨੂੰ ਸਮਾਜ ਦੇ ਸਭ ਤੋਂ ਸਤਿਕਾਰਤ ਅਤੇ ਜਰੂਰੀ ਮੈਂਬਰਾਂ ਵਜੋਂ ਦਰਜਾ ਦਿੱਤਾ ਜਾਣਾ ਚਾਹੀਦਾ ਹੈ'.




**ਵਿਜੈ ਗਰਗ ਸਾਬਕਾ ਪੀਈਐਸ -1**
**ਰਿਟਾਇਰਡ ਪ੍ਰਿੰਸੀਪਲ,**
**ਸਿੱਖਿਆ ਸਾਸਤਰੀ,**
**ਮਲੋਟ ਪੰਜਾਬ**

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 271

Website: www.preetnama.com Email preetnamausa@gmail.com

27 SEPT TO 03 OCT , 2024




# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 271 | Website: www.preetnama.com Email preetnamausa@gmail.com | 27 SEPT TO 03 OCT , 2024




# ਆਲੋਚਕਾਂ ਦੀ ਪਰਵਾਹ ਕੀਤੇ ਬਿਨਾਂ ਲਗਾਤਾਰ ਅੱਗੇ ਵਧਦੇ ਨਰਿੰਦਰ ਮੋਦੀ

**ਹਰਪ੍ਰੀਤ ਸਿੰਘ ਬਰਾੜ**
**ਮੇਨ ਏਅਰ ਫੋਰਸ ਰੋਡ,ਬਠਿੰਡਾ**

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵਿਚ ਕੁਝ ਤਾਂ ਖਾਸ ਹੈ ਜ਼ੋ ਅਕਸਰ ਉਹ ਆਪਣੇ ਵਿਰੋਧੀਆਂ ਦੇ ਨਿਸ਼ਾਨੇ *ਤੇ ਰਹਿੰਦੇ ਹਨ.ਇਸ ਦਾ ਖਾਸ ਕਰਨ ਇਹ ਹੈ ਕਿ ਉਹ ਆਪਣੀ ਵਿਚਾਰਧਾਰ ਬਾਰੇ ਬਿਲਕੁੱਲ ਸਪਸ਼ਟ ਹਨ.ਉਨ੍ਹਾਂ ਨੂੰ ਸਮਝੌਤੇ ਦੀ ਰਾਜਨੀਤੀ ਨਹੀਂ ਆਉਦੀ.ਦੇਸ਼ ਹਿੱਤ ਲਈ ਉਹ ਕਿਸੇ ਨਾਲ ਵੀ ਕੰਮ ਕਰ ਸਕਦੇ ਹਨ ਅਤੇ ਤਾਲਮੇਲ ਪੈਦਾ ਕਰ ਸਕਦੇ ਹਨ ਪਰ ਉਹ ਆਪਣੀ ਵਿਚਾਰਧਾਰਾ ਨਾਲ ਸਮਝੌਤ ਨਹੀਂ ਕਰਦੇ.ਉਨ੍ਹਾਂ ਦੇ ਵਿਚਾਰ ਅਤੇ ਕੰਮ ਭਾਰਤ ਨੂੰ ਸਭ ਤੋਂ ਸ਼ਕਤੀਸ਼ਾਲੀ ਮੁਲਕ ਬਣਾਉਣ ਦੇ ਸਕੰਲਪ ਤੋਂ ਪ੍ਰੇਰਿਤ ਹਨ. ਕਿਸੇ ਵਿਅਕਤੀ ਦੀ ਜਮਹੂਰੀਅਤ ਦਾ ਅੰਦਾਜਾ ਇਸ ਗੱਲ ਤੋਂ ਲਗਾਇਆ ਜਾਂਦਾ ਹੈ ਕਿ ਉਹ ਆਪਣੇ ਪਾਰਟੀ ਸਾਥੀਆਂ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਦਾ ਹੈ. ਸ਼੍ਰੀ ਨਰਿੰਦਰ ਮੋਦੀ ਪਾਰਟੀ ਦੇ ਸਰਵਓੱਚ ਨੇਤਾ ਹਨ ਪਰ ਉਨ੍ਹਾਂ ਦਾ ਵਿਵਹਾਰ ਹਾਈ ਕਮਾਂਡ ਵਰਗਾ ਨਹੀਂ ਹੈ. ਕੁਝ ਲੋਕ ਉਨ੍ਹਾਂ ਨੂੰ ਤਾਨਾਸ਼ਾਹ ਕਹਿ ਸਕਦੇ ਹਨ, ਪਰ ਨਿਰਪੱਖ ਵਿਸ਼ਲੇਸ਼ਣ ਇਹ ਸਪਸ਼ਟ ਦਰਸਾਉਂਦਾ ਹੈ ਕਿ 2014 *ਚ ਪ੍ਰਧਾਨ ਮੰਤਰੀ ਬਣਣ ਤੋਂ ਬਾਅਦ ਉਨ੍ਹਾਂ ਨੇ ਅੱਜ ਤੱਕ ਆਪਣੀ ਆਲੋਚਨਾ ਕਰਨ ਵਾਲੇ ਆਪਣੇ ਕਿਸੇ ਗਿੀ ਸਾਥੀ ਵਿਰੁੱਧ ਕੋਈ ਅਨੁਸ਼ਾਸਨੀ ਕਾਰਵਾਈ ਨਹੀਂ ਹੋਣ ਦਿੱਤੀ.ਅੰਦਾਜਾ ਲਗਾਓ ਕਿ ਕਿਸੇ ਹੋਰ ਪਾਰਟੀ ਦੇ ਹਾਈਮਾਨ ਜਾ ਸੁਪਰੀਮ ਲੀਡਰ ਦੀ ਆਲੋਚਨਾ ਕਰਨ ਵਾਲਾ ਵਿਅਕਤੀ ਕਿੰਲੀ ਦੇਰ ਤੱਕ ਆਪਣੀ ਪਾਰਟੀ ਵਿਚ ਰਹਿ ਸਕਦਾ ਹੈ,ਜਦੋਂ ਕਿ ਭਾਜਪਾ ਵਿਚ ਅਨੁਸ਼ਾਸਨ ਨੂੰ ਲੈਕੇ ਵੱਡੀਆ ਕਾਰਵਾਈਆਂ ਕੀਤੀਆ ਗਈਆਂ ਹਨ.ਮੋਦੀ ਦਾ ਟ੍ਰੈਕ ਵੱਖਰਾ ਹੈ,ਵੁਹ ਆਲੋਚਨਾ ਤੋਂ ਨਹੀਂ ਡਰਦੇ ਅਤੇ ਪਾਰਟੀ ਵਿਚ ਅੰਦਰੂਨੀ ਜਮਹੂਰੀਅਦ ਦੀ ਇਜਾਜਤ ਦਿੰਦੇ ਹੋਏ ਆਪਣੇ ਆਲੋਚਕਾਂ ਨੂੰ ਭਰਪੂਰ ਮੌਕਾ ਦਿੰਦੇ ਹਨ,ਇਹ ਕਿਹਾ ਜਾ ਸਕਦਾ ਹੈ ਕਿ ਮੋਦੀ ਆਲਚੋਕਾਂ ਦੇ ਕੇਂਦਰ ਵਿਚ ਰਹੇ ਹਨ,ਇਸ ਲਈ ਵੁਹ ਬਹੁਤੀ ਪਰਵਾਹ ਨਹੀਂ ਕਰਦੇ.ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੀ ਇਕ ਗੱਲ ਬਹੁਤ ਹੀ ਲਾਜਵਾਬ ਅਤੇ ਪ੍ਰੇਰਣਾਦਾਇਕ ਹੈ ਉਹ ਇਹ ਕਿ ਮੋਦੀ ਜੀ ਇਹ ਕਹਿੰਦੇ ਨੇ ਕਿ ਉਨ੍ਹਾਂ ਦੇ ਵਿਰੋਧੀ ਜਿਹੜੇ ਪੱਥਰ ਉਨ੍ਹਾਂ ਵੱਲ ਸੁਟਦੇ ਨੇ ਉਹ ਉਨ੍ਹਾਂ ਪੱਥਰਾਂ ਤੋਂ ਹੀ ਆਪਣੀ ਅਗਲੀ ਮੰਜਿਲ ਲਹੀ ਪੌੜੀਆਂ ਤਿਆਰ ਕਰ ਲੈਂਦੇ ਹਨ. 2014 ਪ੍ਰਧਾਨਮੰਤਰੀ ਬਣਨ ਤੋਂ ਬਾਅਦ,ਪਾਰਟੀ ਦੇ ਅੰਦਰ ਉਨ੍ਹਾਂ ਦੇ ਆਲੋਚਕਾਂ ਅਤੇ ਵਿਰੋਧੀਆਂ ਦੀ ਇਕ ਪੂਰੀ ਫੋਜ਼ ਅੱਗੇ ਆ ਜਾਂਦੀ ਹੈ,ਜੋ ਵੱਖ ਵੱਖ ਮੁੱਦਿਆਂ *ਤੇ ਉਨ੍ਹਾਂ ਦਾ ਵਿਰੋਧ ਕਰਦੇ ਹਨ. ਪਰ ਹੋਇਆ ਇਸ ਤੋਂ ਉਲਟ ਮੋਦੀ ਜੀ ਨੇ ਹੀ ਉਨ੍ਹਾਂ ਨੂੰ ਘੇਰ ਲਿਆ.ਹੈਰਾਨੀ ਵਾਲੀ ਗੱਲ ਕਿ ਮੋਦੀ ਉਨ੍ਹਾ ਖਿਲਾਫ ਪਾਰਟੀ ਦਾ ਅਨੁਸ਼ਾਸਨ ਭੰਗ ਕਰਨ ਜਿਹੀ ਕਾਰਵਾਈ ਵੀ ਨਹੀਂ ਹੋਣ ਦਿੰਦੇ ਹਨ. ਫਿਲਮ ਅਭਿਨੇਤਾ ਅਤੇ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ *ਚ ਮੰਤਰੀ ਸ਼ਤਰੂਘਨ ਸਿਨਹਾ ਮੋਦੀ ਦੇ ਸਖਤ ਆਲੋਚਕ ਰਹੇ ਹਨ ਅਤੇ ਸਮੇਂ:. ਸਮੇਂ *ਤੇ ਸਰਕਾਰ *ਤੇ ਟਿੱਪਣੀ ਕਰਦੇ ਰਹੇ ਹਨ.ਇਸ ਲਈ ਉਹ ਭਾਜਪਾ ਛੱਡ ਕੇ ਪਹਿਲਾਂ ਕਾਗਾਰਸ ਅਤੇ ਫਿਰ ਤ੍ਰਿਣਮੂਲ ਤੋਂ ਸ਼ਾਸਦ ਬਣੇ ਸਨ ਅਤੇ ਉਹਨਾ ਦੇ ਪੁੱਤਰ ਜਯੰਤ ਸਿਨਹਾ ਨੂੰ ਭਾਜਪਾ ਨੇ 2019 ਵਿਚ ਲੋਕ ਸਭਾ ਸੀਟ ਦਿੱਤੀ ਸੀ. ਜਯੰਤ ਸਿਨਹਾ ਮੋਦੀ ਸਰਕਾਰ ਵਿਚ ਮੰਤਰੀ ਵੀ ਰਹਿ ਚੁੱਕੇ ਹਨ.ਮੋਦੀ ਨੇ ਭਾਜਪਾ ਛੱਡ ਕੇ ਆਏ ਸਾਬਕਾ ਕੇਂਦਰੀ ਮੰਤਰੀ ਆਰਿਫ ਮੁਹੰਮਦ ਖਾਨ ਨੂੰ ਵੀ ਵਾਪਸ ਲਿਆ ਕੇ ਕੇਰਲ ਦੇ ਰਾਜਪਾਲ ਦੇ ਅਹੁਦੇ ਨਾਲ ਨਵਾਜਿਆ ਜੋ ਕਿ ਰਾਜਪਾਲ ਦੇ ਅਹੁਦੇ *ਤੇ ਬੈਠ ਕੇ ਮੋਦੀ ਦੀ ਆਲੋਚਨਾ ਕਰਦੇ ਰਹੇ ਹਨ,ਪਰ ਇਨ੍ਹਾਂ ਨੂੰ ਵੀ ਪ੍ਰਧਾਨ ਮੰਤਰੀ ਨੇ ਅਹੁਦੇ ਤੋਂ ਨਹੀਂ ਹਟਾਇਆ ਸਗੋਂ ਆਪਣਾ ਕਾਰਜਕਾਲ ਪੂਰਾ ਕਰਨ ਦਾ ਮੌਕਾ ਦਿੱਤਾ ਗਿਆ.ਜਦਕਿ ਰਾਜਪਾਲ ਇਕ ਸੰਵਿਧਾਨਕ ਅਹੁਦਾ ਹੈ ਅਤੇ ਉਸ ਅਹੁਦੇ *ਤੇ ਰਹਿਣ ਵਾਲੇ ਵਿਅਕਤੀ ਨੂੰ ਕੇਂਦਰ ਸਰਕਾਰ ਦੀ ਆਲੋਚਨਾ ਤੋਂ ਬਚਣਾ ਚਾਹੀਦਾ ਹੈ ਪਰ ਸ਼੍ਰੀ ਮੋਦੀ ਉਨ੍ਹਾ ਦੀ ਗੱਲ ਸੁਣਦੇ ਰਹੇ. ਇਸੇ ਤਰ੍ਹਾਂ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਬਾਬੂਲਾਲ ਮਰਾਂਡੀ ਨੇ ਨਰਾਜ ਹੋ ਕੇ ਪਾਰਟੀ ਤੋਂ ਬਾਹਰ ਸਨ ਅਤੇ ਆਪਣੀ ਪਾਰਟੀ ਬਣਾ ਕੇ ਸਰਗਰਮ ਸਨ ਪਾਰਟੀ ਛੱਡ ਦਿੱਤੀ. ਮੋਦੀ ਦੇ ਕਾਰਜਕਾਲ ਦੌਰਾਨ ਭਾਜਪਾ ਨੇ ਨਾ ਸਿਰਫ ਉਨ੍ਹਾਂ ਦੀ ਪਾਰਟੀ *ਚ ਵਾਪਸੀ ਨੂੰ ਯਕੀਨੀ ਬਣਾਇਆ ,ਸਗੋਂ ਉਨ੍ਹਾਂ ਨੂੰ ਝਾਰਖੰਡ ਵਿਧਾਨ ਸਭਾ *ਚ ਵਿਰੋਧੀ ਧਿਰ ਦੇ ਨੇਤਾ ਦਾ ਅਹੁਦਾ ਵੀ ਦਿੱਤਾ. ਨਰਾਜ ਹੋ ਕੇ ਦੋ ਵਾਰ ਭਾਜਪਾ ਛੱਡ ਚੁੱਕੇ ਕਲਿਆਣ ਸਿੰਘ ਨੂੰ ਰਾਜਸਥਾਨ ਦਾ ਰਾਜਪਾਲ ਬਣਾਇਆ ਗਿਆ ਸੀ,ਇਥੋਂ ਤੱਕ ਕਿ ਉਨ੍ਹਾਂ ਦੇ ਪੁੱਤਰ ਰਾਜਬੀਰ ਨੂੰ ਵੀ ਲੋਕ ਸਭਾ ਟਿਕਟ ਦਿੱਤੀ ਗਈ ਸੀ.ਮੱਧ ਪ੍ਰਦੇਸ਼ ਦੀ ਮੁੱਖ ਮੰਤਰੀ ਰਹਿ ਚੁੱਥੀ ਉਮਾ ਭਾਰਤੀ ਵੀ ਭਾਜਪਾ ਦੇ ਅਨੁਸ਼ਾਸਨ ਚੱਕਰ ਦਾ ਸ਼ਿਕਾਰ ਰਹੇ .ਮੋਦੀ ਨੇ ਉਨ੍ਹਾਂ ਨੂੰ ਆਪਣੀ ਸਰਕਾਰ ਵਿਚ ਮੰਤਰੀ ਬਣਾਇਆ ਅਤੇ ਉਨ੍ਹਾਂ ਨਾਲ ਭਾਜਪਾ ਛੱਡ ਕੇ ਗਏ ਪ੍ਰਹ੍ਰਾਦ ਸਿੰਘ ਪਟੇਲ ਮੋਦੀ ਸਰਕਾਰ ਵਿਚ ਕੈਬਨਟ ਮੰਤਰੀ ਹਨ. ਉਪਰੋਕਤ ਮਿਸਾਲਾਂ ਦੱਸਦੀਆਂ ਹਨ ਕਿ ਮੋਦੀ ਆਪਣੇ ਲੋਕਾਂ ਦੇ ਪ੍ਰਤੀ ਖਾਸੇ ਉਦਾਰ ਹਨ. ਉਹ ਆਪਣੀ ਨਿੱਜੀ ਆਲੋਚਨਾ ਦੀ ਬਹੁਤੀ ਪਰਵਾਹ ਨਹੀਂ ਕਰਦੇ ਅਤੇ ਕਿਸੇ ਗੱਲ ਦੀ ਗੰਢ ਨਹੀਂ ਬੰਨ੍ਹਦੇ .ਨਿੱਜੀ ਰਿਸ਼ਤਿਆ ਨੂੰ ਸਿਆਸਤ ਤੋਂ ਉੱਪਰ ਰੱਖਦੇ ਹਨ.ਉਹ ਸ਼ਰਦ ਪਵਾਰ ਦੇ ਸਨਮਾਨ ਸਮਾਗਮ *ਚ ਸ਼ਾਮਲ ਹੋ ਸਕਦੇ ਹਨ,ਮੁਲਾਇਮ ਸਿੰਘ ਯਾਦਵ ਦੇ ਪਰਿਵਾਰ ਦੇ ਵਿਆਹ ਸਮਾਰੋਹ *ਚ ਸ਼ਾਮਲ ਹੋਣ ਲਈ ਇਟਾਵਾ ਵੀ ਜਾ ਸਕਦੇ ਹਨ. ਉਨ੍ਹਾਂ ਦੀ ਤਾਕਤ ਹੈ ਕਿ ਉਹ ਕਸ਼ਮੀਰ *ਚ ਮਹਿਬੂਬਾ ਮੁਫਤੀ ਦੇ ਨਾਲ ਭਾਜਪਾ ਦੀ ਸਰਕਾਰ ਬਣਾਉਣ ਦੀ ਇਜਾਜਤ ਦੇ ਸਕਦੇ ਹਨ. ਸਿਆਸੀ ਸਮਝ ਦੇ ਨਾਲ ਆਪਣੀ ਵਿਚਾਰਧਾਰਾ *ਤੇ ਡਟੇ ਰਹਿਣਾ ਮੋਦੀ ਦੀ ਵਿਸ਼ੇਸ਼ਤਾ ਹੈ. ਇਹੋ ਕਾਰਨ ਹੈ ਕਿ ਸਾਡੇ ਹਰਮਨ ਪਿਆਰੇ ਪ੍ਰਧਾਨ ਮੰਤਰੀ ਭਾਰਤੀ ਰਾਜਨੀਤੀ ਤੇ ਮਜਬੂਤੀ ਨਾਲ ਕਾਇਮ ਹਨ.

# ਕੰਮ ਦੀ ਗੱਲ

**ਬਰਜਿੰਦਰ ਕੌਰ ਬਿਸਰਾਓ...**
**9988901324**

ਤੇਜੀ ਤੇ ਜੀਤਾ ਦੋਵੇਂ ਸਕੇ ਭਰਾ ਸਨ। ਦੋਵੇਂ ਭਰਾਵਾਂ ਦਾ ਆਪਸ ਵਿੱਚ ਬਹੁਤ ਪਿਆਰ ਸੀ। ਤੇਜੀ ਪੜ੍ਹਿਆ ਲਿਖਿਆ ਹੋਇਆ ਸੀ ਤੇ ਉਹ ਦੂਜੇ ਸ਼ਹਿਰ ਸਰਕਾਰੀ ਨੌਕਰੀ ਕਰਦਾ ਸੀ। ਉਹ ਆਪਣੇ ਪਰਿਵਾਰ ਨਾਲ ਉੱਥੇ ਹੀ ਘਰ ਬਣਾ ਕੇ ਰਹਿਣ ਲੱਗ ਪਿਆ ਸੀ।ਉਸ ਦੇ ਦੋ ਨਿੱਕੇ ਨਿੱਕੇ ਬੱਚੇ ਸਨ ਤੇ ਉਸ ਦੀ ਪਤਨੀ ਪ੍ਰੀਤ ਵੀ ਪੜ੍ਹੀ ਲਿਖੀ ਕੁੜੀ ਸੀ। ਉਸ ਨੂੰ ਇੱਕ ਗੱਲ ਦਾ ਬਹੁਤ ਸ਼ੌਕ ਸੀ ਕਿ ਉਹ ਬਚਪਨ ਤੋਂ ਰੇਡੀਓ ਤੇ ਜਿਹੜੇ ਪ੍ਰੋਗਰਾਮ ਸੁਣਦੀ ਵੱਡੀ ਹੋਈ ਸੀ ਹੁਣ ਉਹ ਟੈਲੀਵਿਜ਼ਨ ਦੇ ਜੁਗ ਵਿੱਚ ਵੀ ਤਿਉਂ ਦੇ ਤਿਉਂ ਹੀ ਸੁਣਦੀ ਰਹਿੰਦੀ। ਉਸ ਨੇ ਇੱਕ ਛੋਟਾ ਜਿਹਾ ਟਰਾਂਜਿਸਟਰ ਰੇਡੀਓ ਰਸੋਈ ਵਿੱਚ ਰੱਖਿਆ ਹੋਇਆ ਸੀ । ਸਾਰਾ ਦਿਨ ਕਦੇ ਫਰਮਾਇਸ਼ ਵਾਲੇ ਗੀਤ, ਭੈਣਾਂ ਦਾ ਪ੍ਰੋਗਰਾਮ, ਖਬਰਾਂ, ਖੇਤੀਬਾੜੀ ਦਾ ਪ੍ਰੋਗਰਾਮ ਆਦਿ ਅਨੇਕਾਂ ਪ੍ਰੋਗਰਾਮ ਰੇਡੀਓ ਤੇ ਚਲਦੇ ਰਹਿੰਦੇ ਤੇ ਉਸ ਦੇ ਕੰਨੀਂ ਪੈਂਦੇ ਰਹਿੰਦੇ ਤੇ ਉਹ ਆਪਣੇ ਕੰਮ ਕਰਦੀ ਸੁਣਦੀ ਰਹਿੰਦੀ। ਇਸ ਤਰ੍ਹਾਂ ਤੇਜੀ ਦਫ਼ਤਰ ਗਿਆ ਹੁੰਦਾ, ਬੱਚੇ ਸਕੂਲ ਨੂੰ ਗਏ ਹੁੰਦੇ ਤੇ ਉਸ ਦਾ ਵੀ ਰੇਡੀਓ ਸੁਣਦੇ ਸੁਣਦੇ ਘਰ ਦੇ ਕੰਮ ਕਰਦੀ ਦਾ ਇਸ ਤਰ੍ਹਾਂ ਦਿਨ ਸੋਹਣਾ ਲੰਘ ਜਾਂਦਾ।

ਓਧਰ ਪਿੰਡ ਜੀਤਾ ਤੇ ਉਸ ਦੀ ਪਤਨੀ ਜੀਵਨ ਦੋਵੇਂ ਭਰਾਵਾਂ ਦੀ ਸਾਂਝੀ ਜ਼ਮੀਨ ਦੀ ਖੇਤੀ ਕਰਦੇ ਸਨ। ਜੀਤਾ ਬਹੁਤ ਮਿਹਨਤੀ ਸੀ। ਇਸ ਵਾਰ ਵੀ ਉਸ ਨੇ ਸਾਰੇ ਸਿਆਲ਼ ਵਿੱਚ ਇੱਕ ਖੇਤ ਵਿੱਚ ਮਿਰਚਾਂ ਦੀ ਪਨੀਰੀ ਤਿਆਰ ਕੀਤੀ। ਪਨੀਰੀ ਤਿਆਰ ਕਰਨ ਲਈ ਉਸ ਨੂੰ ਬਹੁਤ ਸਖ਼ਤ ਮਿਹਨਤ ਕਰਨੀ ਪਈ ਸੀ,ਕਦੇ ਉਹ ਉਹਨਾਂ ਤੇ ਸੌ ਸੌ ਵਾਟ ਦੇ ਬਲਬਾਂ ਦਾ ਨਿੱਘ ਦਿੰਦਾ ਤੇ ਕਈ ਹੋਰ ਤਕਨੀਕਾਂ ਵਰਤਦਾ ਜਿਸ ਨਾਲ ਉਹ ਬਹੁਤ ਵਧੀਆ ਤਿਆਰ ਹੋ ਜਾਂਦੀ ਤੇ ਝਾੜ ਵੀ ਦੁੱਗਣਾ ਤਿੱਗਣਾ ਨਿਕਲਦਾ। ਇਸ ਵਾਰ ਵੀ ਉਸ ਨੇ ਪੂਰੀ ਮਿਹਨਤ ਨਾਲ ਪਨੀਰੀ ਤਿਆਰ ਕਰ ਲਈ ਸੀ। ਸਾਰੇ ਖੇਤ ਸੀਰੀ ਨੂੰ ਨਾਲ਼ ਲਾ ਕੇ ਚੰਗੀ ਤਰ੍ਹਾਂ ਵਾਹ ਕੇ ਤਿਆਰ ਕਰ ਲਏ ਜਿਸ ਵਿੱਚ ਉਨ੍ਹਾਂ ਨੇ ਅਗਲੇ ਦਿਨ ਪਨੀਰੀ ਬੀਜਣੀ ਸੀ। ਸੀਰੀ ਸ਼ਾਮ ਨੂੰ ਹੀ ਸੱਤ ਅੱਠ ਦਿਹਾੜੀਏ ਲੈ ਆਇਆ ਸੀ, ਉਹਨਾਂ ਨੇ ਵੀ ਸਵੇਰੇ ਨਾਲ਼ ਹੀ ਜਾਣਾ ਸੀ।

ਸਵੇਰੇ ਸਵੇਰੇ ਜੀਵਨ ਨੇ ਸਾਰਿਆਂ ਦੀ ਕਰਾਰੀ ਜਿਹੀ ਚਾਹ ਦੀ ਵੱਡੀ ਕੈਨੀ ਭਰ ਦਿੱਤੀ ਤੇ ? ਪੌਣੇ ਵਿੱਚ ਵੀਹ ਪੱਚੀ ਪਰੌਂਠੇ ਬੰਨ੍ਹ ਦਿੱਤੇ ਤੇ ਤੁਰਦਿਆਂ ਤੁਰਦਿਆਂ ਨੂੰ ਸਟੀਲ ਦੇ ਗਿਲਾਸਾਂ ਵਿੱਚ ਚਾਹ ਪਾ ਕੇ ਦੇ ਦਿੱਤੀ। ਚਾਹ ਪੀ ਕੇ ਦਿਹਾੜੀਏ , ਸੀਰੀ ਤੇ ਜੀਤਾ ਟਰੈਕਟਰ ਨਾਲ ਟਰਾਲੀ ਜੋੜ ਕੇ ਖੁਸ਼ੀ ਖੁਸ਼ੀ ਖੇਤਾਂ ਵਿੱਚ ਪਨੀਰੀ ਬੀਜਣ ਲਈ ਚਲੇ ਗਏ। ਜਦ ਉਹ ਖੇਤਾਂ ਵਿੱਚ ਪਹੁੰਚੇ ਤਾਂ ਜੀਤਾ ਮਿਰਚਾਂ ਦੀ ਪਨੀਰੀ ਵਾਲ਼ਾ ਖੇਤ ਵੇਖ ਕੇ ਹੱਕਾ ਬੱਕਾ ਰਹਿ ਗਿਆ। ਰਾਤੋ ਰਾਤ ਕੋਈ ਮਿਰਚਾਂ ਦੀ ਪਨੀਰੀ ਨੂੰ ਪੁੱਟ ਕੇ ਲੈ ਗਿਆ ਤੇ ਖੇਤ ਰੜਾ ਮੈਦਾਨ ਬਣਿਆ ਪਿਆ ਸੀ। ਜੀਤਾ ਉਹਨੀਂ ਪੈਰੀਂ ਵਾਪਸ ਘਰ ਆ ਗਿਆ, ਜੀਵਨ ਨੂੰ ਸਾਰੀ ਗੱਲ ਦੱਸੀ, ਉੱਪਰੋਂ ਉੱਪਰੋਂ ਉਹ ਜੀਤੇ ਨੂੰ ਦਿਲਾਸਾ ਦੇ ਰਹੀ ਸੀ ਪਰ ਅੰਦਰੋਂ ਅੰਦਰ ਉਸ ਨੂੰ ਵੀ ਭਾਰੀ ਨੁਕਸਾਨ ਦੇ ਹੌਲ ਪੈ ਰਹੇ ਸਨ। ਜੀਤੇ ਕੋਲ ਪਿੰਡੋਂ ਈ ਕੋਈ ਨਾ ਕੋਈ ਅਫਸੋਸ ਕਰਨ ਆਵੇ ਤੇ ਉਸ ਨਾਲ਼ ਹਮਦਰਦੀ ਜਿਤਾਉਂਦੇ ਹੋਏ ਕਿਸੇ ਨਾ ਕਿਸੇ ਤੇ ਸ਼ੱਕ ਜ਼ਾਹਿਰ ਕਰਨ ਪਰ ਜੀਤਾ ਉਹਨਾਂ ਨੂੰ ਜਵਾਬ ਦਿੰਦਿਆਂ ਆਖਦਾ,÷ ਜਿੰਨਾਂ ਚਿਰ ਕਿਸੇ ਨੇ.... ਅੱਖੀਂ ਨਹੀਂ ਦੇਖਿਆ.... ਓਨਾਂ ਚਿਰ ਮੈਂ ਕਿਸੇ ਦਾ ਨਾਂ ਲੈ ਕੇ.... ਪਾਪਾਂ ਦਾ ਭਾਗੀ ਨਹੀਂ ਬਣਨਾ ਤੇ ਨਾ ਮੈਂ ਦੁਸ਼ਮਣੀ ਪਾਉਣੀ ਹੈ....!÷ ਜਵਾਬ ਸੁਣ ਕੇ ਸਾਹਮਣੇ ਵਾਲੇ ਵਿਅਕਤੀ ਚੁੱਪ ਕਰ ਜਾਂਦੇ।

ਤੇਜੀ ਨੂੰ ਜਦੋਂ ਪਤਾ ਲੱਗਿਆ ਤਾਂ ਉਹ ਵੀ ਪਰਿਵਾਰ ਸਮੇਤ ਜੀਤੇ ਦੇ ਹੋਏ ਨੁਕਸਾਨ ਦਾ ਅਫਸੋਸ ਕਰਨ ਚਲੇ ਗਿਆ। ਦੋਵੇਂ ਭਰਾ ਅਤੇ ਉਹਨਾਂ ਦੇ ਪਰਿਵਾਰ ਉਦਾਸ ਮਨ ਨਾਲ਼ ਬੈਠੇ ਗੱਲਾਂ ਕਰ ਰਹੇ ਸਨ। ਜੀਤਾ ਆਖਣ ਲੱਗਿਆ,÷... ਕਿੱਥੇ ਤਾਂ ਸੋਚਦੇ ਸੀ....ਆਹ ਦੋ ਮਹੀਨਿਆਂ ਵਿੱਚ..... ਮਿਰਚਾਂ ਦਾ ਝਾੜ ਚੰਗਾ ਨਿਕਲ ਆਊ.....ਤੇ ਅਗਾਂਹ ਝੋਨਾ ਬੀਜਣ ਵੇਲੇ ਤੱਕ..... ਖ਼ਰਚੇ ਪਾਣੀ ਦੀ ਥੋੜ੍ਹ ਨੀ ਰਹਿੰਦੀ.....।÷ ਕਹਿ ਕੇ ਜੀਤਾ ਚੁੱਪ ਕਰ ਗਿਆ। ÷ਹਾਂ..... ਨੁਕਸਾਨ ਦਾ ਨੁਕਸਾਨ ਤੇ ਜਿਹੜੇ ਆਹ ਦੋ ਮਹੀਨੇ ਬਰਬਾਦ ਹੋਣਗੇ ਓਹ ਵੱਖ਼ਰੇ....!÷ ਤੇਜੀ ਨੇ ਜੀਤੇ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ। ਕੋਲ਼ ਬੈਠੀ ਪ੍ਰੀਤ ਵੀ ਸਾਰਾ ਕੁਝ ਸੁਣ ਰਹੀ ਸੀ। ਉਸ ਨੇ ਇੱਕਦਮ ਸਾਰਿਆਂ ਦੀ ਗੱਲ ਟੋਕਦਿਆਂ ਕਿਹਾ,÷.... ਜੀਤੇ ਤੇਰੇ ਕੋਲ ਢਾਈ ਮਹੀਨੇ ਪਏ ਨੇ ..... ਤੇਰੇ ਖੇਤ ਵੀ ਵਾਹੇ ਪਏ ਨੇ,ਜੇ ਤੂੰ..... ਸੱਠੀ ਮੂੰਗੀ ਬੀਜ ਦੇਵੇਂ..... ਤਾਂ ..... ?÷

ਜੀਤਾ ਉਸ ਦੀ ਗੱਲ ਸੁਣ ਕੇ ਖੁਸ਼ ਹੋ ਗਿਆ ਤੇ ਆਖਣ ਲੱਗਿਆ,÷....ਲ਼ੈ ਭਾਬੀ.... ਆਹ ਗੱਲ ਤਾਂ ....ਨਾ ਸਾਡੇ ਪੇਂਡੂਆਂ ਦੇ....ਕਿਸੇ ਦੇ ਦਿਮਾਗ ਵਿੱਚ ਆਈ.....ਤੇ ਨਾ ਈ ਕਿਸੇ ਨੇ ਸਲਾਹ ਦਿੱਤੀ.... ਤੈਨੂੰ ਸ਼ਹਿਰਨ ਨੂੰ ਕਿੱਥੋਂ ਪਤਾ ਲੱਗ ਗਿਆ ਸੱਠੀ ਮੂੰਗੀ ਬਾਰੇ.... ?÷ ਜੀਵਨ ਆਪਣੇ ਪਤੀ ਦੀ ਹਾਂ ਵਿੱਚ ਹਾਂ ਮਿਲਾਉਂਦੀ ਹੋਈ ਆਖਣ ਲੱਗੀ,÷.... ਭੈਣ ਜੀ.... ਐਨੀ ਗੱਲ ਤਾਂ ਮੇਰੇ ਦਿਮਾਗ ਵਿੱਚ ਨੀ ਔੜੀ...... ਹਫ਼ਤਾ ਹੋ ਗਿਆ.....ਘਰ ਵਿੱਚ ਸੋਗ ਪਏ ਨੂੰ.... ਤੈਨੂੰ ਖੇਤੀ ਬਾਰੇ ਕਿਵੇਂ ਪਤਾ..... ?÷ (ਸਾਰੇ ਹੱਸ ਪਏ) ... ਤੁਹਾਨੂੰ ਤਾਂ ਸਾਰਿਆਂ ਨੂੰ ਪਤਾ ਈ ਐ..... ਮੈਨੂੰ ਰੇਡੀਓ ਸੁਣਨ ਦਾ ਸ਼ੌਕ ਹੈ.....ਅੱਜ ਈ ਖੇਤੀਬਾੜੀ ਦੇ ਪ੍ਰੋਗਰਾਮ ਵਿੱਚ ਉਨ੍ਹਾਂ ਨੇ.... ਕਿਸਾਨ ਭਰਾਵਾਂ ਨੂੰ ਸਲਾਹ ਦਿੱਤੀ ਸੀ.... ਉਹਨਾਂ ਦੀ ਸਲਾਹ ਸਮੇਂ ਸਿਰ ਆਪਣੇ ਕੰਮ ਵੀ ਆ ਗਈ...।÷ਪ੍ਰੀਤ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ। ਇਸ ਗੱਲ ਨੂੰ ਲਗ ਭਗ ਢਾਈ ਮਹੀਨੇ ਹੋ ਗਏ ਸਨ। ਹੁਣ ਜਦੋਂ ਤੇਜੀ ਆਪਣੇ ਪਰਿਵਾਰ ਸਮੇਤ ਫਿਰ ਪਿੰਡ ਮਿਲ਼ਣ ਆਇਆ ਤਾਂ ਦੇਖਦੇ ਹਨ ਕਿ ਵੱਡੇ ਸਾਰੇ ਵਿਹੜੇ ਵਿੱਚ ਮੂੰਗੀ ਦੀ ਵੱਡੀ ਸਾਰੀ ਢੇਰੀ ਲੱਗੀ ਹੋਈ ਸੀ ਤੇ ਕੱਚਾ ਕੋਠਾ ਬਾਲਣ ਲਈ ਛਿਟੀਆਂ ਨਾਲ ਭਰਿਆ ਪਿਆ ਸੀ। ਜੀਤੇ ਨੂੰ ਮਿਲ਼ਦੇ ਸਾਰ ਹੀ ਤੇਜੀ ਆਖਣ ਲੱਗਿਆ,÷..... ਛੋਟੇ ਬਾਈ.... ਆਹ ਤਾਂ ਰੰਗ ਈ ਲੱਗੇ ਪਏ ਨੇ....!ਵੀਰੇ ਇਹ ਸਭ ਵੱਡੀ ਭਾਬੀ ਦਾ ਪ੍ਰਤਾਪ ਆ....ਹਜੇ ਤਾਂ ਏਦੂੰ ਦੁੱਗਣੀ ਬਾਹਰੋ ਵਾਰ ਖੇਤਾਂ ਵਿੱਚੋਂ ਈ ਮੰਡੀ ਵਿੱਚ ਵੇਚ ਆਂਦੀ.... ਇਹਨੇ ਤਾਂ ਸਾਨੂੰ.... ਮਿਰਚਾਂ ਨਾਲੋਂ ਵੀ ਦੁੱਗਣਾ ਨਫ਼ਾ ਦੇ ਦਿੱਤਾ....ਆਹ ਤਾਂ ਮੈਂ ਆਂਢ ਗੁਆਂਢ ਤੇ ਰਿਸ਼ਤੇਦਾਰਾਂ ਨੂੰ....ਦੇਣ ਲਈ ਰੱਖ ਲਈ.... ਤੁਹਾਨੂੰ ਵੀ ਇੱਕ ਬੋਰੀ ਭਰ ਕੇ ਗੱਡੀ ਵਿੱਚ ਰੱਖ ਦੇਣੀ ਆ....।÷ ਜੀਤੇ ਨੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ।

...ਸਾਡੇ ਤਾਂ ਕਿੱਲੋ ਲਈ ਨੀ ਮੁੱਕਦੀ.....ਲੈ ਦੱਸ ਅਸੀਂ ਬੋਰੀ ਕੀ ਕਰਨੀ ਆ...!÷ ਪ੍ਰੀਤ ਨੇ ਹੱਸਦੇ ਹੋਏ ਕਿਹਾ। ....ਭਾਬੀ.....ਇਹ ਸਭ ਜਿਹੜੇ ਰੰਗ ਭਾਗ ਲੱਗੇ ਪਏ ਨੇ....ਸਭ ਤੇਰਾ ਪ੍ਰਤਾਪ ਈ ਆ..... ।÷ ਜੀਤੇ ਨੇ ਖੁਸ਼ੀ ਨਾਲ ਪ੍ਰੀਤ ਨੂੰ ਕਿਹਾ।

÷.... ਮੈਂ ਤਾਂ ਕੰਮ ਦੀ ਗੱਲ ਰੇਡੀਓ ਤੋਂ ਸੁਣੀ ਸੀ.....ਉਹੀ ਆਪਣੇ ਕੰਮ ਆ ਗਈ....।÷ ਪ੍ਰੀਤ ਆਖਣ ਲੱਗੀ।

÷ਭੈਣ ਜੀ....ਔਹ ਦੇਖੋ (ਰਸੋਈ ਵਿੱਚ ਟੰਗੇ ਰੇਡੀਓ ਵੱਲ ਇਸ਼ਾਰਾ ਕਰਕੇ) ....ਹੁਣ ਮੈਂ ਵੀ ਘਰ ਦੇ ਕੰਮਾਂ ਦੇ ਨਾਲ ਨਾਲ ਕੋਈ ਨਾ ਕੋਈ ਕੰਮ ਦੀ ਗੱਲ ਸੁਣਦੀ ਰਹਿੰਦੀ ਆਂ।÷ ਜੀਵਨ ਆਖਣ ਲੱਗੀ।

ਸਾਰੇ ਹੱਸ ਪਏ ਤੇ ਜੀਤਾ ਆਖਣ ਲੱਗਿਆ,÷... ਹੁਣ ਸੱਠੀ ਮੂੰਗੀ ਦੇ ਚਾਅ ਵਿੱਚ .... ਮਹਿਮਾਨਾਂ ਨੂੰ ਵਿਹੜੇ ਵਿੱਚ ਈ ਖੜ੍ਹਾਈ ਰੱਖਣਾ ਜਾਂ ਅੰਦਰ ਲਿਜਾ ਕੇ ਚਾਹ ਪਾਣੀ ਵੀ ਛਕਾਉਣਾ... ?÷ (ਸਾਰੇ ਖੁਸ਼ੀ ਖੁਸ਼ੀ ਗੱਲਾਂ ਕਰਦੇ ਹੋਏ ਬੈਠਕ ਵੱਲ ਨੂੰ ਜਾਂਦੇ ਹਨ)

# ਨਿੰਬੂ ਨਿਚੋੜ ਪ੍ਰਤੀਯੋਗਤਾ

ਦਿੱਲੀ ਦੀ ਇੱਕ ਬੀਅਰ ਬਾਰ ਵਾਲਿਆਂ ਨੇ ਇੱਕ ਹੱਟਾ ਕੱਟਾ ਵਿਅਕਤੀ ਬੀਅਰ ਤੇ ਵਿਸਕੀ ਪਰੋਸਣ ਲਈ (ਬਾਰ ਟੈਂਡਰ) ਰੱਖਿਆ ਹੋਇਆ ਸੀ। ਉਸ ਦੇ ਹੱਥਾਂ ਵਿੱਚ ਐਨੀ ਜਾਨ ਸੀ ਨਿੰਬੂ ਨੂੰ ਨਿਚੋੜ ਕੇ ਉਸ ਦੀ ਆਖਰੀ ਬੂੰਦ ਤੱਕ ਕੱਢ ਦੇਂਦਾ ਸੀ। ਉਸ ਤੋਂ ਬਾਅਦ ਕੋਈ ਵੀ ਵਿਅਕਤੀ ਬਚੇ ਹੋਏ ਛਿਲਕੇ ਤੋਂ ਇੱਕ ਵੀ ਬੂੰਦ ਰਸ ਦੀ ਨਹੀਂ ਸੀ ਕੱਢ ਸਕਦਾ। ਬੜੇ ਲੋਕਾਂ ਨੇ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋ ਸਕੇ। ਇਸ ਤੋਂ ਖੁਸ਼ ਹੋ ਕੇ ਬਾਰ ਵਾਲਿਆਂ ਨੇ ਘੋਸ਼ਣਾ ਕਰ ਦਿੱਤੀ ਕਿ ਜੋ ਵੀ ਵਿਅਕਤੀ ਸਾਡੇ ਬੰਦੇ ਵੱਲੋਂ ਨਿਚੋੜੇ ਹੋਏ ਨਿੰਬੂ ਵਿੱਚੋਂ ਰਸ ਕੱਢ ਸਕੇ, ਉਸ ਨੂੰ 20000 ਰੁਪਏ ਇਨਾਮ ਦਿੱਤਾ ਜਾਵੇਗਾ। ਇਨਾਮ ਬਾਰੇ ਸੁਣ ਕੇ ਕਈ ਬਾਡੀ ਬਿਲਡਰਾਂ, ਵੇਟ ਲਿਫਟਰਾਂ, ਪਹਿਲਵਾਨਾਂ ਤੇ ਹੋਰ ਤਾਕਤਵਰ ਲੋਕਾਂ ਨੇ ਕੋਸ਼ਿਸ਼ ਕੀਤੀ ਪਰ ਮੂੰਹ ਦੀ ਖਾਣੀ ਪਈ। ਬਾਰ ਟੈਂਡਰ ਦੇ ਚੈਲੇਂਜ਼ ਦੀ ਕਹਾਣੀ ਸਾਰੇ ਪਾਸੇ ਫੇਲ ਗਈ ਤੇ ਲੋਕ ਧੜਾ ਧੜ ਉਸ ਨੂੰ ਲਈ ਆਉਣ ਪਏ ਜਿਸ ਕਾਰਨ ਬੀਅਰ ਬਾਰ ਦੀ ਸੇਲ ਵੀ ਦੂਣੀ ਤੀਣੀ ਹੋਣ ਗਈ।

ਇੱਕ ਦਿਨ ਇੱਕ ਅਧਖੜ ਜਿਹੀ ਔਰਤ ਬਾਰ ਵਿੱਚ ਆਈ ਤੇ ਕਿਹਾ ਕਿ ਉਹ ਵੀ ਕੋਸ਼ਿਸ਼ ਕਰਨੀ ਚਾਹੁੰਦੀ ਹੈ। ਇਹ ਸੁਣ ਕੇ ਬਾਰ ਵਿੱਚ ਬੈਠੇ ਲੋਕ ਉਸਾ ਦਾ ਮਜ਼ਾਕ ਉਡਾਉਣ ਲੱਗ ਪਏ। ਜਦੋਂ ਹਾਸੜ ਬੰਦ ਹੋਇਆ ਤਾਂ ਬਾਰ ਟੈਂਡਰ ਨੇ ਇੱਕ ਨਿੰਬੂ ਲਿਆ ਤੇ ਉਸ ਨੂੰ ਪਹਿਲਾਂ ਨਾਲੋਂ ਵੀ ਵੱਧ ਤਾਕਤ ਨਾਲ ਨਿਚੋੜ ਕੇ ਪਿਚਕਿਆ ਹੋਇਆ ਛਿੱਲੜ ਉਸ ਨੂੰ ਪਕੜਾ ਦਿੱਤਾ।ਬਾਰ ਟੈਂਡਰ ਅਤੇ ਬਾਕੀ ਲੋਕਾਂ ਦੇ ਡੇਲੇ ਉਸ ਵੇਲੇ ਬਾਹਰ ਨਿਕਲਣ ਵਾਲੇ ਹੋ ਗਏ ਜਦੋਂ ਉਸ ਔਰਤ ਨੇ ਬਹੁਤ ਹੀ ਅਰਾਮ ਨਾਲ ਨਿੰਬੂ ਨਿਚੋੜਿਆ ਤੇ ਰਸ ਦੀਆਂ ਪੂਰੀਆਂ 10 ਬੂੰਦਾਂ ਗਲਾਸ ਵਿੱਚ ਡਿੱਗ ਪਈਆਂ। ਬੀਅਰ ਬਾਰ ਵਾਲਿਆਂ ਨੇ 20000 ਰੁਪਏ ਉਸ ਦੇ ਹਵਾਲੇ ਕੀਤੇ ਤੇ ਪੁੱਛਿਆ, ਆਟੀ ਜੀ ਤੁਸੀਂਕੰਮ ਕੀ ਕਰਦੇ ਉ, ਐਨੀ ਤਾਕਤ ? ਔਰਤ ਹੱਸ ਕੇ ਬੋਲੀ, ਪਹਿਚਾਣਿਆਂ ਨਹੀਂ ? ਮੇਰਾ ਨਾਮ ਹੈ ਨਿਰਮਲਾ ਸੀਤਾਰਮਨ, ਭਾਰਤ ਦੀ ਵਿੱਤ ਮੰਤਰੀ। ਮੈਂ ਤਾਂ ਜੀ.ਐਸ.ਟੀ. ਅਤੇ ਹੋਰ ਟੈਕਸਾਂ ਨਾਲ ਜਨਤਾ ਦਾ ਸਾਰਾ ਖੂਨ ਨਿਚੋੜ ਲਿਆ ਹੈ, ਫਿਰ ਇਹ ਨਿੰਬੂ ਕੀ ਚੀਜ ਹੈ ?

**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)**
**ਪੰਡੋਰੀ ਸਿੱਧਵਾਂ 9501100062**

# ਫਿਕਰਾਂ ਦੀ ਪੰਡ / ਮਿੰਨੀ ਕਹਾਣੀ

ਅੱਜ ਐਤਵਾਰ ਦਾ ਦਿਨ ਹੋਣ ਕਰਕੇ ਮਾਸਟਰ ਲਾਲ ਸਿੰਘ ਸਕੂਲ ਨਹੀਂ ਗਿਆ। ਅਚਾਨਕ ਉਸ ਦੇ ਘਰ ਦਾ ਗੇਟ ਕਿਸੇ ਨੇ ਖੜਕਾਇਆ ਹੈ। ਉਸ ਨੇ ਗੇਟ ਖੋਲ੍ਹ ਕੇ ਵੇਖਿਆ , ਬਾਹਰ ਉਸ ਦਾ ਵੱਡਾ ਭਰਾ ਖੜ੍ਹਾ ਸੀ। ਉਹ ਪਿੰਡ ਤੋਂ ਉਸ ਦੀ ਪਤਨੀ ਬਲਜੀਤ ਦੀ ਖਬਰ ਲੈਣ ਆਇਆ ਸੀ, ਜੋ ਕਿ ਇੱਕ ਮਹੀਨੇ ਤੋਂ ਪੀਲੀਏ ਦੀ ਬੀਮਾਰੀ ਨਾਲ ਜੂਝ ਰਹੀ ਸੀ। ਉਸ ਨੇ ਵੱਡੇ ਭਰਾ ਨੂੰ ਆਪਣੀ ਪਤਨੀ ਬਲਜੀਤ ਕੋਲ ਬਿਠਾ ਦਿੱਤਾ ਤੇ ਆਪ ਉਸ ਲਈ ਚਾਹ, ਪਾਣੀ ਦਾ ਪ੍ਰਬੰਧ ਕਰਨ ਚਲਾ ਗਿਆ। ਉਸ ਨੇ ਬਲਜੀਤ ਤੋਂ ਉਸ ਦੀ ਬੀਮਾਰੀ ਤੇ ਚੱਲ ਰਹੇ ਡਾਕਟਰੀ ਇਲਾਜ ਬਾਰੇ ਪੁੱਛਿਆ। ਚਾਹ, ਪਾਣੀ ਦਾ ਪ੍ਰਬੰਧ ਕਰਨ ਪਿੱਛੋਂ ਲਾਲ ਸਿੰਘ ਉਸ ਕੋਲ ਆ ਕੇ ਬੈਠ ਗਿਆ। ਚਾਹ ਪੀਂਦਿਆਂ ਉਸ ਨੇ ਆਪਣੇ ਵੱਡੇ ਭਰਾ ਨੂੰ ਪੁੱਛਿਆ,÷ ਹੋਰ ਫਿਰ ਭਾਬੀ, ਜੀਤੇ ਤੇ ਕਮਲਜੀਤ ਦਾ ਕੀ ਹਾਲ ਆ ? ਕਮਲਜੀਤ ਲਈ ਕੋਈ ਮੁੰਡਾ ਲੱਭਾ ਕਿ ਨਹੀਂ ? ਉਹ ਤਾਂ 28 ਸਾਲ ਤੋਂ ਵੀ ਟੱਪ ਚੱਲੀ ਆ। ਇਹ ਉਸ ਦੇ ਵਿਆਹ ਦੀ ਸਹੀ ਉਮਰ ਆ।÷

ਜਿਵੇਂ ਉਸ ਨੇ ਆਪਣੇ ਵੱਡੇ ਭਰਾ ਦੇ ਦਿਲ ਦੀ ਗੱਲ ਬੁੱਝ ਲਈ ਹੋਵੇ, ਉਹ ਇੱਕ ਦਮ ਬੋਲ ਉੱਠਿਆ,÷ ਮੈਂ ਬਲਜੀਤ ਦੀ ਖਬਰ ਲੈਣ ਆਇਆ ਸੀ। ਉਸ ਦਾ ਬਹੁਤ ਫਿਕਰ ਲੱਗਾ ਹੋਇਆ ਸੀ। ਅੱਜ ਕੱਲ੍ਹ ਬੀਮਾਰੀਆਂ ਬੜੀਆਂ ਭੈੜੀਆਂ, ਭੈੜੀਆਂ ਆ ਗਈਆਂ ਆਂ। ਨਾਲੇ ਮੈਂ ਆਖਿਆ ਤੈਨੂੰ ਦੱਸ ਆਵਾਂ ਕਿ ਕਮਲਜੀਤ ਦਾ ਰਿਸ਼ਤਾ ਬਡੇਸਰੋਂ ਪੱਕਾ ਹੋ ਗਿਆ ਆ। ਮੁੰਡਾ ਆਪਣੀ ਗੱਡੀ ਚਲਾਂਦਾ ਆ। ਅੱਜ ਕੱਲ੍ਹ ਨੌਕਰੀ ਲੱਗੇ ਮੁੰਡੇ ਕਿੱਥੇ ਮਿਲਦੇ ਆ ?÷

÷ ਇਹ ਤਾਂ ਬਹੁਤ ਚੰਗਾ ਹੋਇਆ। ਵਿਆਹ ਕਦੋਂ ਦਾ ਰੱਖਿਆ ?÷

÷ ਵਿਆਹ ਤੈਨੂੰ ਪੁੱਛ ਕੇ ਹੀ ਰੱਖਣਾ ਆਂ। ਨਾਲੇ ਤੈਨੂੰ ਪਤਾ ਹੀ ਆ, ਮੇਰੇ ਕੋਲ ਕਿਹੜਾ ਵਿਆਹ ਜੋਗੇ ਪੈਸੇ ਆ। ਦਿਹਾੜੀਦਾਰਾਂ ਲਈ ਵਿਆਹ ਕਰਨੇ ਬੜੇ ਔਖੇ ਆ। ਮਹਿੰਗਾਈ ਨੇ ਸਭ ਦਾ ਲੱਕ ਤੋੜ ਛੱਡਿਆ ਆ।÷

÷ ਵੀਰਿਆ, ਤੂੰ ਆਪ ਅੰਨਪੜ੍ਹ ਰਹਿ ਕੇ ਮੈਨੂੰ ਪੜ੍ਹਨ ਦਾ ਮੌਕਾ ਦਿੱਤਾ ਆ। ਤੇਰੇ ਕਰਕੇ ਮੈਂ ਚਾਰ ਅੱਖਰ ਪੜ੍ਹ ਕੇ ਸਕੂਲ ਟੀਚਰ ਲੱਗਾ ਆਂ। ਹੁਣ ਮੇਰਾ ਵੀ ਫਰਜ਼ ਬਣਦਾ ਆ ਕਿ ਮੈਂ ਤੇਰਾ ਖ਼ਿਆਲ ਰੱਖਾਂ। ਕਮਲਜੀਤ ਦੇ ਵਿਆਹ ਦਾ ਤੂੰ ਫਿਕਰ ਨਾ ਕਰੀਂ। ਉਸ ਦੇ ਵਿਆਹ ਤੇ ਜਿੰਨਾ ਖਰਚ ਆਵੇਗਾ, ਮੈਂ ਕਰਾਂਗਾ।ਲਾਲ ਸਿੰਘ ਦੀਆਂ ਗੱਲਾਂ ਸੁਣ ਕੇ ਉਸ ਦੇ ਭਰਾ ਨੂੰ ਲੱਗਾ ਜਿਵੇਂ ਉਸ ਦੇ ਫਿਕਰਾਂ ਦੀ ਪੰਡ ਉਸ ਦੇ ਸਿਰ ਤੋਂ ਲਹਿ ਗਈ ਹੋਵੇ। ਉਹ ਹੌਲਾ ਫੁੱਲ ਹੋ ਕੇ ਲਾਲ ਸਿੰਘ ਕੋਲੋਂ ਆਗਿਆ ਲੈ ਕੇ ਉਸ ਦੇ ਘਰ ਤੋਂ ਚਲਾ ਗਿਆ।

**ਮਹਿੰਦਰ ਸਿੰਘ ਮਾਨ**
**ਫੋਨ 9915803554**



# ਕਨੇਡਾ ਵਿਚ ਪ੍ਰਾਚੀਨ ਪਹਾੜਾਂ ਦੀ ਗਹਿਰਾਈ ਵਿਚ ਵਸਾਇਆ ਖ਼ੂਬਸੂਰਤ ਕਸਬਾ-ਪੈਨੋਰਮਾ

ਬਲਵਿੰਦਰ ਬਲਮ ਗੁਰਦਾਸਪੁਰ
ਮੋਬਾਈਲ 9815625409

ਕਨੇਡਾ ਦੇ ਨਿਰਮਾਣ ਵਿਨਿਰਮਾਣ ਅਤੇ ਆਧਾਰ ਮੂਲ ਸੰਰਚਨਾ ਵਿਗਿਆਨੀ ਖ਼ੂਬਸੂਰਤ ਬੁਨਿਆਦਾਂ ਅਤੇ ਸੁੰਦਰ ਬਸਤੀਆਂ ਵਸਾਉਣ ਵਿਚ ਮਾਹਿਰ ਖ਼ੋਜੀ ਹਨ। ਹੈਲੀਕਾਪਟਰ ਅਤੇ ਪੈਦਲ ਯਾਤਰਾ ਦੇ ਜਰੀਏ ਅਲਬੇਲੇ, ਦਿਲਟੁਬਵੇਂ ਨਵੇਂ ਸਥਾਨਾਂ ਨੂੰ ਲੱਭਣਾ ਅਤੇ ਬੀਆਬਾਨ ਜੰਗਲਾਂ ਦੀ ਛਾਣਬੀਣ ਕਰਕੇ ਨਵੇਂ ਸੁਵਿਧਾ ਪੂਰਵਕ ਸੁੰਦਰ ਸ਼ਹਿਰਾਂ ਦੀ ਸਥਾਪਨਾ ਕਰਨਾ ਕਨੇਡਾ ਦੇ ਵਿਗਿਆਨੀਆਂ ਦੇ ਹਿੱਸੇ ਹੀ ਆਉਂਦਾ ਹੈ।

ਲੈਂਡ ਸਕੇਪਿੰਗ (ਭੂਦ੍ਰਿਸ਼) ਵਿਚ ਵੈਸੇ ਵੀ ਕਨੇਡਾ ਦੁਨੀਆ ਵਿਚ ਇੱਕ ਨੰਬਰ ਤੇ ਆਉਂਦਾ ਹੈ। ਇਸੇ ਸੰਦਰਭ ਵਿਚ ਆਉਂਦਾ ਹੈ ਕਨੇਡਾ ਦਾ ਖ਼ੂਬਸੂਰਤ ਕਸਬਾ ਜਿਸ ਦਾ ਨਾਮ ਹੈ ਪੈਨੋਰਮਾ ਇਸ ਦੇ ਅਰਥ ਹਨ ਜੰਗਲੀ ਅਤੇ ਚਿੱਤਰ ਮਾਲਾ। ਇੱਥੇ ਹਰ ਪ੍ਰਕਾਰ ਦੀ ਸੁੱਖ ਸੁਵਿਧਾ ਸੰਗਠਿਤ ਕੀਤੀ ਗਈ ਹੈ ਯੋਜਨਾ ਬਧ ਤਰੀਕੇ ਨਾਲ ਪੈਨੋਰਮਾ ਵਿਸ਼ਵ ਪ੍ਰਸਿੱਧ ਰਾਕੀ (ਚਟਾਨਾਂ) ਪਰਬਤ ਵੀ ਹੈ।

ਅਸੀਂ ਐਡਮਿੰਟਨ ਅਲਬਰਟਾ ਤੋਂ ਸਵੇਰੇ ਕੋਈ 8 ਵਜੇ ਦੇ ਕਰੀਬ ਕਾਰ ਤੇ ਚਲੇ ਅਤੇ ਦੁਪਹਿਰ ਬਾਅਦ 4 ਵਜੇ ਦੇ ਕਰੀਬ ਪੈਨੋਰਮਾ ਪਹੁੰਚੇ। ਰਸਤੇ ਵਿਚ ਅਨੇਕਾਂ ਹੀ ਸੁੰਦਰ ਦਿਲ ਖਿਚਵੇਂ ਦ੍ਰਿਸ਼ ਚੰਗੇ ਲੱਗੇ। ਨਵੇਂ ਰਸਤੇ ਨਵੇਂ ਰਾਹੀ ਨਵੇਂ ਰਹਿਬਰ ਚੰਗੇ ਲੱਗਦੇ ਹਨ ਜਿਸ ਤਰ੍ਹਾਂ ਕੋਈ ਨਾਟਕ ਚੱਲ ਰਿਹਾ ਹੋਵੇ। ਅੱਗੇ ਕੀ ਆਉਣ ਵਾਲਾ ਹੈ ਕੁੱਝ ਪਤਾ ਨਹੀਂ ਮਗਰ ਜਾਣਨ ਦੀ ਇੱਛਾ ਅਤੇ ਜਗਿਆਸਾ ਰਸ ਵਧਦੇ ਚਲੇ ਜਾਂਦੇ ਹਨ। ਪੈਨੋਰਮਾ ਕਨੇਡਾ ਦੇ ਸਭ ਤੋਂ ਪੁਰਾਣੇ ਉੱਚੇ ਪਹਾੜਾਂ ਵਿਚ ਵਸਿਆ ਇਕ ਦਿਲ ਲੁਭਾਣਾ ਸੁੰਦਰ ਕਸਬਾ ਹੈ। ਇਸ ਕਸਬੇ ਦੇ ਚਾਰੇ ਪਾਸੇ ਉੱਚੇ ਉੱਚੇ ਪਹਾੜਾਂ ਦਾ ਅਸ਼ੀਰਵਾਦ ਅਤੇ ਹਰਿਆਲੀ ਦੀਆਂ ਸ਼ੁੱਭਕਾਮਨਾਵਾਂ ਸਭ ਦਾ ਸਵਾਗਤ ਕਰਦੀਆਂ ਹਨ। ਪੈਨੋਰਮਾ ਜਾਦੂਈ ਆਕਰਸ਼ਕ ਭਰਪੂਰ ਮਿਕਨਾਤੀਸੀ। ਇਹ ਇੱਕ ਪਰਬਤੀਏ ਰਿਜ਼ਾਰਟ ਅਤੇ ਲਘੂ ਕਸਬਾ ਹੈ ਜਿੱਥੇ ਪਹਾੜਾਂ ਦੇ ਇਲਾਵਾ ਹੋਰ ਬਹੁਤ ਕੁੱਝ ਹੈ। ਢੇਰਾਂ ਸਾਹਸਿੱਕ ਗਤੀਵਿਧੀਆਂ ਜੋ ਬਸ ਖ਼ੋਜੇ ਜਾਣ ਦਾ ਇੰਤਜ਼ਾਰ ਕਰ ਰਹੀਆਂ ਹਨ। ਇੱਥੇ ਹੀ ਸਭ ਤੋਂ ਵਧੀਆ ਯਾਦਾਂ ਬਣਦੀਆਂ ਹਨ। ਮੌਜੂਦਾ ਇਸ ਦਾ ਸਕੀ ਖੇਤਰ ਲੱਕੜੀ ਜਾਂ ਧਾਤੂ ਜਾਂ ਪਲਾਸਟਿਕ ਦੇ ਪਤਲੇ ਅਤੇ ਲੰਬੇ ਤਖ਼ਤੇ ਨੂੰ ਕਹਿੰਦੇ ਹਨ ਜਿਸ ਨੂੰ ਜੁੱਤੇ ਦੇ ਹੇਠਾਂ ਜੋੜ ਕੇ ਸਕੀਬਾਜੀ ਦਾ ਖਿਲਾੜੀ ਬਰਫ਼ ਉੱਪਰ ਫਿਸਲ ਕੇ ਯਾਤਰਾ ਕਰਦੇ ਹਨ, ਦਾ ਆਧਾਰ ਅਤੇ ਕਸਬਾ 1138 ਮੀਟਰ ਅਤੇ 3888 ਫੁੱਟ ਦੀ ਉਚਾਈ ਦੇ ਉੱਪਰ ਸਥਿਤ ਹੈ ਜਦ ਕਿ ਪੈਨੋਰਮਾ ਦੀ ਸਿਖਰ ਦੀ ਉਚਾਈ 2364 ਮੀਟਰ ਹੈ। ਇੱਥੋਂ ਦੀਆਂ ਕੁੱਲ ਦੁਕਾਨਾਂ ਦੀ ਮਾਪਾਈ 1211 ਅੰਦਰ ਹੈ। ਪੈਨੋਰਮਾ ਮਾਊਂਟੇਂਨ ਰਿਜ਼ਾਰਟ 13 ਕਾਂਡੋ ਟਾਊਨ ਹੋਮ ਅਤੇ ਹੋਟਲ ਦਾ ਪ੍ਰਬੰਧਨ ਕਰਦਾ ਹੈ।

ਇਸ ਸਥਾਨ ਵਿਖੇ 2000 ਤੋਂ ਵੱਧ ਯਾਤਰੀ ਰਹਿ ਸਕਦੇ ਹਨ। ਇਹ ਰਿਜ਼ਾਰਟ ਆਧੁਨਿਕ ਸਹੂਲਤਾਂ ਵਰਗੇ ਘਰ ਵੀ ਉਪਲਬਧ ਕਰਦਾ ਹੈ। ਇਸ ਦੇ 400 ਤੋਂ ਵੱਧ ਕਮਰੇ ਹਨ ਜੋ ਕਿਰਾਏ ’ਤੇ ਦਿੱਤੇ ਜਾਂਦੇ ਹਨ ਅਤੇ ਇੱਥੇ ਲੋਕ ਰਹਿੰਦੇ ਹਨ। ਇਸ ਸਥਾਨ ਵਿਖੇ ਜਦ ਬਰਫ਼ ਪੈਂਦੀ ਹੈ ਤਾਂ ਉੱਚੇ ਪਹਾੜਾਂ ਦੀਆਂ ਦੁਧਿਆਂ ਸਫ਼ੇਦ ਚੋਟੀਆਂ ਕਿਸੇ ਮੰਦਰ ਵਾਂਗ ਪ੍ਰਤੀਤ ਹੁੰਦੀਆਂ ਹਨ।

ਪੈਨੋਰਮਾ ਇੱਕ ਅੰਤਰਰਾਸ਼ਟਰੀ ਸਥਾਨ ਹੈ ਜਿਹੜਾ ਲੰਬੀਆਂ ਢਲਾਣਾ ਅਦਭੁਤ ਗਰਮ ਤਲਾਬ ਇਸ਼ਨਾਨ ਘਰ ਬਰਫ਼ ਦੀਆਂ ਵੱਖ-ਵੱਖ ਖੇਡਾਂ ਅਤੇ ਬਿਹਤਰੀਨ ਗੁਲਫ ਦੇ ਲਈ ਵੀ ਪ੍ਰਸਿੱਧ ਹੈ। ਪੈਨੋਰਮਾ ਉੱਤਰੀ ਅਮਰੀਕਾ ਦੇ ਨਜ਼ਦੀਕ ਸੀਮਾ ਦੀ ਸਿਖਰ ਦਸ ਤੋਂ ਵੱਧ ਸਿੱਧੇ ਪਹਾੜਾਂ ਵਿਚੋਂ ਇੱਕ ਹੈ। ਇੱਥੇ 120 ਤੋਂ ਜ਼ਿਆਦਾ ਅਦਭੁਤ ਪਹਾੜੀਆਂ ਹਨ, ਨਾਲ ਦੇ ਨਾਲ ਹੀ ਖੁੱਲੇ ? ਕਟੋਰੇ, ਲੰਬੀਆਂ ਟੇਢੀਆਂ ਮੇਡੀਆਂ ਸੱਪ ਦੇ ਵਲੇਵੇਂ ਵਰਗੀਆਂ 120 ਤੋਂ ਵੱਧ ਤਿੱਖੀਆਂ ਮਿਕਨਾਤਿਸ਼ੀ ਪਗ ਡੰਡੀਆਂ ਹਨ ਜੋ ਅੰਤਰਿਮ ਦੀ ਭਾਵਨਾ ਨੂੰ ਉਜਾਗਰ ਕਰਦੀਆਂ ਹਨ। ਇੱਥੇ ਨਾ ਮੰਨਣਯੋਗ ਸੁੰਦਰਤਾ ਯਾਦਗਾਰੀ ਪਰਬਤ ਦ੍ਰਿਸ਼ ਅਤੇ ਲੰਬੀ ਕਰੂਜਜਿੰਗ (ਸ਼ਿਪ) ਰਨ ਦੇ ਲਈ ਵਿਆਪਕ ਰੂਪ ਵਿਚ ਸਲਾਹੁਣਯੋਗ ਹੈ। ਇੱਥੇ ਅਨੇਕ ਪ੍ਰਕਾਰ ਦੀਆਂ ਲਘੂ ਅਤੇ ਲੰਬੀਆਂ ਖੇਡ ਕਿਰਿਆਵਾਂ ਮੌਜੂਦ ਹਨ ਜੋ ਬੱਚਿਆਂ ਨੂੰ ਇੱਕ ਅਲੌਕਿਕ ਖ਼ੁਸ਼ੀ ਪ੍ਰਦਾਨ ਕਰਦੀਆਂ ਹਨ। ਇਸ ਨੂੰ ਬੱਚਿਆਂ ਦਾ ਮਨੋਰੰਜਕ ਸਥਾਨ ਕਹਿਣਾ ਵੀ ਉਚਿੱਤ ਹੈ। ਬੱਚਿਆਂ ਅਤੇ ਕਿਸ਼ੋਰ ਅਵਸਥਾ ਲਈ ਵਿਲੱਖਣ ਸਥਾਨ ਵਰਦਾਨ ਹੈ। ਇੱਥੇ ਇੱਕ ਬਾਜ਼ਾਰ ਵੀ ਹੈ ਜੋ ਭੌਤਿਕ ਜ਼ਰੂਰਤਾਂ ਪੂਰੀਆਂ ਕਰਦਾ ਹੈ। ਵਿਸ਼ੇਸ਼ ਤੌਰ ’ਤੇ ਬੱਚਿਆਂ ਅਤੇ ਸਭਨਾਂ ਲਈ ਮੁਫ਼ਤ ਗੰਡੋਲਾ ਸਹੂਲਤ ਹੈ। ਇਸ ਗੰਡੋਲੇ ਉੱਪਰ ਜਿੰਨੀ ਵਾਰੀ ਮਰਜ਼ੀ ਆਓ ਜਾਓ ਕੋਈ ਰੋਕ ਟੋਕ ਨਹੀਂ। ਇਸ ਕਨੇਡਾ ਦਾ ਪਹਿਲਾ ਸਥਾਨ ਜਿੱਥੇ ਗੰਡੋਲਾ ਸਹੂਲਤ ਮੁਫ਼ਤ ਹੈ। ਇਹ ਮੁਫ਼ਤ ਸਹੂਲਤ ਉਹਨਾਂ ਲੋਕਾਂ ਲਈ ਹੈ ਜੋ ਇੱਥੋਂ ਦੇ ਰਿਜ਼ਾਰਟ ਵਿਚ ਆ ਕੇ ਰਹਿੰਦੇ ਹਨ। ਇਸ ਤੋਂ ਇਲਾਵਾ ਹੋਰ ਕਈ ਗੰਡੋਲੇ ਹਨ ਜੋ ਮੁਫ਼ਤ ਨਹੀਂ ਹਨ। ਉਹਨਾਂ ਦਾ ਕਿਰਾਇਆ ਲੱਗਦਾ ਹੈ। ਉੱਚੀ ਅਤੇ ਲੰਬੀਆਂ ਰਾਹਾਂ ਵਾਲੇ ਗੰਡੋਲੇ ਉੱਪਰ ਨੌਜਵਾਨ ਸਾਈਕਲ ਰੱਖ ਕੇ ਪਹਾੜ ਦੀ ਚੋਟੀ ਉੱਪਰ ਚਲੇ ਜਾਂਦੇ ਹਨ ਅਤੇ ਆਉਂਦੇ ਸਮੇਂ ਬਾਰੀਕ ਪਗਡੰਡੀਆਂ ਦੇ ਰਸਤੇ ਜੰਗਲ ’ਚੋਂ ਹੁੰਦੇ ਹੋਏ ਕਈ ਮੀਲ ਰਸਤਾ ਤੈਅ ਕਰਕੇ ਹੇਠਾਂ ਆਉਂਦੇ ਹਨ। ਨੌਜਵਾਨਾਂ ਲਈ ਇਹ ਅੰਤ ਨਿਹਿਤ ਮਨੋਰੰਜਕ ਅਤੇ ਗਰਮ ਜੋਸ਼ੀ ਉਜਸਵੀ ਅਤੇ ਮੁਸਕਾਨਾਂ ਨਾਲ ਭਰਿਆ ਵਾਤਾਵਰਨ, ਨਦੀਆਂ, ਹਰੇ ਭਰੇ ਜੰਗਲ, ਵੱਖ ਵੱਖ ਤਰ੍ਹਾਂ ਦੇ ਪਾਣੀ ਵਿਚ ਪੱਥਰਾਂ ਦੀ ਦਾਸਤਾਨ, ਨਦੀ ਦੇ ਕਿਨਾਰੇ ਇਕੱਲੇ ਸੁੰਦਰ ਘਰ, ਦੂਰ ਖੇਤ ਵਿਚ ਬਲਦੇ ਅਲਾਵ, ਅਦਭੁਤ ਸ਼ੈਲੀ ਦੇ ਘਰ, ਚਾਰੇ ਪਾਸੇ ਜੰਨਤ ਦੀ ਬਿਖਰੀ ਮਾਧੁਰ ਸੁਗੰਧ। ਇਸੇ ਕਾਰਨਾਂ ਨਾਲ ਹੀ ਇਹ ਸਰਵਸ਼੍ਰੇਸ਼ਟ ਸਥਾਨ ਬਣ ਜਾਂਦਾ ਹੈ। ਇੱਥੋਂ ਦੇ ਰਸਤਿਆਂ ਵਿਚ ਦਿਲ ਲੁਭਾਵਣੇਂ ਅਤੇ ਰਹੱਸਮਈ ਜੰਗਲ ਇੱਥੋਂ ਦੇ ਇੱਕ ਸਭਿਆਚਾਰ ਦੇ ਪ੍ਰਤੀਕ ਹਨ। ਇੱਥੇ ਨਿਰਾਸ਼ਤਾਵਾਂ ਦੁਖਾਂਤ, ਚਿੰਤਾਵਾਂ ਪਰੀਚਿਤ ਨਹੀਂ ਹੁੰਦੀਆਂ ਅਲਬੱਤਾ ਆਸ਼ਾਵਾਂ, ਖ਼ੁਸ਼ੀਆਂ, ਅਹਿਸਾਸ ਦੀ ਸ਼ਿੱਦਤ ਉਤਪੰਨ ਹੁੰਦੀ ਹੈ। ਜਿਹੜੀ ਅਸੰਭਵ ਨੂੰ ਸੰਭਵ ਦੀ ਹੱਦ ਤੱਕ ਲੈ ਜਾਂਦੀ ਹੈ। ਜੀਵਨ ਦੇ ਮੰਗਲ ਵਿਧਾਨ ਲਈ ਮਨੁੱਖ ਵਿਚ ਸੰਵੇਦਨ ਦੀ ਤਰਲਤਾ ਟਟੋਲ ਦੀ ਹੈ ਖੋਲ੍ਹਦੀ ਹੈ, ਇੱਥੋਂ ਦੀ ਮਰਮਸਪਰਸ਼ੀ ਮਹਿਕ। ਵਾਕਿਆ ਹੀ ਇਹ ਸਥਾਨ ਅਦਭੁਤ ਸਮਰਿਧੀ ਪ੍ਰਧਾਨ ਕਰਦਾ ਹੋਇਆ, ਅਨੂਠੀ ਪਰਿਪੱਕਵਤਾ ਅਤੇ ਸ਼ਾਂਤੀ ਦਾ, ਭਾਈਚਾਰੇ ਦਾ ਸੰਦੇਸ਼ ਦਿੰਦਾ ਹੋਇਆ ਪ੍ਰਤੱਖ ਰੂਪ ਵਿਚ ਅਲੌਕਿਕ ਤੇ ਲੌਕਿਕ ਸਥਾਨ ਹੈ। ਤੁਸੀਂ ਵੀ ਆਓ ਸਾਪਰਿਵਾਰ ਇਸ ਜੰਨਤ ਦਾ ਲੁਤਫ਼ ਉਠਾਉਣ ਲਈ।






# ਉਚੇਰੀ ਸਿੱਖਿਆ ਸੁਧਾਰ : ਸਿਲੈਕਟ ਹੋਏ ਅਸਿਸਟੈਂਟ ਪ੍ਰੋਫੈਸਰਾਂ ਦੀ ਉਲਝੀ ਗੁੱਥੀ ਉੱਚ ਅਦਾਲਤ ਦੇ ਫੈਸਲੇ ਨਾਲ ਹੱਲ਼ ਹੋਣਾ

1128 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬਰੇਰੀਅਨ ਦੀ ਭਰਤੀ ਜੋ ਉੱਚ ਅਦਾਲਤ ਦੀ ਰੋਕ ਕਾਰਨ ਅਤੇ ਭਰਤੀ ਰੱਦ ਕਾਰਨ ਦੇ ਫੈਸ਼ਲੇ ਕਾਰਨ ਪਿਛਲੇ ਸਾਲਾਂ ਤੋਂ ਰੁੱਕੀ ਪਈ ਸੀ ਮਾਣਯੋਗ ਹਾਈ ਕੋਰਟ ਦੇ ਡਬਲ ਬੈਂਚ ਨੇ ਸਿੰਗਲ ਬੈਂਚ ਦੇ ਫੈਸ਼ਲੇ ਨੂੰ ਰੱਦ ਕਰਕੇ ਭਰਤੀ ਪ੍ਰਕ੍ਰਿਆ ਨੂੰ ਤਾਜ਼ਾ ਫੈਸਲੇ ਰਾਹੀਂ ਹਰੀ ਝੰਡੀ ਦੇਣ ਨਾਲ ਪੰਜਾਬ ਸਰਕਾਰ ਅਤੇ ਸਬੰਧਤ ਉਮੀਦਵਾਰਾਂ ਲਈ ਖੁਸ਼ੀ ਦੀ ਖਬਰ ਆਈ ਹੈ।

ਪੰਜਾਬ ਅੰਦਰ ਲੰਬੇ ਸਮੇਂ ਤੋਂ ਉਚੇਰੀ ਸਿੱਖਿਆ ਦੇ ਗਿਰ ਚੁੱਕੇ ਮਿਆਰ ਨੇ ਸਰਕਾਰ ਲਈ ਚੁਣੌਤੀ ਵਾਲਾ ਮਾਹੌਲ ਪੈਦਾ ਕੀਤਾ ਹੋਇਆ ਹੈ ਜੋ ਕਿ ਨਵੀਂ ਸਰਕਾਰ ਦਾ ਪ੍ਰਾਥਮਿਕ ਅਹਿਮ ਸੁਧਾਰ ਦਾ ਮੁੱਦਾ ਸੀ। ਪੰਜਾਬ ਦੇ ਸਰਕਾਰੀ ਕਾਲਜਾਂ ਅੰਦਰ ਦੋ ਦਹਾਕੇ ਤੋਂ ਵੱਧ ਸਮੇਂ ਤੋਂ ਪ੍ਰੋਫੈਸਰਾਂ ਦੀ ਰੈਗੂਲਰ ਭਰਤੀ ਨਹੀਂ ਹੋਈ, ਜੋ ਕਿ ਉਚੇਰੀ ਸਿੱਖਿਆ ਦੇ ਮਿਆਰ ਨੂੰ ਜਰੂਰ ਢਾਹ ਲਾ ਰਹੀ ਹੈ।ਮੌਜੂਦਾ ਸਮੇਂ ਦੌਰਾਨ ਕਰੀਬ 63 ਸ਼ਰਕਾਰੀ ਕਾਲਜ ਸੂਬੇ ਅੰਦਰ ਚਲ ਰਹੇ ਹਨ।ਇੱਕ ਖਬਰ ਮੁਤਾਬਕ ਇਨ੍ਹਾਂ ਕਾਲਜਾਂ ਵਿੱਚ 1990 ਵਿੱਚ ਪ੍ਰੋਫੈਸਰਾਂ ਦੀਆਂ 1873 ਰੈਗੂਲਰ ਆਸਾਮੀਆਂ ਮਨਜ਼ੂਰ ਸਨ। ਸਮੇਂ ਦੀਆਂ ਸਰਕਾਰਾਂ ਨੇ ਨਵੇਂ ਕਾਲਜ ਤਾਂ ਹੋਰ ਕਈ ਵਾਰ ਖੋਲ੍ਹ ਦਿੱਤੇ ਪਰ ਪੋਸਟਾਂ ਨਵੀਆਂ ਨਹੀਂ ਦਿੱਤੀਆਂ।ਪਿਛਲੇ ਲੰਬੇ ਸਮੇਂ ਤੋਂ 1500 ਦੇ ਕਰੀਬ ਆਸਾਮੀਆਂ ਖਾਲੀ ਪਈਆਂ ਹਨ।ਅਗਲੇ ਕੁਝ ਸਾਲਾਂ ਦੌਰਾਨ ਜੋ ਪੱਕੇ ਪ੍ਰੋਫੈਸਰ ਹਨ ਉਹ ਵੀ ਸੇਵਾ ਮੁਕਤ ਹੋਣ ਜਾ ਰਹੇ ਹਨ। ਇਨ੍ਹਾਂ ਕਾਲਜਾਂ ਵਿੱਚ ਬਹੁਤੇ ਗੈਸਟ ਫੈਕਲਟੀ, ਪਾਰਟ ਟਾਈਮ ਅਤੇ ਠੇਕੇ ਉੱਪਰ ਰੱਖੇ ਅਧਿਆਪਕ ਹੀ ਹੁਣ ਕਾਲਜਾਂ ਨੂੰ ਚਲਾ ਰਹੇ ਹਨ। ਇਨ੍ਹਾਂ ਵਿੱਚੋਂ ਬਹੁਤੇ ਯੂ.ਜੀ.ਸੀ. ਵਲੋਂ ਨਿਰਧਾਰਤ ਯੋਗਤਾ ਵੀ ਪੂਰੀ ਨਹੀਂ ਕਰਦੇ। ਠੇਕੇ 'ਤੇ ਕੰਮ ਕਰਨ ਵਾਲੇ ਅਧਿਆਪਕਾਂ ਦੀ ਗਿਣਤੀ ਵਿਦਿਆਰਥੀਆਂ ਦੀ ਗਿਣਤੀ ਉੱਪਰ ਨਿਰਭਰ ਕਰਦੀ ਹੈ, ਉਨ੍ਹਾਂ ਦੀ ਤਨਖਾਹ ਵਿਦਿਆਰਥੀਆਂ ਕੋਲੋਂ ਵਸੂਲੀ ਜਾਂਦੀ ਫੀਸ / ਫੰਡਾਂ ਉੱਪਰ ਨਿਰਭਰ ਕਰਦੀ ਹੈ। ਕਈ ਕਾਲਜਾਂ ਵਿੱਚ ਤਾਂ ਤਕਰੀਬਨ ਨਾਮਾਤਰ ਹੀ ਰੈਗੂਲਰ ਅਧਿਆਪਕ ਹਨ।ਹੁਣ ਉਚੇਰੀ ਸਿੱਖਿਆ ਵਿਭਾਗ ਨੇ ਸਰਕਾਰੀ ਕਾਲਜਾਂ ਦੇ ਕਲੱਸਟਰ ਬਣਾ ਦਿੱਤੇ ਹਨ ਜਿਨ੍ਹਾਂ 'ਚ ਦੂਜੇ ਜਿਲ੍ਹਿਆਂ ਦੇ ਕਾਲਜ ਵੀ ਸ਼ਾਮਲ ਕੀਤੇ ਗਏ ਹਨ। ਅਧਿਆਪਕ ਹਫਤੇ ਦੇ ਅੱਧੇ ਦਿਨ ਆਪਣੇ ਕਾਲਜ ਵਿੱਚ ਅਤੇ ਬਾਕੀ ਦੂਜੇ ਕਾਲਜਾਂ ਵਿੱਚ ਪੜ੍ਹਾਉਣ ਜਾਣ ਕਰਕੇ ਖਜ਼ਲਖੁਆਰ ਹੋ ਰਹੇ ਹਨ। ਦੋਹਾਂ ਪਾਸੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਤਾਂ ਹੋ ਹੀ ਰਿਹਾ ਹੈ।

ਸਰਕਾਰੀ ਕਾਲਜਾਂ ਵਿੱਚ ਲੰਬੇ ਸਮੇਂ ਤੋਂ ਰੈਗੂਲਰ ਅਸਿਸਟੈਂਟ ਪ੍ਰੋਫੈਸਰਾਂ / ਪ੍ਰੋਫੈਸਰਾਂ ਦੀ ਭਰਤੀ ਨਾ ਹੋਣ ਤੇ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣ ਲਈ ਪਿਛਲੀ ਸਰਕਾਰ ਵਲੋਂ 19 ਅਕਤੂਬਰ 2021 ਨੂੰ ਖਾਲੀ ਆਸਾਮੀਆਂ ਭਰਨ ਦੇ ਐਲਾਨ ਨੂੰ ਅਮਲੀ ਰੂਪ ਦਿੰਦੇ ਹੋਏ 1158 ਅਸਾਮੀਆਂ ਜਿੰਨ੍ਹਾਂ ਵਿੱਚ 1091 ਅਸਿਸਟੈਂਟ ਪ੍ਰੋਫੈਸਰਾਂ ਅਤੇ ਬਾਕੀ ਦੀਆਂ ਲਾਇਬਰੇਰੀਅਨ ਭਰਨ ਦਾ ਇਸ਼ਤਿਹਾਰ ਨਾਲੋ-ਨਾਲ ਜਾਰੀ ਕਰ ਦਿੱਤਾ ਸੀ ਜੋ ਕਿ ਇਨ੍ਹਾਂ ਆਸਾਮੀਆਂ ਨੂੰ ਉਡੀਕ ਰਹੇ ਯੋਗ ਉਮੀਦਵਾਰਾਂ ਲਈ ਖੁਸ਼ੀ ਵਾਲੀ ਗੱਲ ਸੀ।ਇਹ ਭਰਤੀ ਯੂ.ਜੀ.ਸੀ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰਾਂ ਦੀ ਅਗਵਾਈ ਵਿੱਚ ਕਮੇਟੀਆਂ ਬਣਾ ਕੇ ਭਰਤੀ ਨਿਰੋਲ ਲਿਖਤੀ ਟੈਸਟ ਦੇ ਆਧਾਰ ਤੇ ਤੇਜ਼ੀ ਨਾਲ 45 ਦਿਨਾਂ 'ਚ ਮੁਕੰਮਲ ਕਰਨ ਦੀ ਵਧੀਆ ਗੱਲ ਕੀਤੀ ਸੀ।ਇਸ਼ਤਿਹਾਰ ਦੀ ਚੋਣ ਪ੍ਰਕ੍ਰਿਆ ਮੁਤਾਬਿਕ ਸਰਕਾਰੀ ਕਾਲਜਾਂ ਦੇ ਗੈਸਟ ਫੈਕਲਟੀ, ਪਾਰਟ ਟਾਈਮ, ਠੇਕਾ ਆਧਾਰਤ ਕਾਲਜ ਅਧਿਆਪਕਾਂ ਨੂੰ ਇੱਕ ਸ਼ੈਸ਼ਨ ਦੇ ਤਜਰਬੇ ਦਾ ਇੱਕ ਨੰਬਰ ਅਤੇ ਵੱਧ ਤੋਂ ਵੱਧ ਪੰਜ ਅੰਕ ਲਿਖਤੀ ਟੈਸਟ ਦੇ ਅੰਕਾਂ 'ਚ ਵਾਧਾ ਲੈ ਸਕਣਗੇ। ਇਸ ਲਈ ਇਹ ਟੀਚਿੰਗ ਤਜ਼ਰਬੇ ਨੂੰ ਦੋ ਦਹਾਕਿਆਂ ਤੋਂ ਕੰਮ ਕਰ ਰਹੇ ਗੈਸਟ ਫੈਕਲਟੀ / ਪਾਰਟ ਟਾਈਮ ਅਧਿਆਪਕਾਂ ਆਦਿ ਨੂੰ ਹਮਦਰਦੀ ਵਜੋਂ ਦੇਣ ਦੇ ਸਰਕਾਰ ਦੇ ਫੈਸਲੇ ਨੂੰ ਕਾਨੂੰਨੀ ਪੱਖਾਂ ਤੋਂ ਚੰਗੀ ਤਰ੍ਹਾਂ ਨਾ ਵਿਚਾਰੇ ਜਾਣ ਕਾਰਨ ਸਾਰੀ ਭਰਤੀ ਪ੍ਰਕ੍ਰਿਆ ਮੁਕੰਮਲ ਹੋਣ ਉਪਰੰਤ ਇਸਤਿਹਾਰ 'ਚ ਇਕੱਲੇ 'ਸਰਕਾਰੀ ਕਾਲਜ ਦੇ ਤਜ਼ਰਬੇ' ਦੀ ਸਬਦਾਵਲੀ ਨੇ ਬਾਅਦ 'ਚ ਕਈ ਉਲਝਨਾਂ ਪੈਦਾ

ਮੇਜਰ ਸਿੰਘ ਨਾਭਾ
ਮੋਬ. 9463553962

ਕਰ ਦਿੱਤੀਆਂ ਸਨ।ਪੰਜਾਬੀ ਯੂਨੀਵਰਸਿਟੀ ਅਧੀਨ ਚਲ ਰਹੇ ਕਾਲਜਾਂ 'ਚ ਪੜ੍ਹਾ ਰਹੇ ਅਧਿਆਪਕਾਂ ਵਲੋਂ ਉਨ੍ਹਾਂ ਦੇ ਤਜ਼ਰਬੇ ਨੂੰ ਸਕਰੂਟਿੰਗ ਸਮੇਂ ਨਾ ਮੰਨਣ ਕਾਰਨ ਉਨ੍ਹਾਂ ਨੇ ਮਾਣਯੋਗ ਹਾਈ ਕੋਰਟ ਵਿੱਚ ਪਟੀਸ਼ਨਰ ਵਜੋਂ ਰਿੱਟ ਪਾ ਕੇ ਭਰਤੀ ਪ੍ਰਕ੍ਰਿਆ 'ਚ ਰੋਕ ਲਗਵਾ ਦਿੱਤੀ ਸੀ। ਇਸੇ ਤਰ੍ਹਾਂ ਕਈ ਅਸਫਲ ਉਮੀਦਵਾਰਾਂ ਨੇ ਹੋਰ ਕਈ ਤਰ੍ਹਾਂ ਦੀਆਂ ਰਿੱਟਾਂ ਪਾ ਕੇ ਇਸ ਪ੍ਰਕ੍ਰਿਆ ਨੂੰ ਰੋਕਣ ਦਾ ਯਤਨ ਕੀਤਾ। ਮਾਣਯੋਗ ਹਾਈ ਕੋਰਟ ਸਿੰਗਲ ਬੈਂਚ ਨੇ ਨੌ ਮਹੀਨਿਆਂ ਬਾਅਦ 8 ਅਗਸਤ 2022 ਨੂੰ ਇਸ ਭਰਤੀ ਨੂੰ ਰੱਦ ਕਰਨ ਦਾ ਫੈਸ਼ਲਾ ਸੁਣਾ ਕੇ 1158 ਪਰਿਵਾਰਾਂ ਦੀਆਂ ਆਸਾਂ ਤੇ ਪਾਣੀ ਫੇਰ ਦਿੱਤਾ ਸੀ।ਜਿਨ੍ਹਾਂ ਨੂੰ ਆਸ ਸੀ ਕਿ ਉੱਚ ਅਦਾਲਤ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣ ਲਈ ਸਫਲ ਉਮੀਦਵਾਰਾਂ ਦੇ ਹੱਕ 'ਚ ਫੈਸਲਾ ਦੇਵੇਗੀ।ਪਿਛਲੀ ਸਰਕਾਰ ਸਮੇਂ 1158 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨ ਦੀ ਭਰਤੀ ਸਮੇਂ ਬਹੁਤ ਸਾਰੇ ਸਫਲ ਉਮੀਦਵਾਰ ਆਪਣੀਆਂ ਪਿਛਲੀਆਂ ਨੌਕਰੀਆਂ ਤੋਂ ਵਿਭਾਗ ਦੇ ਕਹਿਣ ਤੇ ਅਸਤੀਫੇ ਦੇ ਕੇ ਚਾਅ ਨਾਲ ਨਵੀਂ ਨਿਯੁਕਤੀ ਹੋਣ ਕਾਰਨ ਨਵੀਂ ਨੌਕਰੀ ਹਾਸਲ ਕਰਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਦੀ ਸੋਚ ਰਹੇ ਸਨ ਪਰ ਇਹ ਕੰਮ ਉੱਚ- ਅਦਾਲਤ ਦੇ ਆਦੇਸ਼ਾਂ ਅਨੁਸਾਰ ਐਨ ਮੌਕੇ ਤੇ ਰੋਕ ਦਿੱਤਾ ਗਿਆ। ਦੂਜੇ ਪਾਸੇ ਦੋ ਤਿੰਨ ਵਿਸ਼ਿਆਂ ਦੀਆਂ ਦੀਆਂ ਲਿਸਟਾਂ ਮਹਿਕਮੇ ਦੀ ਵੈਬਸਾਈਟ ਤੇ ਪਾ ਕੇ ਸਾਈਟ ਤੋਂ ਹਟਾ ਦਿੱਤੀਆਂ ਗਈਆਂ ਸਨ ਜੋ ਕਿ ਭਾਵੇਂ ਡਾਊਨਲੋਡ ਹੋ ਕੇ ਆਊਟ ਹੋ ਚੁੱਕੀਆਂ ਸਨ ਪਰ ਇਨ੍ਹਾਂ ਲਿਸਟਾਂ ਦੇ ਸਫਲ ਉਮੀਦਵਾਰਾਂ ਦੀ ਚਿੰਤਾ ਹੋਰ ਵੀ ਵਧੇਰੇ ਹੈ। ਸਮੇਂ ਸਿਰ ਇਹ ਲਿਸਟਾਂ ਜਾਰੀ ਨਾ ਹੋਣ ਕਾਰਨ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਨਹੀਂ ਕਰ ਸਕੇ ਜਦੋਂ ਕਿ ਹੋਰ ਵਿਸ਼ਿਆਂ ਦੇ ਬਹੁਤੇ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਕਰ ਚੁੱਕੇ ਹਨ, ਜਿਨ੍ਹਾਂ 'ਚੋਂ ਬਹੁਤੇ ਸਕੂਲਾਂ / ਕਾਲਜਾਂ ਜਾਂ ਹੋਰ ਅਦਾਰਿਆਂ ਵਿੱਚ ਰੈਗੂਲਰ ਜਾਂ ਐਡਹਾਕ ਤੌਰ ਤੇ ਡਿਊਟੀ ਨਿਭਾ ਰਹੇ ਸੀ, ਉਨ੍ਹਾਂ ਨੂੰ ਪਿਛਲੀ ਨੌਕਰੀ ਤੋਂ ਅਸਤੀਫਾ ਦੇ ਕੇ ਹੀ ਜੁਆਇਨ ਕਰਨ ਲਈ ਕਹਿਆ ਗਿਆ ਸੀ, ਜਿਸ ਨਾਲ ਉਹ ਹੁਣ ਬੇਰੁਜ਼ਗਾਰ ਹੋਏ ਬੈਠੇ ਹਨ। ਕਈ ਵਿਸ਼ਿਆਂ ਦੇ ਸੌਤੋਂ ਉੱਪਰ ਸਿਲੈਕਟ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਅਤੇ ਸਟੇਸ਼ਨ ਸਟੇਅ ਤੋਂ ਪਹਿਲਾਂ ਅਲਾਟ ਹੋ ਚੁੱਕੇ ਸਨ ਜੋ ਕਿ ਕਾਲਜਾਂ 'ਚ ਹਾਜ਼ਰੀ ਦੇ ਕੇ ਸੇਵਾ ਨਿਭਾ ਰਹੇ ਹਨ ਅਤੇ ਆਪਣੀ ਤਨਖਾਹ ਲੈ ਰਹੇ ਹਨ। ਬਾਅਦ 'ਚ ਵਿਭਾਗ ਵਲੋਂ ਇੱਕ ਪੱਤਰ ਜਾਰੀ ਕਰਕੇ ਜਿਨ੍ਹਾਂ ਨੂੰ ਨਿਯੁਕਤੀ ਪੱਤਰ ਮਿਲ ਚੁੱਕੇ ਸਨ ਪਰ ਉਹ ਕਾਲਜਾਂ 'ਚ ਜੁਆਇਨ ਨਹੀਂ ਕਰ ਸਕੇ ਉਨ੍ਹਾਂ ਕੁਲ 462 ਸਹਾਇਕ ਪ੍ਰੋਫੈਸਰਾਂ ਦੀ ਹਾਜ਼ਰੀ ਡਾਇਰੈਕਟੋਰੇਟ ਦਫਤਰ ਵਿਖੇ ਮੰਨ ਕੇ ਉਨ੍ਹਾਂ ਦੀ ਵੀ ਹਾਜ਼ਰ ਹੋ ਚੁੱਕੇ ਅਸਿਸਟੈਂਟ ਪ੍ਰੋਫੈਸਰਾਂ ਦੇ ਨਾਲ ਹੀ ਤਨਖਾਹ ਵੱਖ-ਵੱਖ ਕਾਲਜਾਂ ਵਿੱਚ ਪਈਆਂ ਖਾਲੀ ਪੋਸਟਾਂ ਵਿਰੁੱਧ ਕਢਵਾਉਣ ਲਈ ਸਬੰਧਤ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਆਦੇਸ਼ ਦਿੱਤੇ ਗਏ ਸਨ ਪਰ ਅਜੇ ਤੱਕ ਉਨ੍ਹਾਂ ਨੂੰ ਤਨਖਾਹ ਨਹੀਂ ਮਿਲੀ।ਇਥੇ ਇਹ ਵੀ ਵਰਣਨਯੋਗ ਹੈ ਕਿ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਤੋਂ ਪਿਛਲੀਆਂ ਨੌਕਰੀਆਂ ਤੋਂ ਅਸਤੀਫੇ ਲਏ ਗਏ ਹਨ ਜਿਸ ਨਾਲ ਹੁਣ ਉਹ ਸਾਰੇ ਹੀ ਬੇਰੁਜ਼ਗਾਰ ਹੋ ਕੇ ਆਰਥਿਕ ਤੰਗੀ 'ਚੋਂ ਲੰਘ ਰਹੇ ਹਨ। ਕਈਆਂ ਨੇ ਕਈ ਕਿਸਮ ਦੇ ਲੋਨ ਵਗੈਰਾ ਲਏ ਹੋਣਗੇ, ਉਨ੍ਹਾਂ ਦੀਆਂ ਕਿਸ਼ਤਾਂ ਉਹ ਕਿਵੇਂ ਭਰਨਗੇ।ਇਸ ਤਰ੍ਹਾਂ ਇਹ ਤਾਣਾ ਬਾਣਾ ਉਲਝਿਆ ਪਿਆ ਹੈ, ਹੁਣ ਇਹ ਇੱਕ ਗੰਭੀਰ ਮੁੱਦਾ ਬਣ ਗਿਆ ਸੀ। ਤਕਰੀਬਨ ਅੱਧੇ ਸਫਲ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਨਹੀਂ ਮਿਲ ਸਕੇ ਉਹ ਅਜੇ ਆਪਣੇ ਭਵਿੱਖ ਲਈ ਚਿੰਤਾਗ੍ਰਸ਼ਤ ਸਨ।ਇਹ ਪੀੜ੍ਹਤ ਸਿਲੈਕਟਿਡ ਉਮੀਦਵਾਰ ਪਿਛਲੇ ਲੰਬੇ ਸਮੇਂ ਤੋਂ ਸਿੱਖਿਆ ਮੰਤਰੀ ਦੇ ਪਿੰਡ ਪੱਕਾ ਮੋਰਚਾ ਲਾਈ ਬੈਠੇ ਸਨ।ਪਰ ਅੱਜ ਇਨ੍ਹਾਂ ਪੀੜ੍ਹਤ ਸਿਲੈਕਟਿਡ ਉਮੀਦਵਾਰਾਂ ਲਈ ਮਾਣਯੋਗ ਹਾਈਕੋਰਟ ਦੇ ਡਬਲ ਬੈਂਚ ਨੇ ਜੋ ਫੈਸ਼ਲਾ ਰਿਜ਼ਰਵ ਰੱਖਿਆ ਹੋਇਆ ਸੀ ਅੱਜ ਸਿੰਗਲ ਬੈਂਚ ਦੇ ਫੈਸ਼ਲੇ ਨੂੰ ਰੱਦ ਕਰਦੇ ਹੋਏ ਕੀਤੀ ਭਰਤੀ ਨੂੰ ਹਰੀ ਝੰਡੀ ਦੇਣ ਨਾਲ ਸਬੰਧਤ ਪਰਿਵਾਰਾਂ 'ਚ ਖੁਸ਼ੀ ਦੀ ਲਹਿਰ ਦਿਖਾਈ ਦੇ ਰਹੀ ਹੈ, ਜੋ ਕਿ ਸੱਚਮੁੱਚ ਹੀ ਹੁਣ ਉਚੇਰੀ ਸਿੱਖਿਆ ਦੇ ਸੁਧਾਰ ਵੱਲ ਸ਼ੁਰੂਆਤ ਹੋਵੇਗੀ।ਆਸ ਹੈ ਸਰਕਾਰ ਇਸ ਫੈਸ਼ਲੇ ਦੀ ਇੰਤਜ਼ਾਰ ਕਰ ਰਹੀ ਸੀ, ਹੁਣ ਸਰਕਾਰ ਜ਼ਲਦੀ ਹੀ ਕਾਗਜ਼ੀ ਪ੍ਰਕ੍ਰਿਆ ਵਿਸਥਾਰ ਨਾਲ ਪਹਿਲਾਂ ਹੀ ਕਈ ਵਿਸ਼ਿਆਂ ਦੀ ਤਕਰੀਬਨ ਮੁਕੰਮਲ ਹੋ ਗਈ ਸੀ, ਕਈ ਵਿਸ਼ਿਆਂ ਦੀਆਂ ਨਿਯੁਕਤੀ ਲਿਸਟਾਂ ਸਾਈਟ ਤੋਂ ਕੋਰਟ ਦੇ ਪਹਿਲੇ ਫੈਸਲੇ ਮੁਤਾਬਕ ਚੁੱਕ ਦਿੱਤੀਆਂ ਸਨ, ਉਨ੍ਹਾਂ ਦੀ ਜੋ ਅਧੂਰੀ ਪ੍ਰਕ੍ਰਿਆ ਨੂੰ ਪਹਿਲਾਂ ਹੀ ਮੁਕੰਮਲ ਕਰ ਲਿਆ ਜਾਵੇ। ਆਸ ਹੈ ਸਰਕਾਰ ਫੈਸਲੇ ਦੀ ਕਾਪੀ ਆਉਣ ਨਾਲ ਲੰਬੇ ਸਮੇਂ ਤੋਂ ਮਾਨਸਿਕ ਪੀੜ੍ਹਾ 'ਚੋਂ ਲੰਘ ਰਹਿਆਂ ਨੂੰ ਫੌਰੀ ਨਿਯੁਕਤੀ ਪੱਤਰ ਦੇ ਕੇ ਕਾਲਜਾਂ 'ਚ ਭੇਜ ਕੇ ਸਿੱਖਿਆ ਦੇ ਸੁਧਾਰ ਵੱਲ ਨੂੰ ਹੋਰ ਨਵਾਂ ਕਦਮ ਪੁੱਟੇਗੀ। ਇਸ ਤਰ੍ਹਾਂ ਸਰਕਾਰ ਦੇ ਕੇਸ ਨੂੰ ਹੱਕ ਵਿੱਚ ਕਰਾਉਣ ਲਈ ਸਰਕਾਰ ਦੀ ਵੱਡੀ ਕਾਮਯਾਬੀ ਹੈ ਜਿਸ ਨਾਲ ਨੋਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਵੀ ਪੂਰਾ ਹੋਵੇਗਾ। ਇਸ ਸਫਲਤਾ ਦੇ ਕਾਰਜ ਲਈ ਸਰਕਾਰ ਵਧਾਈ ਦੀ ਪਾਤਰ ਹੈ।

# ਸਾਰਥਕ ਜੀਵਨ ਤੇ ਸਾਦਗੀ

ਮਨੁੱਖ ਮੁੱਢ ਕਦੀਮ ਤੋਂ ਆਪਣਾ ਜੀਵਨ ਨਿਰਵਾਹ ਕਰਨ ਦੇ ਲਈ ਕਈ ਤਰ੍ਹਾਂ ਦੇ ਉਪਰਾਲੇ ਕਰਦਾ ਹੈ ਅਤੇ ਵਸਤੂਆਂ ਦਾ ਸੰਗ੍ਰਹਿ ਕਰਦਾ ਹੈ, ਜੋ ਕਿ ਹਰ ਕਿਸੇ ਪ੍ਰਾਣੀ ਦੇ ਜੀਵਨ -ਗੁਜ਼ਾਰੇ ਲਈ ਜ਼ਰੂਰੀ ਵੀ ਹੁੰਦਾ ਹੈ। ਪਰ ਕਈ ਵਾਰ ਮਨੁੱਖ ਝੂਠੇ ਦਿਖਾਵੇ, ਝੂਠੀ ਬਨਾਵਟ ਅਤੇ ਫੋਕੀ ਸ਼ੌਹਰਤ ਦੇ ਵੱਸ ਪੈ ਕੇ ਸਾਦਗੀ ਤੋਂ ਕੋਹਾਂ ਦੂਰ ਚਲਾ ਜਾਂਦਾ ਹੈ ਅਤੇ ਭ੍ਰਮਿਤ ਹੋ ਕੇ ਰਹਿ ਜਾਂਦਾ ਹੈ। ਸਾਦਗੀ ਇੱਕ ਗੁਣ, ਗਹਿਣਾ ਅਤੇ ਇੱਕ ਸੱਭਿਅਕ ਸਲੀਕਾ ਹੈ। ਮਨੁੱਖ ਵੱਲੋਂ ਸਾਦਗੀ ਪਾਸੋਂ ਵਿਮੁੱਖਤਾ ਹੋਣ ਸਦਕਾ ਮਨੁੱਖ ਨੂੰ ਸਾਦਾ ਜੀਵਨ ਜਿਉਣ ਅਤੇ ਇੱਕ ਸ਼ਾਂਤ ਚਿੱਤ ਹੋ ਕੇ ਰਹਿਣ ਤੇ ਜਿਊਣ ਵਿੱਚ ਰੁਕਾਵਟ ਖੜ੍ਹੀ ਕਰ ਦਿੰਦਾ ਹੈ। ਅੱਜ ਦੇ ਮਨੁੱਖਾ ਦੌਰ ਵਿੱਚ ਹਰ ਕੋਈ ਦੇਖਾ - ਦੇਖੀ ਵਾਧੂ ਅਤੇ ਬੇਲੋੜੇ ਖ਼ਰਚਿਆਂ, ਦਿਖਾਵਿਆਂ ਤੇ ਝੂਠੀ ਸ਼ੌਹਰਤ ਵਿੱਚ ਪੈ ਕੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਸਹੇੜ ਰਿਹਾ ਹੈ, ਜੋ ਕਿ ਸਾਡੇ ਬਜ਼ੁਰਗਾਂ ਤੇ ਮਹਾਂਪੁਰਸ਼ਾਂ ਦੀਆਂ ਦਿੱਤੀਆਂ ਸਿੱਖਿਆਵਾਂ ਤੋਂ ਬੇਮੁੱਖਤਾ ਦਰਸਾਉਂਦੀ ਹੈ। ਇਹੀ ਸਾਦਗੀ ਤੋਂ ਵਧੀ ਹੋਈ ਦੂਰੀ ਕਦੇ ਨਾ ਕਦੇ ਸਾਡੇ ਜੀਵਨ ਵਿੱਚ ਸਾਡੇ ਦੁੱਖਾਂ, ਸਾਡੀਆਂ ਸਮੱਸਿਆਵਾਂ, ਖੁਦਕੁਸ਼ੀਆਂ ਤੇ ਘਰੇਲੂ ਤਣਾਅ ਨੂੰ ਜਨਮ ਦੇ ਕੇ ਮਨੁੱਖਾ ਜੀਵਨ ਵਿੱਚ ਨੀਰਸਤਾ ਭਰ ਦਿੰਦੀ ਹੈ। ਬਾਬਾ ਫਰੀਦ ਜੀ ਨੇ ਅਲੌਕਿਕ ਸ਼ਬਦਾਂ ਵਿੱਚ ਕਿਹਾ ਹੈ, ÷ ਫਰੀਦਾ ਜਿਨ੍ਹਾਂ ਖਾਧੀਆਂ ਚੋਪੜੀਆਂ ਘਣੇ ਸਹਿਣਗੇ ਦੁੱਖ। ਬਾਬਾ ਫ਼ਰੀਦ ਜੀ ਨੇ ਆਪਣੀ ਪਵਿੱਤਰ ਪਾਵਨ ਬਾਣੀ ਵਿੱਚ ਸਾਨੂੰ ਝੂਠੇ ਦਿਖਾਵਿਆਂ ਤੇ ਫੋਕੀਆਂ ਸ਼ੌਹਰਤਾਂ ਤੋਂ ਗੁਰੇਜ਼ ਕਰਨ ਲਈ ਸੁਚੇਤ ਕੀਤਾ ਅਤੇ ਸਾਦਗੀ ਵੱਲ ਪ੍ਰੇਰਿਤ ਕੀਤਾ ਹੈ। ਅੱਜ ਜੇਕਰ ਮਨੁੱਖ ਬੇਲੋੜੀਆਂ ਵਸਤੂਆਂ ਦੇ ਸੰਗ੍ਰਹਿ ਤੋਂ ਬਚ ਸਕੇ ਤਾਂ ਬਹੁਤ ਹੀ ਚੰਗਾ ਅਤੇ ਸਹੀ ਉਪਰਾਲਾ ਹੋ ਸਕਦਾ



ਹੈ; ਕਿਉਂਕਿ ਭੌਤਿਕ ਵਸਤੂਆਂ ਦੀ ਚਾਹਤ, ਭਰਮਾਰ ਦੀ ਇੱਛਾ ਦੀ ਗਲਤਾਨ ਵਿੱਚ ਫਸਿਆ ਹੋਇਆ ਮਨੁੱਖ ਦੁੱਖਾਂ ਰੂਪੀ ਦਲਦਲ ਦੇ ਵਿੱਚ ਧੱਸਦਾ ਹੀ ਜਾਂਦਾ ਹੈ, ਜੋ ਕਿ ਉਸ ਦੀ ਜ਼ਿੰਦਗੀ ਦੀ ਸ਼ਾਂਤੀ, ਸਕੂਨ, ਖ਼ੁਸ਼ੀ, ਖੇੜੇ, ਮਾਨਸਿਕ ਤੰਦਰੁਸਤੀ ਅਤੇ ਰੂਹਾਨੀਅਤ ਤੋਂ ਉਸ ਨੂੰ ਦੂਰ ਕਰ ਦਿੰਦੇ ਹਨ। ਅਜੋਕਾ ਮਨੁੱਖ ਜੇਕਰ ਸਾਦਗੀ ਦਾ ਪੱਲਾ ਫੜ ਲਵੇ ਤਾਂ ਕਿਤੇ ਨਾ ਕਿਤੇ ਕੁਦਰਤੀ ਵਰਤਾਰੇ ਤੇ ਸਾਡੇ ਵਾਤਾਵਰਨ ਵਿੱਚ ਵੀ ਆਈ ਹੋਈ ਗਿਰਾਵਟ ਦੂਰ ਹੋ ਸਕਦੀ ਹੈ ਅਤੇ ਮਨੁੱਖ, ਪੰਛੀ - ਪ੍ਰਾਣੀ ਤੇ ਕਾਇਨਾਤ ਦੇ ਜੀਵ - ਜੰਤੂ ਖੁਸ਼ਨੁਮਾ ਮਾਹੌਲ ਵਿੱਚ ਵਿਚਰ ਸਕਦੇ ਹਨ। ਅੱਜ ਮਨੁੱਖਤਾ ਵਿੱਚ ਜਿੰਨੀਆਂ ਸਮੱਸਿਆਵਾਂ ਪ੍ਰੇਸ਼ਾਨੀਆਂ ਵੱਧ ਰਹੀਆਂ ਹਨ ਉਨ੍ਹਾਂ ਦੇ ਪਿੱਛੇ ਕਿਤੇ ਨਾ ਕਿਤੇ ਅਸੀਂ ਸਾਦਗੀ ਤੋਂ ਵਿਮੁੱਖ ਹੋ ਕੇ ਖੁਦ ਹੀ ਇਨ੍ਹਾਂ ਪ੍ਰੇਸ਼ਾਨੀਆਂ ਦਾ ਕਾਰਨ ਬਣੇ ਹੋਏ ਹਾਂ। ਸਾਦੇ ਵਿਆਹ, ਸਾਦੇ ਭੋਗ, ਸਾਦੇ ਦਿਨ - ਤਿਉਹਾਰ,

ਮਾਸਟਰ ਸੰਜੀਵ ਧਰਮਾਣੀ
9478561356

ਸਾਦੇ ਰਸਮਾਂ - ਰਿਵਾਜ, ਸਾਦੇ ਜਨਮ ਦਿਨ ਆਦਿ ਬੜੀ ਸਾਦਗੀ ਦੇ ਨਾਲ਼ ਮਨਾਉਣੇ ਅਤੇ ਨਿਭਾਉਣੇ ਕਦੇ ਨਾ ਕਦੇ ਕਿਤੇ ਨਾ ਕਿਤੇ ਸਾਡੇ ਹਿੱਤ ਵਿੱਚ ਹੀ ਹੁੰਦੇ ਹਨ। ਸਾਦਾ ਪਹਿਰਾਵਾ, ਸਾਦਾ ਰਹਿਣ - ਸਹਿਣ, ਸਾਦਾ ਬੋਲਬਾਣੀ ਤੇ ਸਾਦਾ ਖਾਣ - ਪੀਣ ਸਾਡੇ ਲਈ ਖੁਸ਼ੀ ਅਤੇ ਸ਼ਾਂਤੀ ਦਾ ਸਾਧਨ ਬਣਦਾ ਹੈ। ਸਾਦਗੀ ਦਾ ਗਹਿਣਾ ਪਾਉਣ ਤੇ ਅਪਣਾਉਣ ਦੇ ਲਈ ਇਹ ਵੀ ਜ਼ਰੂਰੀ ਹੈ ਕਿ ਸਾਡੀ ਸੋਚ ਵਿਸ਼ਾਲ ਹੋਵੇ ਅਤੇ ਸਾਨੂੰ ਆਪਣੇ ਆਪ ਨੂੰ ਖੁਦ ਨੂੰ ਦੂਨੀਆਂ ਦੇ ਨਜ਼ਰੀਏ ਤੋਂ ਦੇਖਣਾ ਨਹੀਂ ਚਾਹੀਦਾ ਅਤੇ ÷ ਦੁਨੀਆ ਕੀ ਕਹੇਗੀ ? ÷ ਵਾਲੀ ਸੋਚ ਤੋਂ ਗੁਰੇਜ਼ ਕਰਨਾ ਸਹੀ ਹੋ ਸਕਦਾ। ਸਾਦਗੀ ਸਬੰਧੀ ਬਜ਼ੁਰਗਾਂ ਦਾ ਕਥਨ ਹੈ, ÷ ਦੂਜਿਆਂ ਦੇ ਮਹਿਲ ਮੁਨਾਰੇ ਦੇਖ ਕੇ ਆਪਣੀ ਝੁੱਗੀ ਨੂੰ ਅੱਗ ਨਹੀਂ ਲਗਾਉਣੀ ਚਾਹੀਦੀ ÷ ਅਤੇ ÷ ਚਾਦਰ ਦੇਖ ਕੇ ਹੀ ਪੈਰ ਪਸਾਰਨੇ ਚਾਹੀਦੇ ਹਨ ÷। ਸੱਚਮੁੱਚ ਸਾਦਗ਼ੀ ਸੱਚ ਦਾ ਉਹ ਬੂਹਾ ਹੈ ਜੋ ਸਾਨੂੰ ਦੁੱਖਾਂ - ਤਕਲੀਫ਼ਾਂ ਤੋਂ ਤਾਂ ਬਚਾਉਂਦਾ ਹੀ ਹੈ, ਸਗੋਂ ਸਾਨੂੰ ਪਾਪ - ਕਰਮਾਂ ਤੋਂ ਵੀ ਬਚਾ ਕੇ ਰੱਖਦਾ ਹੈ। ਇਨਸਾਨ ਅਤੇ ਇਨਸਾਨੀਅਤ ਦੇ ਲਈ ਸਾਦਗੀ ਦਾ ਧਾਰਨੀ ਹੋਣਾ ਬਹੁਤ ਜ਼ਰੂਰੀ ਹੈ, ਤਦ ਹੀ ਅਸੀਂ ਮਹਾਂਪੁਰਖਾਂ ਦੇ ਕਥਨ ÷ ਸਾਦਾ ਜੀਵਨ - ਉੱਚ ਵਿਚਾਰ÷ @ਤੇ ਪਹਿਰਾ ਦੇ ਸਕਦੇ ਹਾਂ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 271

Website: www.preetnama.com Email preetnamausa@gmail.com

27 SEPT TO 03 OCT , 2024





# ਪ੍ਰੀਤ ਫੁਲਵਾੜੀ

## ਪੁਰਾਣੇ ਜ਼ਮਾਨੇ

ਮੰਜ਼ੇ ਦੀ ਬਾਹੀ ਨਾਲ ਹੁੰਦਾ ਸੀ
ਕੱਪੜਾ ਇੱਕ ਲਮਕਾਇਆ,
ਦੋਵੇਂ ਕੰਨੀਆਂ ਬੰਨ ਕੇ ਉਸ ਨੂੰ
ਝੂਲਾ ਹੁੰਦਾ ਬਣਾਇਆ।
ਦੇਸੀ ਝੂਲਾ ਸਮਾਂ ਪੁਰਾਣਾ ਅੱਜ
ਵੀ ਚੇਤੇ ਆਵੇ,
ਵਿੱਚ ਝੂਲੇ ਦੇ ਪਾ ਬੀਬੀ ਮੈਨੂੰ
ਰੱਸੀ ਨਾਲ ਹਲਾਵੇ।
ਮੂੰਹ ਵਿੱਚ ਮੇਰੇ ਨਿਪਲ ਪਾ ਕੇ
ਰੋਣੋ ਚੁੱਪ ਕਰਾਉਂਦੀ,
ਇੱਕ ਛਣਕਣਾ ਉੱਪਰ ਬੰਨ ਕੇ
ਵਾਰ ਵਾਰ ਛਣਕਾਉਂਦੀ।
ਉਹ ਝੂਲੇ ਹੁਣ ਨੀ ਰਹਿ ਗਏ
ਨਾ ਹੀ ਵਿੱਚ ਕੋਈ ਪੈਂਦਾਂ,
ਇਹ ਗੱਲ ਮੈਨੂੰ ਬੀਬੀ ਦੱਸਦੀ
ਪਾਪਾ ਵੀ ਹੈ ਕਹਿੰਦਾ।
ਨਵੀਆਂ ਗੁੱਡੀਆਂ ਨਵੇਂ ਪਟੋਲੇ
ਉਹ ਜਮਾਨੇ ਲੱਦਗੇ,
ਰੇਡੀਮੇਡ ਬਜ਼ਾਰੋਂ ਆ ਕੇ ,ਪੱਤੋ,
ਵਿੱਚ ਘਰਾਂ ਦੇ ਸਜਗੇ।
**ਹਰਪ੍ਰੀਤ ਪੱਤੋ**
94658-21417

## ਧੁੰਦ

ਹੇ ਮੇਰੇ ਦੇਸ਼ ਦੇ ਦੱਬੇ,
ਕੁੱਚਲੇ ਤੇ ਲਤਾੜੇ ਹੋਏ ਲੋਕੋ
ਤੁਹਾਡੇ ਮਨਾਂ @ਚ
ਅਗਿਆਨਤਾ ਕਾਰਨ
ਚਿਰਾਂ ਤੋਂ
ਵਹਿਮਾਂ ਦੀ ਧੁੰਦ
ਫੈਲੀ ਹੋਈ ਹੈ।
ਇਸ ਧੁੰਦ ਨੂੰ
ਹਟਾਣ ਦੀ ਖ਼ਾਤਰ
ਤੁਸੀਂ ਕਦੇ ਅੰਨਪੜ੍ਹ ਸਾਧਾਂ ਦੇ
ਡੇਰਿਆਂ ਦੇ ਚੱਕਰ ਲਗਾਂਦੇ ਹੋ,
ਕਦੇ ਜੋਤਸ਼ੀਆਂ ਨੂੰ
ਹੱਥ ਵਿਖਾਂਦੇ ਹੋ
ਤੇ ਕਦੇ ਆਪੇ ਬਣੇ ਗੁਰੂਆਂ ਤੋਂ
ਨਾਮ ਦਾਨ ਲੈਂਦੇ ਹੋ।
ਝੱਲਿਉ, ਇਹ ਧੁੰਦ ਤਾਂ ਹੀ
ਹਟ ਸਕਦੀ ਹੈ,
ਜੇ ਕਰ ਤੁਹਾਡੇ ਕੋਲ
ਅੱਖਰ ਗਿਆਨ ਦਾ ਸੂਰਜ ਹੋਵੇ।
ਇਹ ਸੂਰਜ ਤੁਹਾਡੇ ਮਨਾਂ ਵਿੱਚ
ਪ੍ਰਕਾਸ਼ ਹੀ ਪ੍ਰਕਾਸ਼ ਕਰ ਦੇਵੇਗਾ।
ਇਸ ਪ੍ਰਕਾਸ਼ ਨਾਲ ਤੁਸੀਂ
ਸਹੀ, ਗਲਤ ਦੀ
ਪਛਾਣ ਕਰ ਸਕੋਗੇ
ਤੇ ਅੰਨਪੜ੍ਹ ਸਾਧਾਂ, ਜੋਤਸ਼ੀਆਂ
ਤੇ ਆਪੇ ਬਣੇ ਗੁਰੂਆਂ ਵਲੋਂ
ਕੀਤੀ ਜਾਂਦੀ ਲੁੱਟ ਤੋਂ ਬਚ ਸਕੋਗੇ ।
**ਮਹਿੰਦਰ ਸਿੰਘ ਮਾਨ**
ਫੋਨ 9915803554

## ਮੇਰਾ ਦੇਸ਼ ਮਹਾਨ

ਮੇਰਾ ਦੇਸ਼ ਮਹਾਨ ਓਏ ਲੋਕੋ !
ਮੇਰਾ ਭਾਰਤ ਦੇਸ਼ ਮਹਾਨ।
ਜਿਥੇ ਸੱਚ ਬੋਲਣ ਉੱਤੇ,
ਹੱਥਕੜੀਆਂ ਵੀ ਲੱਗ ਜਾਣ।
ਕ ?ਈਆਂ ਤੋਂ ਸੱਚ ਬੋਲ ਨੀਂ ਹੁੰਦਾ,
ਕ ?ਈਆਂ ਤੋਂ ਸੱਚ ਜ਼ਰ ਨੀਂ ਹੁੰਦਾ।
ਕ ?ਈ ਹਿੱਕ ਤਾਣ ਖੜ ਜਾਂਦੇ,
ਕੁਝ ਤੋਂ ਇਥੇ ਖੜ੍ਹ ਨੀਂ ਹੁੰਦਾ।
ਅਜ਼ਾਦ ਦੇਸ਼ ਦੇ ਅੰਦਰ,
ਤੁਸੀਂ ਵੇਖੋ ਨਾਲ ਧਿਆਨ।
ਮਾਲਕ ਦੀ ਮਰਜ਼ੀ ਮੁਤਾਬਿਕ
ਮੇਜਰ ਚਲਦਾ ਹੈ ਸੰਵਿਧਾਨ।
ਮੇਰਾ ਦੇਸ਼ ਮਹਾਨ ਓਏ ਲੋਕੋ !
ਮੇਰਾ ਭਾਰਤ ਦੇਸ਼ ਮਹਾਨ।
**ਮੇਜਰ ਸਿੰਘ ਬੁਢਲਾਡਾ**
94176 42327

## .ਗ਼ਜ਼ਲ

ਉਹ ਮਿਲੇ ਤਾਂ ਜ਼ਿੰਦਗੀ ਦੀ ਖੇਡ ਸਾਰੀ ਬਦਲ ਗਈ।
ਪੰਛੀਆਂ ਦੀ ਆਸਮਾਂ ਦੇ ਵਿਚ ਉਡਾਰੀ ਬਦਲ ਗਈ।
ਇੱਕ ਮੁਸੀਬਤ ਚੁਪ ਚਪੀਤੇ ਆ ਪਈ ਜਦ ਮੇਰੇ ’ਤੇ,
ਵੇਖਦੇ ਹੀ ਵੇਖਦੇ ਯਾਰਾਂ ਦੀ ਯਾਰੀ ਬਦਲ ਗਈ ♦
ਵੇਖਲੇ ਮੇਰੇ ਸਲੀਕੇ ਵਿਚ ਹਲੀਮੀ ਆਰਜ਼ੂ,
ਉਸੇ ਦੇ ਹੱਥਾਂ ’ਚੋਂ ਫਿਰ ਨਫ਼ਰਤ ਦੀ ਆਰੀ ਬਦਲ ਗਈ।
ਸ਼ਬਦ ਨੇ ਅਰਥਾਂ ਨੂੰ ਜਦ ਫਿਰ ਇਕ ਨਵਾਂ ਪਹਿਰਾਵਾ ਦਿਤਾ,
ਤੇਜ਼ ਘੋੜੇ ਦੌੜਦੇ ਉਪਰ ਸਵਾਰੀ ਬਦਲ ਗਈ।
ਵੇਖਿਆ ਉਸ ਨੇ ਨਜ਼ਾਰਾ ਅਸਲੀ ਕੋਹੇਤੂਰ ਦਾ,
ਚਪਕੀਆਂ ਅੱਖਾਂ ’ਚੋਂ ਫਿਰ ਅੱਖਾਂ ਦੀ ਬਾਰੀ ਬਦਲ ਗਈ।
ਤਰ ਰਿਹਾ ਸੀ ਜੋ ਬੜੇ ਆਰਾਮ ਦੇ ਨਾਲ ਜ਼ਿੰਦਗੀ,
ਆ ਗਏ ਤੂਫ਼ਾਨ ਤਾਂ ਦਰਿਆ ’ਚ ਤਾਰੀ ਬਦਲ ਗਈ।
ਉਠ ਕੇ ਅੱਗੋਂ ਕਹਿਣ ਲੱਗਾ ਮੈਂ ਤਾਂ ਬਿਲਕੁਲ ਠੀਕ ਹਾਂ,
ਵੈਦ ਨੂੰ ਕੀ ਵੇਖਿਆ ਸਾਰੀ ਬਿਮਾਰੀ ਬਦਲ ਗਈ।
ਜਿੱਤ ਦਾ ਜੋ ਫੈਸਲਾ ਮੇਰੇ ਹੀ ਹੱਕ ਵਿਚ ਹੋਣਾ ਸੀ,
ਮੀਂਹ ਪਿਆ ਤਾਂ ਖੇਡ ਵਿਚ ਮੇਰੀ ਹੀ ਵਾਰੀ ਬਦਲ ਗਈ।
ਪਤਝੜਾਂ ਦੇ ਆਣ ਕਰਕੇ ‘ਬਾਲਮਾ’ ਇੰਝ ਹੋਇਆ ਹੈ,
ਜੋ ਬਹਾਰਾਂ ਵਿਚ ਖਿੜ੍ਹੀ ਸੀ ਉਹ ਲਿਆਰੀ ਬਦਲ ਗਈ।
**ਬਲਵਿੰਦਰ ਬਾਲਮ ਗੁਰਦਾਸਪੁਰ**
ਮੋ. 98156-25409

## ਮੇਰਾ ਪਿੰਡ

ਪਿੰਡ ਅਫੀਮ ਤੇ -- ਨੇਂਤਾ ਭੁੱਕੀ ਤੇ
ਘੜੱਮ ਚੋਂਦਰੀ-----
ਯਾਂਰਾ-ਜੋਅ-ਬੰਦੇ--ਦੁੱਕੀ ਦੇ--
ਓਥੇਂ -- ਨੌਜੁਵਾਨੀ-ਰੁੱਲਦੀ-
ਜਿੱਥੇ-- ਅਕੱਲਾ ਦੇ---ਘਾਟੇ ਨੇਂ
ਚਿੱਟੀਆਂ-ਪੁਸਾਕਾਂ -ਤੇ-ਧਾਂਉਲੇ-ਝਾਂਟੇ-ਨੇ--
ਰੱਬਾ ਸੋਹਣਿਆਂ--
ਸਾਬ ਦੀ ਜਿੰਦ ਨੂੰ--
365 ਹੀ --ਸਿਆਪੇ-ਨੇਂ---
ਨੇਂਤਾ ਲਾਂਣਤੀ--ਉਜਾਂੜਾ-ਜੋਰਾਂ ਤੇ--
ਪੁੱਤ ਨੂੰ ਉਡੀਕੇ ਬਈ---
ਬੇਬੇ--ਬੈਂਠੀ---ਮੌੜਾਂ ਤੇ
ਜਿੰਦ ਜਾਂਨ ਦਾ--ਹੁੱਣ ਨਾ ਭਰੋਸਾ ਬਈਂ
ਬੜਾ-ਆਂਊਖਾ ਏਂ
ਕਮਾਂਉਣਾ ਤੋਂਸਾ--ਬਈ--( ਰੋਟੀ )-----
ਸਾਬ---ਬਿਣ-ਸੋਂਚਿਆ-
ਕਦੀ ਨਾਂ-- ਪੱਬ ਚੁੱਕੀਂਦੇ
ਪਿੰਡ ਅਫੀਮ ਤੇ----ਨੇਤਾ ਭੁੱਕੀ-ਤੇ
ਪਿੰਡ ਅਫੀਮ ਤੇ----ਨੇਤਾ ਭੁੱਕੀ-ਤੇ
**ਕੁੱਲਦੀਪ ਸਿੰਘ ਸਾਬਾ -ਮੱਰੜੀ ਕਲਾਂ**
99142--26365

## ਗ਼ਜ਼ਲ

ਤੇਰਾ ਮੇਰਾ ਅੰਬਰ ਸਾਰਾ ਯਾਦਾਂ ਵਾਲੀ ਗੋਲਕ ਵਿਚ।
ਸੂਰਜ ਚੰਨ ਤੇ ਇਕ-ਇੱਕ ਤਾਰਾ ਯਾਦਾਂ ਵਾਲੀ ਗੋਲਕ ਵਿਚ।
ਜਿਸ ਦੀ ਕੀਮਤ ਧਰਤੀ ਅੰਬਰ ਹੀਰੇ ਮੋਤੀ ਤੋਂ ਵੀਂ ਜ਼ਿਆਦਾ,
ਦੁਨੀਆਂ ਤੋਂ ਜੋ ਸਭ ਤੋਂ ਪਿਆਰਾ ਯਾਦਾਂ ਵਾਲੀ ਗੋਲਕ ਵਿਚ।
ਜਿਸ ’ਚੋਂ ਮੇਰਾ ਸਾਰਾ ਬਚਪਨ ਠਾਠ ਜਵਾਨੀ ਦਿਸਦੀ ਹੈ,
ਅੰਬਰ ਦੀ ਨੁੱਕਰ ਵਿੱਚ ਤਾਰਾ ਯਾਦਾਂ ਵਾਲੀ ਗੋਲਕ ਵਿਚ।
ਟੁਟਵਾਂ ਲੰਬਾ ਧੂੰਆਂ ਉਸ ਦੀ ਇੱਕ ਝਿਰੀ ’ਚੋਂ ਆਉਂਦਾ ਰਹਿੰਦਾ,
ਕੱਖਾਂ ਵਿਚ ਧੁਖਦਾ ਅੰਗਾਰਾ ਯਾਦਾਂ ਵਾਲੀ ਗੋਲਕ ਵਿਚ।
ਜਿੱਦਾਂ ਮੰਦਿਰ ਵਿੱਚ ਪੁਜਾਰੀ ਪੂਜਾ ਵਿੱਚ ਧਿਆਨ ਲਗਾਵੇ,
ਏਦਾਂ ਹੁੰਦਾ ਰੋਜ਼ ਗੁਜ਼ਾਰਾ ਯਾਦਾਂ ਵਾਲੀ ਗੋਲਕ ਵਿਚ।
ਅਪਣੇਂ ਸੀਨੇ ਦੇ ਕਮਰੇ ਵਿਚ ਤਾਲਾ ਲਾ ਕੇ ਰੱਖਿਆ ਹੈ,
ਬੀਤੇ ਸਮਿਆਂ ਕੋਲ ਨਜ਼ਾਰਾ ਯਾਦਾਂ ਵਾਲੀ ਗੋਲਕ ਵਿਚ।
ਤੇਰੀ ਉਲਫ਼ਤ ਵਾਲਾ ਮਾਝੀ ਇਕ ਸਹਾਰਾ ਦਿੰਦਾ ਹੈ,
ਬੇੜੀ ਚੱਪੂ ਨਹਿਰ ਕਿਨਾਰਾ ਯਾਦਾਂ ਵਾਲੀ ਗੋਲਕ ਵਿਚ।
ਮਾਸੂਮੀਅਤ ਸੰਵੇਦਨ ਸ਼ੀਲ ਸੁਭਾਅ ਦੇ ਵਿਚ ਸੱਜਿਆ ਹੋਇਆ,
ਉਂਜ ਦਾ ਉਂਜ ਹੈ ਸੱਚਾ ਲਾਰਾ ਯਾਦਾਂ ਵਾਲੀ ਗੋਲਕ ਵਿਚ।
ਤੇਰੇ ਬੀਤੇ ਹਾਸੇ ਦੀ ਫੁਲਕਾਰੀ ਤੇ ਜੋ ਅੰਕਿਤ ਹੈ,
ਡਿਗਦਾ ਨਿੱਤ ਹੀ ਹੰਝੂ ਖਾਰਾ ਯਾਦਾਂ ਵਾਲੀ ਗੋਲਕ ਵਿਚ।
ਬਾਲਮ ਸੂਰਜ ਬਣ ਕੇ ਚਮਕੇ ਤੜਕ ਸਵੇਰੇ ਅੰਬਰ ਵਿਚ,
ਜ਼ਖ਼ਮਾਂ ਦੇ ਵਿੱਚ ਇੱਕ ਸ਼ਰਾਰਾ ਯਾਦਾਂ ਵਾਲੀ ਗੋਲਕ ਵਿਚ।
**ਬਲਵਿੰਦਰ ਬਾਲਮ ਗੁਰਦਾਸਪੁਰ (ਪੰਜਾਬ)**
**ਮੋਬਾਇਲ** 98156-25409

## ਮੇਰਾ ਪੰਘੂੜਾ

ਨਾਨੀ ਨੇ ਲ਼ੈ ਕੇ ਦਿੱਤਾ ਪੰਘੂੜਾ
?ਅੱਜ ਵੀ ਚੇਤੇ ਆਉਂਦਾ।
ਬਚਪਨ ਕਿੰਨਾਂ ਪਿਆਰਾ ਹੁੰਦਾ,
ਜਦ ਕੋਈ ਯਾਦ ਕਰਾਉਂਦਾ।
ਸੀ ਸੱਤ ਰੰਗਾ ਝੂਲਾ ਮੇਰਾ ਨਾਲ
ਮੋਤੀਆਂ ਜੜਿਆ,
ਰੰਗ ਬਿਰੰਗੀਆਂ ਤਾਰਾਂ ਲਾ ਕੇ
ਨਾਲ ਸ਼ੌਂਕ ਦੇ ਮੜਿਆ।
ਬਜ਼ਾਰ ਗਿਆ ਸੀ ਨਾਨਾ ਮੇਰਾ
ਸੋਹਣਾ ਕੱਪੜਾ ਲਿਆਇਆ।
ਪੋਲੀਆਂ ਰੱਖ ਕੇ ਗੱਦੀਆਂ ਅੰਦਰ
ਮੈਨੂੰ ਉੱਪਰ ਪਾਇਆ।
ਉੱਤੇ ਉਸ ਦੇ ਛੱਤਰੀ ਲੱਗੀ ਧੁੱਪ
ਤੋਂ ਮੈਨੂੰ ਬਚਾਉਂਦੀ,
ਝੂਟੇ ਮਾਟੇ ਕਹਿ ਕਹਿ ਕੇ ਮਾਸੀ
ਖੂਬ ਹਿਲਾਉਂਦੀ।
ਹੁਣ ਤਾਂ ਮੈਂ ਹਾਂ ਵੱਡਾ ਹੋ ਗਿਆ
ਮੰਮੀ ਮੈਨੂੰ ਦੱਸਦੀ,
ਬਚਪਨ ਮੇਰੇ ਦੀਆਂ ਗੱਲਾਂ ਕਰਕੇ
ਨਾਲ ਮੇਰੇ ਹੈ ਹੱਸਦੀ।
ਪੰਘੂੜੇ ਅੰਦਰ ਹੋਰ ,ਪੱਤੋ, ਦੇ ਰੱਖੇ
ਸੀ ਕਿੰਨੇ ਖਿਡਾਉਣੇ,
ਚਿੜੀਆਂ ਤਿੱਤਲੀਆਂ ਕਈ ਰੰਗੀਆਂ,
ਨਾਲੇ ਰੌਣੇ ਭਾਉਣੇ।
**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਹੋਰ ਹਿੰਮਤ ਨੀਂ

ਸੁੱਖ ਨਾਲ ਸੀ ਵੱਡਾ ਟੱਬਰ
ਨਾਲੇ ਸਭ ਕੰਮ ਸਾਂਝੇ ਸੀ
ਫੇਰ ਵੀ ਮਾਂ ਦਾਦੀ ਦੇ
ਪਿਆਰ ਤੋਂ ਉਹ ਵਾਂਝੇ ਸੀ
ਨਾਲੇ ਰੋਟੀ ਨਾਲੇ ਗੱਲਾਂ
ਨਾਲੇ ਚੁੱਲ੍ਹੇ ਸੇਕ ਲੈਂਦੇ
ਦਾਦੇ ਤੇ ਦਾਦੀ ਨੂੰ ਉਹ
ਮਾਪਿਆਂ ਵਿਚੋਂ ਦੇਖ ਲੈਂਦੇ
ਕੈਸੀ ਉਹ ਘੜੀ ਸੀ ਆਈ
ਕਿੰਨੀਆਂ ਰਾਤਾਂ ਨਾ ਸੋਇਆ ਸੀ
ਭੂਆ ਰਾਣੀ ਦੇ ਜਾਣ ਦੇ ਪਿੱਛੋਂ
ਪਹਿਲੀ ਵਾਰ ਚੇਤੇ ਰੋਇਆ ਸੀ
ਬਾਪੂ ਦਾ ਪਿਆਰ ਵੀ ਉਹਨਾਂ
ਮਿਲਿਆ ਕਿਹੜਾ ਪੂਰਾ ਸੀ
ਅੱਧ ਵਿਚਾਲੇ ਛੱਡ ਗਿਆ
ਰਹਿ ਗਿਆ ਟੱਬਰ ਅਧੂਰਾ ਸੀ
ਬਾਪੂ ਨਾਲੇ ਬੇਬੇ ਦੀ ਵੀ
ਹਿੰਮਤ ਕਿਧਰੇ ਭੱਜ ਗਈ
ਜਿਉਂ ਮੁੱਠੀ ਚੋਂ ਰੇਤ ਖਿਸਕਦੀ
ਹੌਲੀ ਹੌਲੀ ਮੰਜੇ ਨਾਲ ਲੱਗ ਗਈ
ਕਿਸੇ ਦਾ ਵੱਧਕੇ ਕਰਕੇ ਦੇਖਿਆ
ਕਿਉਂ ਐਨਾ ਕੋਈ ਛਾਇਆ ਸੀ
ਕੋਈ ਐਸਾ ਇਲਜ਼ਾਮ ਨਾ ਬਚਿਆ
ਜੋ ਹਿੱਸੇ ਚੇਤੇ ਨਾ ਆਇਆ ਸੀ
ਕੌਣ ਪਿਆਰ ਨਾਲ ਸਮਝਾਵੇ
ਰਹੇ ਨਾ ਤਾਈ ਨਾ ਤਾਏ ਨੇ
ਮਾਫ ਕਰੀਂ ਤੂੰ ਰੱਬਾ ਇਹ
ਕਮਲੀ ਦੇ ਕਮਲੇ ਜਾਏ ਨੇ
ਛੱਡ ਰਹਿਣਦੇ ਬਹੁਤ ਹੋਈ
ਸਮਝ ਤਰਲਾ ਚਲ ਮਿੰਨਤ ਸਹੀ
ਬੱਸ ਰੱਬਾ ਹੁਣ ਹੋਰ ਸਹਿਣ ਦੀ
ਚੇਤੇ ਵਿੱਚ ਤਾਂ ਹਿੰਮਤ ਨਹੀਂ
**ਚੇਤਨ ਬਿਰਧਨੋ**
9417558971

## ਝੂਠ ਦੀ ਬੱਲੇ ਬੱਲੇ

ਸੱਚ ਨੂੰ ਸਮਝਣ ਤੇ ਮੰਨਣ ਵਾਲੇ,
ਲੋਕੋ ! ਇਥੇ ਨੇ ਟਾਂਵੇ ਟੱਲੇ।
ਝੂਠ ਦੇ ਸਾਥੀ ਬੜੇ ਨੇ ਇਥੇ,
ਤਦੇ ਝੂਠ ਦੀ ਬੱਲੇ ਬੱਲੇ !
ਸੱਚ ਬੋਲਣ ਤੇ ਭਾਂਬੜ ਮੱਚਦੇ,
ਨਾ ਝੂਠਿਆਂ ਤੋਂ ਜਾਂਦੇ ਝੱਲੇ।
@ਮੇਜਰ@ ਬੇ-ਦਲੀਲੇ ਲੋਕੀ,
ਤਾਹੀਂ ਕਰਦੇ ਪ ?ਏ ਨੇ ਹੱਲੇ।
**ਮੇਜਰ ਸਿੰਘ ਬੁਢਲਾਡਾ**
94176 42327

## ਗ਼ਜ਼ਲ

ਬਸਤੀ ਦੇ ਵਿਚ ਰਹਿਬਰ ਕਰਕੇ ਪੰਗੇ ਨੇ।
ਵੈਸੇ ਏਥੇ ਸਾਰੇ ਲੋਕੀਂ ਚੰਗੇ ਨੇ।
ਕਿਹੜਾ ਵੱਡਾ ਆਗੂ ਆਵਣ ਵਾਲਾ ਹੈ,
ਹਾਰ ਪਿਰੋ ਕੇ ਸੂਲੀ ਤੇ ਫੁੱਲ ਟੰਗੇ ਨੇ।
ਪਤਝੜ ਦੀ ਕੁੜਮਾਈ ਹੋਵਣ ਵਾਲੀ ਹੈ,
ਧੁੱਪਾਂ ਕੋਲੋਂ ਛਾਵਾਂ ਦੇ ਰੰਗ ਸੰਗੇ ਨੇ।
ਤੇਰੀ ਪਿਆਸ ਬੁਝਾਉਣ ਦੀ ਇਕ ਗ਼ਲ਼ਤੀ ਹੈ,
ਸ਼ਹਿਰ ’ਚ ਚਾਰ ਚੁਫ਼ੇਰੇ ਹੋਏ ਦੰਗੇ ਨੇ।
ਕੌਣ ਦਰੋਣਾਚਾਰੇ ਅੱਜ ਵੀ ਬਿਹਬਲ ਹੈ,
ਫਿਰ ਏਕਲਵੇ ਤੋਂ ਅੰਗੂਠੇ ਮੰਗੇ ਨੇ।
ਸੂਈ ਮੂਈ ਦੀ ਹੁਣ ਦੰਦਲ ਟੁੱਟਣੀ ਨਈਂ,
ਨੀਵੀਂ ਪਾ ਉਹ ਕੰਨ ਅੱਖੀਆਂ ’ਚੋਂ ਸੰਗੇ ਨੇ।
ਰੰਗਾਂ ਨੂੰ ਤਹਿਜ਼ੀਬ ਦੀ ਰੰਗਤ ਦੇਣੀ ਸੀ,
ਲਲਾਰੀ ਨੇ ਖ਼ੂਨ ਦੇ ਵਿਚ ਹੱਥ ਰੰਗੇ ਨੇ।
ਸੂਰਜ ਕਮਲਾ ਰਮਲਾ ਹੋਇਆ ਫਿਰਦਾ ਹੈ,
ਕਿਸ ਨੇ ਲਾਲ ਪਰਾਂਦੇ ਕਿੱਲੀ ਟੰਗੇ ਨੇ।
ਤਿਤਲੀਆਂ ’ਤੇ ਏਨਾਂ ਮਾਣ ਵੀ ਚੰਗਾ ਨਈਂ,
ਕਿਹੜਾ ਕਹਿੰਦਾ ਭੌਰੇ ਸਿਰਫ਼ ਲਫ਼ੰਗੇ ਨੇ।
ਬਾਲਮ ਸੂਲੀ ਨੂੰ ਚੁੰਮ ਕੇ ਆਜ਼ਾਦੀ ਲਈ,
ਅਪਨੀ ਹੋਂਦ ਬਣਾਈ ਇੰਝ ਤਿਰੰਗੇ ਨੇ।
**ਬਲਵਿੰਦਰ ਬਾਲਮ ਗੁਰਦਾਸਪੁਰ ਪੰਜਾਬ**
**ਮੋਬਾਇਲ** 98156-25409

## ਡਾਕਟਰ ਮੌਮਿਤਾ

ਬੇਟੀ ਬਚਾਓ ਬੇਟੀ ਪੜ੍ਹਾਓ ਵਾਲਾ ਨਾਅਰਾ
ਠੁੱਸ ਹੋ ਗਿਆ
ਆਜ਼ਾਦ ਭਾਰਤ ਵਿੱਚ ਜਾਨ ਬਚਾਉਣ ਵਾਲਾ ਹੀ
ਲੁੱਟ ਹੋ ਗਿਆ
ਸੁਪਨਿਆਂ ਦੀ ਉਡਾਣ ਲਈ ਹਾਲੇ ਖ਼ੰਭ ਹੀ
ਫੈਲਾਏ ਸੀ
ਭੇੜੀਆਂ ਦੇ ਰਾਜ ਵਿੱਚ ਮੌਮਿਤਾ ਦਾ ਗਲਾ
ਘੁੱਟ ਹੋ ਗਿਆ
ਸਾਰਾ ਜੱਗ ਹਿੱਲ ਗਿਆ ਘਿਣੌਨੇ
ਅਪਰਾਧ ਨਾਲ
ਸੰਘ ਪਾੜ ਪਾੜ ਭੌਂਕਣ ਵਾਲਾ ਕਿਉਂ
ਬੁੱਤ ਹੋ ਗਿਆ ?
ਲੱਖਾਂ ਮੌਮਿਤਾ ਇੰਨਸਾਫ ਲਈ
ਵਿਲਕਦੀਆਂ
ਪੈਸੇ ਨਾਲ ਕਨੂੰਨ ਦਾ ਲੱਕ
ਟੁੱਟ ਹੋ ਗਿਆ
ਕੌਣ ਕਦੋਂ ਕਿੱਥੇ ਕਿਵੇਂ
ਦੇਉ ਇੰਨਸਾਫ ?
ਅੰਤ ਇਹੀ ਸਵਾਲ ਦਿਲੋਂ
ਉੱਠ ਹੋ ਗਿਆ
ਫੂਲਨ ਦੇਵੀ ਵਾਂਗ ਖੁਦ ਲੈਣਾ
ਪਉ ਇੰਨਸਾਫ਼
ਕਲੇਰ ਅਣਖੀ ਨਾਰੀਆਂ ਦਾ
ਜੁੱਟ ਹੋ ਗਿਆ।
**ਹੰਸ ਕਲੇਰ ਦੁਗਾਲ**
9530570638

# Preetnama

# ਪ੍ਰੀਤਨਾਮਾ

ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 271

Website: www.preetnama.com Email preetnamausa@gmail.com

27 SEPT TO 03 OCT , 2024



No body have time to watch TV Advertisement
No body have time to read Physical newspapers

## It's social time.

Online News, Advertisement, Promotion Anytime anywhere.

**Doesn't matter where are you.**

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on
WhatsApp or email us. We will call you back.

**Contact immediately**

+1 201-312-4180,+1 917-328-8436

www.preetnama.com, www.preetnews.com
Email- preetnamausa@gmail.com